ਸੋਮਵਾਰ, 15 ਸਤੰਬਰ, 2025

31 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 105

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • MONDAY, 15 SEPTEMBER, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12


## ਗੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ ਲੰਡਨ 'ਚ ਡੇਢ ਲੱਖ ਲੋਕਾਂ ਦਾ ਵਿਖਾਵਾ



ਟੌਮੀ ਰੌਬਿਨਸਨ

**ਲੰਡਨ** : ਬਰਤਾਨੀਆ 'ਚ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਵਧਦੀ ਆਬਾਦੀ ਖਿਲਾਫ ਇੱਥੇ ਸਨਿੱਚਰਵਾਰ ਕਰੀਬ ਡੇਢ ਲੱਖ ਲੋਕਾਂ ਨੇ ਵਿਖਾਵਾ ਕੀਤਾ।

'ਯੂਨਾਈਟ ਦਾ ਕਿੰਗਡਮ' ਨਾਂਅ ਦੇ ਪ੍ਰੋਟੈਸਟ ਦੀ ਅਗਵਾਈ ਪ੍ਰਵਾਸੀ ਵਿਰੋਧੀ ਆਗੂ ਟੌਮੀ ਰੌਬਿਨਸਨ ਨੇ ਕੀਤੀ। ਇਸ ਨੂੰ ਦੇਸ਼ ਦਾ ਸਭ ਤੋਂ ਵੱਡਾ ਦੱਖਣਪੰਥੀ ਵਿਖਾਵਾ ਮੰਨਿਆ ਜਾ ਰਿਹਾ ਹੈ।

ਇਸ ਪ੍ਰੋਟੈਸਟ ਵਿੱਚ ਟੈਸਲਾ ਦਾ ਮਾਲਕ ਐਲਨ ਮਸਕ ਵੀ ਵੀਡੀਓ ਰਾਹੀਂ ਸ਼ਾਮਲ ਹੋਇਆ। ਉਸ ਨੇ ਟੌਮੀ ਨਾਲ ਗੱਲ ਕਰਦਿਆਂ ਕਿਹਾ, 'ਹਿੰਸਾ ਤੁਹਾਡੇ ਕੋਲ ਆ ਰਹੀ ਹੈ ਜਾਂ ਤਾਂ ਲੜੋ ਜਾਂ ਮਰੋ।' ਮਸਕ ਨੇ ਬਰਤਾਨਵੀ ਸੰਸਦ ਭੰਗ ਕਰਨ ਤੇ ਸਰਕਾਰ ਬਦਲਣ ਦੀ ਗੱਲ ਵੀ ਕਹੀ। ਵਿਖਾਵੇ ਵਿੱਚ ਸ਼ਾਮਲ ਫਰਾਂਸ ਦੇ ਦੱਖਣਪੰਥੀ ਸਿਆਸਤਦਾਨ ਐਰਿਕ ਜ਼ੇਮੌ ਨੇ ਕਿਹਾ ਕਿ ਫਰਾਂਸ ਵਿੱਚ ਵੀ ਪ੍ਰਵਾਸੀ ਕਬਜ਼ੇ ਕਰੀ ਜਾ ਰਹੇ ਹਨ। ਉਸ ਨੇ ਕਿਹਾ, 'ਜਿਹੜੀਆਂ ਸਾਡੀਆਂ ਬਸਤੀਆਂ ਹੁੰਦੀਆਂ ਸਨ, ਉੱਥੇ ਦੇ ਲੋਕ ਸਾਨੂੰ ਬਸਤੀ ਬਣਾ ਰਹੇ ਹਨ।' ਟੌਮੀ ਨੇ ਕਿਹਾ, 'ਪ੍ਰਵਾਸੀਆਂ ਦੀ ਗੱਲ ਅਦਾਲਤਾਂ ਬਰਤਾਨਵੀਆਂ ਨਾਲੋਂ ਵੱਧ ਸੁਣਦੀਆਂ ਹਨ, ਜਦਕਿ ਦੇਸ਼ ਬਰਤਾਨਵੀਆਂ ਨੇ ਬਣਾਇਆ।'

ਪ੍ਰੋਟੈਸਟ ਦੌਰਾਨ ਜਦੋਂ ਸ਼ਹਿਰ ਵਿੱਚ ਹਿੰਸਾ ਹੋ ਰਹੀ ਸੀ ਤਾਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਆਪਣੇ ਬੇਟੇ ਨਾਲ ਐਮੀਰੇਟਸ ਸਟੇਡੀਅਮ ਵਿੱਚ ਫੁੱਟਬਾਲ ਮੈਚ ਦੇਖ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਿਆ ਜਾਵੇ। ਇਸ ਸਾਲ 28 ਹਜ਼ਾਰ ਤੋਂ ਵੱਧ ਪ੍ਰਵਾਸੀ ਇੰਗਲਿਸ਼ ਚੈਨਲ ਦੇ ਰਸਤੇ ਕਿਸ਼ਤੀਆਂ ਵਿੱਚ ਬਰਤਾਨੀਆ ਪੁੱਜੇ ਹਨ।

ਇਸ ਪ੍ਰੋਟੈਸਟ ਦੇ ਮੁਕਾਬਲੇ ਫਾਸ਼ੀਵਾਦ ਖਿਲਾਫ ਸਨਿੱਚਰਵਾਰ ਹੀ 'ਸਟੈਂਡ ਆਪ ਟੂ ਰੇਸਿਜ਼ਮ' ਨਾਮੀ ਵਿਖਾਵਾ ਵੀ ਹੋਇਆ, ਜਿਸ ਵਿੱਚ ਲਗਭਗ ਪੰਜ ਹਜ਼ਾਰ ਲੋਕ ਸ਼ਾਮਲ ਸਨ। ਦੋਹਾਂ ਗਰੁੱਪਾਂ ਵਿਚਾਲੇ ਟਕਰਾਅ ਟਾਲਣ ਲਈ ਪੁਲਸ ਨੇ ਘੇਰਾਬੰਦੀ ਕੀਤੀ ਹੋਈ ਸੀ। ਪੁਲਸ ਨੇ ਦੱਸਿਆ ਕਿ ਟੌਮੀ ਦੇ ਮਾਰਚ ਦੌਰਾਨ ਕੁਝ ਲੋਕਾਂ ਨੇ ਪੁਲਸ ਘੇਰਾ ਤੋੜਨ ਕੇ ਵਿਰੋਧੀ ਗਰੁੱਪ ਵੱਲ ਵਧਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਈ ਪੁਲਸ ਵਾਲਿਆਂ 'ਤੇ ਹਮਲਾ ਵੀ ਕੀਤਾ। ਪ੍ਰਦਰਸ਼ਨਕਾਰੀਆਂ ਨੇ ਯੂਨੀਅਨ ਜੈਕ ਤੇ ਸੇਂਟ ਜਾਰਜ ਕਰਾਸ ਦੇ ਝੰਡੇ ਚੁੱਕੇ ਹੋਏ ਸਨ। ਕੁਝ ਕੋਲ ਅਮਰੀਕੀ ਤੇ ਇਜ਼ਰਾਈਲੀ ਝੰਡੇ ਵੀ ਸਨ। ਕਈਆਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਾਲੀ 'ਮੇਕ ਅਮੈਰਿਕਾ ਗ੍ਰੇਟ ਅਗੇਨ' ਦੀ ਟੋਪੀ ਪਾਈ ਹੋਈ ਸੀ। ਉਨ੍ਹਾ ਪ੍ਰਧਾਨ ਮੰਤਰੀ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਕੁਝ ਲੋਕ ਬੱਚੇ ਲੈ ਕੇ ਵੀ ਆਏ।

ਟੌਮੀ ਰੌਬਿਨਸਨ, ਜਿਸ ਦਾ ਅਸਲੀ ਨਾਂਅ ਸਟੀਫਨ ਯੈਕਸਲੀ-ਲੇਨਨ ਹੈ, ਨੇ ਮਾਰਚ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਾ ਉਤਸਵ ਦੱਸਿਆ। 27 ਨਵੰਬਰ 1982 ਵਿੱਚ ਲਿਊਟਨ 'ਚ ਪੈਦਾ ਹੋਇਆ ਟੌਮੀ ਸੱਜੇ-ਪੱਖੀ ਆਗੂ ਤੇ ਪੱਤਰਕਾਰ ਹੈ। ਉਹ ਇਸਲਾਮ-ਵਿਰੋਧੀ ਤੇ ਪ੍ਰਵਾਸੀ-ਵਿਰੋਧੀ ਵਜੋਂ ਜਾਣਿਆ ਜਾਂਦਾ ਹੈ। ਬਰਤਾਨੀਆ ਦੀ ਕੁਲ ਆਬਾਦੀ ਵਿੱਚੋਂ ਇੱਕ ਕਰੋੜ 10 ਲੱਖ (16 ਫੀਸਦੀ) ਪ੍ਰਵਾਸੀ ਹਨ। ਇਨ੍ਹਾਂ ਵਿੱਚ 41 ਲੱਖ ਮੁਸਲਮ ਯਾਨਿ 6.5 ਫੀਸਦੀ (ਪਾਕਿਸਤਾਨ, ਬੰਗਲਾਦੇਸ਼ ਤੇ ਮੱਧ ਪੂਰਬ ਤੋਂ), 12 ਲੱਖ ਹਿੰਦੂ ਯਾਨਿ 1.7 ਫੀਸਦੀ (ਭਾਰਤ ਤੇ ਨੇਪਾਲ ਤੋਂ), 57 ਲੱਖ ਹੋਰ ਯਾਨਿ 5.3 ਫੀਸਦੀ (ਈਸਾਈ 50 ਫੀਸਦੀ, ਸਿੱਖ 90 ਫੀਸਦੀ) ਹਨ।

## ਰਾਹੁਲ 'ਤੇ ਚੀਕਣ ਦੀ ਥਾਂ ਦੋਸ਼ਾਂ ਦੀ ਜਾਂਚ ਕਰਵਾਏ ਚੋਣ ਕਮਿਸ਼ਨ : ਕੁਰੈਸ਼ੀ



**ਨਵੀਂ ਦਿੱਲੀ** : ਸਾਬਕਾ ਮੁੱਖ ਚੋਣ ਕਮਿਸ਼ਨਰ ਐੱਸ ਵਾਈ ਕੁਰੈਸ਼ੀ ਨੇ 'ਵੋਟ ਚੋਰੀ' ਦੇ ਦੋਸ਼ਾਂ ਬਾਰੇ ਜਵਾਬ ਲਈ ਚੋਣ ਕਮਿਸ਼ਨ ਦੀ ਸਖ਼ਤ ਆਲੋਚਨਾ ਕਰਦੇ ਹੋਏ ਐਤਵਾਰ ਕਿਹਾ ਕਿ ਚੋਣ ਸੰਸਥਾ ਨੂੰ 'ਇਤਰਾਜ਼ਯੋਗ ਤੇ ਅਪਮਾਨਜਨਕ' ਭਾਸ਼ਾ ਵਿਚ ਚੀਕਣ ਦੀ ਥਾਂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੱਲੋਂ ਲਾਏ ਦੋਸ਼ਾਂ ਦੀ ਜਾਂਚ ਦਾ ਹੁਕਮ ਦੇਣਾ ਚਾਹੀਦਾ ਸੀ। ਕੁਰੈਸ਼ੀ ਨੇ ਇੱਕ ਮੀਡੀਆ ਏਜੰਸੀ ਨਾਲ ਇੱਕ ਇੰਟਰਵਿਊ ਵਿੱਚ ਕਿਹਾ ਕਿ ਗਾਂਧੀ ਵੱਲੋਂ ਦੋਸ਼ ਲਗਾਉਂਦੇ ਸਮੇਂ ਵਰਤੇ ਗਏ ਜ਼ਿਆਦਾਤਰ ਸ਼ਬਦ ਜਿਵੇਂ ਕਿ 'ਹਾਈਡਰੋਜਨ ਬੰਬ' ਨਾਲ ਤੁਲਨਾ ਭਾਵੇਂ 'ਸਿਆਸੀ ਬਿਆਨਬਾਜ਼ੀ' ਸੀ, ਪਰ ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਕਾਂਗਰਸੀ ਆਗੂ ਵੱਲੋਂ ਰੱਖੀਆਂ ਸ਼ਿਕਾਇਤਾਂ ਦੀ ਵਿਸਥਾਰ ਨਾਲ ਜਾਂਚ ਕਰਨ ਦੀ ਲੋੜ ਹੈ। ਸਾਬਕਾ ਮੁੱਖ ਚੋਣ ਕਮਿਸ਼ਨਰ ਨੇ ਚੋਣ ਕਮਿਸ਼ਨ ਦੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਢੰਗ-ਤਰੀਕੇ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਸ ਨਾਲ ਨਾ ਸਿਰਫ਼ 'ਅਣਕਿਆਸੀਆਂ ਮੁਸ਼ਕਲਾਂ' ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਬਲਕਿ ਚੋਣ ਸੰਸਥਾ ਨੇ 'ਭਰਿੰਡਾਂ ਦੇ ਛੱਤੇ' ਵਿੱਚ ਹੱਥ ਦਿੱਤਾ ਹੈ, ਜੋ ਇਸ ਨੂੰ ਨੁਕਸਾਨ ਪਹੁੰਚਾਏਗਾ।

ਕੁਰੈਸ਼ੀ ਨੇ ਜੁਗਰਨਾਟ ਬੁਕਸ ਵੱਲੋਂ ਪ੍ਰਕਾਸ਼ਤ ਆਪਣੀ ਨਵੀਂ ਕਿਤਾਬ ਲਾਂਚ ਤੋਂ ਪਹਿਲਾਂ ਕਿਹਾ, 'ਤੁਸੀਂ ਜਾਣਦੇ ਹੋ, ਜਦੋਂ ਮੈਂ ਚੋਣ ਕਮਿਸ਼ਨ ਦੀ ਕੋਈ ਆਲੋਚਨਾ ਸੁਣਦਾ ਹਾਂ, ਤਾਂ ਮੈਨੂੰ ਬਹੁਤ ਚਿੰਤਾ ਹੁੰਦੀ ਹੈ ਅਤੇ ਬਹੁਤ ਦੁੱਖ ਹੁੰਦਾ ਹੈ, ਨਾ ਸਿਰਫ਼ ਭਾਰਤ ਦੇ ਨਾਗਰਿਕ ਵਜੋਂ, ਸਗੋਂ ਇਸ ਲਈ ਵੀ, ਕਿਉਂਕਿ ਮੈਂ ਖੁਦ ਮੁੱਖ ਚੋਣ ਕਮਿਸ਼ਨਰ ਰਿਹਾ ਹਾਂ, ਉਸ ਸੰਸਥਾ ਵਿੱਚ ਮੈਂ ਇੱਕ ਜਾਂ ਦੋ ਇੱਟ ਵੀ ਲਗਾਈ ਹੈ।' ਸਾਲ 2010 ਅਤੇ 2012 ਵਿਚਕਾਰ ਮੁੱਖ ਚੋਣ ਕਮਿਸ਼ਨਰ ਰਹੇ ਕੁਰੈਸ਼ੀ ਨੇ ਕਿਹਾ—ਜਦੋਂ ਮੈਂ ਉਸ ਸੰਸਥਾ ਨੂੰ ਕਿਸੇ ਵੀ ਤਰੀਕੇ ਨਾਲ ਹਮਲੇ ਅਧੀਨ ਜਾਂ ਕਮਜ਼ੋਰ ਹੁੰਦਾ ਦੇਖਦਾ ਹਾਂ ਤਾਂ ਮੈਨੂੰ ਫ਼ਿਕਰ ਹੁੰਦੀ ਹੈ। ਚੋਣ ਕਮਿਸ਼ਨ ਨੂੰ ਵੀ ਸਵੈ-ਪੜਚੋਲ ਕਰਨੀ ਚਾਹੀਦੀ ਹੈ ਤੇ ਫਿਕਰਮੰਦ ਹੋਣਾ ਚਾਹੀਦਾ ਹੈ। ਮੈਂ ਹਮੇਸ਼ਾ ਵਿਰੋਧੀ ਪਾਰਟੀਆਂ ਨੂੰ ਤਰਜੀਹ ਦਿੱਤੀ ਹੈ, ਕਿਉਂਕਿ ਉਹ ਕਮਜ਼ੋਰ ਹਨ। ਕੁਰੈਸ਼ੀ ਨੇ ਕਿਹਾ ਕਿ ਸੱਤਾ ਵਿਚ ਬੈਠੀ ਪਾਰਟੀ ਨੂੰ ਲਾਡ-ਪਿਆਰ ਦੀ ਓਨੀ ਲੋੜ ਨਹੀਂ ਹੁੰਦੀ, ਜਿੰਨੀ ਵਿਰੋਧੀ ਧਿਰ ਨੂੰ ਹੁੰਦੀ ਹੈ, ਕਿਉਂਕਿ ਵਿਰੋਧੀ ਧਿਰ ਸੱਤਾ ਤੋਂ ਬਾਹਰ ਹੈ। ਇੱਥੇ ਵਿਰੋਧੀ ਧਿਰ ਨੂੰ ਵਾਰ-ਵਾਰ ਸੁਪਰੀਮ ਕੋਰਟ ਜਾਣਾ ਪੈਂਦਾ ਹੈ। ਅਸਲ ਵਿੱਚ 23 ਪਾਰਟੀਆਂ ਨੂੰ ਕਹਿਣਾ ਪਿਆ ਹੈ ਕਿ ਉਨ੍ਹਾਂ ਨੂੰ ਮੁਲਾਕਾਤ ਲਈ ਸਮਾਂ ਨਹੀਂ ਮਿਲ ਰਿਹਾ ਅਤੇ ਕੋਈ ਉਨ੍ਹਾਂ ਦੀ ਗੱਲ ਨਹੀਂ ਸੁਣ ਰਿਹਾ। ਕੁਰੈਸ਼ੀ ਨੇ ਦਲੀਲ ਦਿੱਤੀ ਕਿ ਚੋਣ ਕਮਿਸ਼ਨ ਨੂੰ ਰਾਹੁਲ ਗਾਂਧੀ ਨੂੰ ਹਲਫ਼ਨਾਮਾ ਦਾਖ਼ਲ ਕਰਨ ਲਈ ਕਹਿਣ ਦੀ ਥਾਂ ਉਨ੍ਹਾ ਵੱਲੋਂ ਲਾਏ ਦੋਸ਼ਾਂ ਦੀ ਜਾਂਚ ਕਰਵਾਉਣੀ ਚਾਹੀਦੀ ਸੀ। ਕੁਰੈਸ਼ੀ ਨੇ ਕਿਹਾ, 'ਰਾਹੁਲ ਗਾਂਧੀ ਆਖ਼ਰਕਾਰ ਵਿਰੋਧੀ ਧਿਰ ਦੇ ਨੇਤਾ (ਐੱਲ ਓ ਪੀ) ਹਨ, ਉਨ੍ਹਾ 'ਤੇ ਉਸ ਤਰ੍ਹਾਂ ਨਾ

• ਬਾਕੀ ਸਫ਼ਾ 2 'ਤੇ

## ਪਾਕਿ ਵੱਲੋਂ ਤਿਆਰ ਦਹਿਸ਼ਤਗਰਦਾਂ ਦੀ ਪਿੱਠ 'ਤੇ ਖੜ੍ਹੀ ਹੈ ਕਾਂਗਰਸ : ਮੋਦੀ

**ਮੰਗਲਦੋਈ (ਅਸਾਮ)** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਦੋਸ਼ ਲਗਾਇਆ ਕਿ ਕਾਂਗਰਸ ਭਾਰਤੀ ਫੌਜ ਦੀ ਹਮਾਇਤ ਕਰਨ ਦੀ ਬਜਾਏ ਪਾਕਿਸਤਾਨ ਵੱਲੋਂ ਤਿਆਰ ਕੀਤੇ ਗਏ ਦਹਿਸ਼ਤਗਰਦਾਂ ਦੀ ਪਿੱਠ 'ਤੇ ਖੜ੍ਹੀ ਹੈ। ਅਸਾਮ ਦੇ ਦਰਾਂਗ ਜ਼ਿਲ੍ਹੇ ਦੇ ਮੰਗਲਦੋਈ ਵਿੱਚ ਇੱਕ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਦੇਸ਼ ਦੀ ਵੱਡੀ ਪੁਰਾਣੀ ਪਾਰਟੀ 'ਤੇ ਘੁਸਪੈਠੀਆਂ ਅਤੇ ਦੇਸ਼ ਵਿਰੋਧੀ ਤਾਕਤਾਂ ਨੂੰ ਬਚਾਉਣ ਦਾ ਦੋਸ਼ ਲਗਾਇਆ। ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਘੁਸਪੈਠੀਆਂ ਨੂੰ ਜ਼ਮੀਨ ਹੜੱਪਣ ਅਤੇ ਜਨਸੰਖਿਆ ਨੂੰ ਬਦਲਣ ਦੀ ਉਨ੍ਹਾਂ ਦੀ ਸਾਜ਼ਿਸ਼ ਦੀ ਇਜਾਜ਼ਤ ਨਹੀਂ ਦੇਵੇਗੀ। ਪ੍ਰਧਾਨ ਮੰਤਰੀ ਨੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਨੇ ਦਹਾਕਿਆਂ ਤੱਕ ਅਸਾਮ 'ਤੇ ਰਾਜ ਕੀਤਾ, ਪਰ ਬ੍ਰਹਮਪੁੱਤਰ ਨਦੀ 'ਤੇ 'ਸਿਰਫ ਤਿੰਨ ਪੁਲ' ਬਣਾਏ, ਜਦੋਂ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਪਿਛਲੇ 10 ਸਾਲਾਂ ਵਿੱਚ ਛੇ ਅਜਿਹੇ ਢਾਂਚੇ ਬਣਾਏ ਹਨ।

### 'ਮੈਂ ਸ਼ਿਵ ਭਗਤ ਹਾਂ, ਸਾਰਾ ਜ਼ਹਿਰ ਨਿਗਲ ਲੈਂਦਾ ਹਾਂ'

ਮੋਦੀ ਨੇ ਕਿਹਾ, 'ਮੈਂ ਅਪ੍ਰੇਸ਼ਨ ਸਿੰਧੂਰ ਤੋਂ ਬਾਅਦ ਪਹਿਲੀ ਵਾਰ ਅਸਾਮ ਆਇਆ ਹਾਂ, ਇਹ ਅਪ੍ਰੇਸ਼ਨ ਮਾਂ ਕਾਮਾਖਿਆ ਦੇ ਆਸ਼ੀਰਵਾਦ ਨਾਲ ਪੂਰੀ ਤਰ੍ਹਾਂ ਸਫਲ ਰਿਹਾ।' ਉਨ੍ਹਾ ਕਿਹਾ ਕਿ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਮੇਰੇ 'ਤੇ ਨਿੱਜੀ ਤੌਰ 'ਤੇ ਕਿੰਨੀਆਂ ਵੀ ਗਾਲ੍ਹਾਂ ਕੱਢੀਆਂ ਜਾਣ, ਪਰ ਜਦੋਂ ਦੇਸ਼ ਦੀਆਂ ਮਹਾਨ ਸ਼ਖਸੀਅਤਾਂ ਦਾ ਅਪਮਾਨ ਕੀਤਾ ਜਾਂਦਾ ਹੈ, ਤਾਂ ਬਹੁਤ ਦੁੱਖ ਹੁੰਦਾ ਹੈ। ਮੈਂ ਭਗਵਾਨ ਸ਼ਿਵ ਦਾ ਭਗਤ ਹਾਂ ਅਤੇ ਸਾਰਾ ਜ਼ਹਿਰ ਨਿਗਲ ਲੈਂਦਾ ਹਾਂ, ਪਰ ਕਾਂਗਰਸ ਦੀ ਪੂਰੀ ਆਰਥਿਕ ਅਤੇ ਰਾਜਨੀਤਕ ਪ੍ਰਣਾਲੀ ਮੇਰੇ ਵਿਰੁੱਧ ਖੜ੍ਹੀ ਹੈ। ਫਿਰ ਵੀ ਮੇਰੇ 'ਤੇ 140 ਕਰੋੜ ਦੇਸ਼ ਵਾਸੀਆਂ ਦਾ ਆਸ਼ੀਰਵਾਦ ਹੈ ਅਤੇ ਉਹ ਮੇਰੇ ਰਿਮੋਟ ਕੰਟਰੋਲ ਹਨ।

## ਯੂਕਰੇਨ ਵੱਲੋਂ ਰੂਸ ਦੀ ਪ੍ਰਮੁੱਖ ਤੇਲ ਰਿਫਾਇਨਰੀ 'ਤੇ ਹਮਲਾ

**ਮਾਸਕੋ** : ਯੂਕਰੇਨੀ ਡਰੋਨਾਂ ਨੇ ਰਾਤ ਰੂਸ ਦੀਆਂ ਸਭ ਤੋਂ ਵੱਡੀਆਂ ਤੇਲ ਰਿਫਾਇਨਰੀਆਂ ਵਿੱਚੋਂ ਇੱਕ 'ਤੇ ਹਮਲਾ ਕੀਤਾ, ਜਿਸ ਨਾਲ ਭਿਆਨਕ ਅੱਗ ਲੱਗ ਗਈ। ਰੂਸੀ ਅਧਿਕਾਰੀਆਂ ਮੁਤਾਬਕ ਇਹ ਹਮਲਾ ਰੂਸ ਦੇ ਉੱਤਰ-ਪੱਛਮੀ ਲੈਨਿਨਗ੍ਰਾਡ ਖੇਤਰ ਵਿੱਚ ਕਿਰਿਸ਼ੀ ਰਿਫਾਇਨਰੀ ਅਤੇ ਰੂਸੀ ਤੇਲ ਬੁਨਿਆਦੀ ਢਾਂਚੇ 'ਤੇ ਹਫ਼ਤਿਆਂ ਤੋਂ ਚੱਲ ਰਹੇ ਯੂਕਰੇਨੀ ਹਮਲਿਆਂ ਤੋਂ ਬਾਅਦ ਹੋਇਆ ਹੈ। ਇਹ ਰਿਫਾਇਨਰੀ ਪ੍ਰਤੀ ਸਾਲ ਲਗਭਗ 17.7 ਮਿਲੀਅਨ ਮੀਟ੍ਰਿਕ ਟਨ ਅਤੇ ਪ੍ਰਤੀ ਦਿਨ 355,000 ਬੈਰਲ ਕੱਚੇ ਤੇਲ ਦਾ ਉਤਪਾਦਨ ਕਰਦੀ ਹੈ। ਯੂਕਰੇਨ ਦੇ ਜਨਰਲ ਸਟਾਫ ਦੇ ਅਨੁਸਾਰ ਸਾਈਟ 'ਤੇ ਧਮਾਕੇ ਅਤੇ ਅੱਗ ਲੱਗਣ ਦੀ ਰਿਪੋਰਟ ਮਿਲੀ ਹੈ। ਇੱਕ ਫੋਟੋ ਪੋਸਟ ਕੀਤੀ ਹੈ, ਜਿਸ ਵਿੱਚ ਰਾਤ ਦੇ ਅਸਮਾਨ 'ਤੇ ਅੱਗ ਅਤੇ ਧੂੰਏਂ ਦੇ ਬੱਦਲ ਦਿਖਾਈ ਦੇ ਰਹੇ ਹਨ।

## ਉੱਤਰੀ-ਪੂਰਬੀ ਖੇਤਰ 'ਚ ਭੁਚਾਲ ਦੇ ਝਟਕੇ; ਰਿਕਟਰ ਸਕੇਲ 'ਤੇ ਤੀਬਰਤਾ 5.8

**ਦਿਸਪੁਰ** : ਭਾਰਤ ਦੇ ਉਤਰੀ ਪੂਰਬੀ ਖੇਤਰ ਵਿਚ ਐਤਵਾਰ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ, ਜਿਨ੍ਹਾਂ ਦੀ ਰਿਕਟਰ ਸਕੇਲ 'ਤੇ ਤੀਬਰਤਾ 5.8 ਮਾਪੀ ਗਈ। ਇਹ ਜਾਣਕਾਰੀ ਅਸਾਮ ਦੇ ਅਧਿਕਾਰੀ ਨੇ ਸਾਂਝੀ ਕਰਦਿਆਂ ਦੱਸਿਆ ਕਿ ਇਸ ਭੁਚਾਲ ਨਾਲ ਜਾਨੀ ਨੁਕਸਾਨ ਨਹੀਂ ਹੋਇਆ। ਦੱਸਣਯੋਗ ਹੈ ਕਿ ਬੀਤੇ ਦਿਨੀਂ ਮਿਆਂਮਾਰ ਤੇ ਰੂਸ ਨੇੜਲੇ ਖੇਤਰ ਵਿਚ ਵੀ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ। ਮਿਆਂਮਾਰ ਵਿਚ ਤਾਂ ਭੁਚਾਲ ਦੇ ਝਟਕੇ ਹਲਕੇ ਸਨ, ਪਰ ਰੂਸ ਨੇੜਲੇ ਖੇਤਰ ਵਿਚ 7.4 ਤੀਬਰਤਾ ਵਾਲਾ ਭੁਚਾਲ ਆਇਆ ਸੀ।

## ਬਾਲਕੋਨੀ 'ਚੋਂ ਲੰਘਦਾ ਫਲਾਈਓਵਰ



**ਨਾਗਪੁਰ** : ਭੋਪਾਲ ਦੇ 90 ਡਿਗਰੀ ਮੋੜ ਵਾਲੇ ਫਲਾਈਓਵਰ ਤੋਂ ਬਾਅਦ ਹੁਣ ਨਾਗਪੁਰ ਦਾ ਫਲਾਈਓਵਰ ਸੁਰਖੀਆਂ ਵਿੱਚ ਹੈ। ਦਿਘੋਰੀ ਤੋਂ ਇੰਦੌਰਾ ਜਾਣ ਵਾਲਾ ਇਹ ਫਲਾਈਓਵਰ ਅਸ਼ੋਕ ਚੌਕ ਨੇੜੇ ਇੱਕ ਘਰ ਦੀ ਬਾਲਕੋਨੀ ਵਿੱਚੋਂ ਹੋ ਕੇ ਲੰਘਦਾ ਹੈ। ਸੋਸ਼ਲ ਮੀਡੀਆ 'ਤੇ ਕੁਝ ਲੋਕ ਇਸ ਫਲਾਈਓਵਰ ਨੂੰ ਦੁਨੀਆ ਦਾ 'ਅੱਠਵਾਂ ਅਜੂਬਾ' ਕਹਿ ਰਹੇ ਹਨ, ਜਦੋਂ ਕਿ ਕੁਝ ਲੋਕ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਅਤੇ ਨਾਗਪੁਰ ਨਗਰ ਨਿਗਮ 'ਤੇ ਸਵਾਲ ਉਠਾ ਰਹੇ ਹਨ।


## ਰਾਹੁਲ ਅੱਜ ਪੰਜਾਬ ਆਉਣਗੇ

**ਚੰਡੀਗੜ੍ਹ** : ਵਿਰੋਧ ਧਿਰ ਦੇ ਨੇਤਾ ਰਾਹੁਲ ਗਾਂਧੀ ਸੋਮਵਾਰ ਨੂੰ ਪੰਜਾਬ ਆਉਣਗੇ। ਉਹ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਤੋਂ ਪ੍ਰਭਾਵਤ ਇਲਾਕਿਆਂ ਦੀ ਸਥਿਤੀ ਦਾ ਜਾਇਜ਼ਾ ਲੈਣਗੇ। ਉਹ ਸਵੇਰੇ 9:30 ਵਜੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਉਤਰਨਗੇ। ਹਵਾਈ ਅੱਡੇ ਤੋਂ ਉਹ ਸਿੱਧੇ ਰਮਦਾਸ ਜਾਣਗੇ, ਜਿੱਥੇ ਉਹ ਹੜ੍ਹ ਪ੍ਰਭਾਵਤ ਪਰਵਾਰਾਂ ਨੂੰ ਮਿਲਣਗੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨਗੇ। ਰਾਹੁਲ ਗਾਂਧੀ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਵੀ ਮੱਥਾ ਟੇਕਣਗੇ ਅਤੇ ਅਰਦਾਸ ਕਰਨਗੇ। ਉਹ ਗੁਰਦੁਆਰੇ ਵਿੱਚ ਸੇਵਾ ਕਰ ਰਹੀ ਸੰਗਤ ਨਾਲ ਗੱਲਬਾਤ ਕਰਨਗੇ ਅਤੇ ਪ੍ਰਭਾਵਤ ਪਰਵਾਰਾਂ ਦੀਆਂ ਸਮੱਸਿਆਵਾਂ ਸੁਣਨਗੇ। ਇਸ ਦੇ ਨਾਲ ਹੀ ਉਹ ਰਾਹਤ ਕਾਰਜਾਂ ਦਾ ਜਾਇਜ਼ਾ ਲੈਣਗੇ ਅਤੇ ਰਾਹਤ ਸਮੱਗਰੀ ਅਤੇ ਪੁਨਰਵਾਸ ਕਾਰਜਾਂ ਦੀ ਸਥਿਤੀ ਬਾਰੇ ਚਰਚਾ ਕਰਨ ਲਈ ਸਥਾਨਕ ਪ੍ਰਸ਼ਾਸਨ ਅਤੇ ਸੰਗਠਨਾਂ ਨਾਲ ਮੁਲਾਕਾਤ ਕਰਨਗੇ। ਇਸ ਤੋਂ ਬਾਅਦ ਉਹ ਗੁਰਦਾਸਪੁਰ ਜਾਣਗੇ, ਜਿੱਥੇ ਉਹ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੌਰਾ ਕਰਨਗੇ।

## ਹਿੰਦੀ ਪੁਲਸ ਦੀ ਵੀ ਭਾਸ਼ਾ ਬਣੇ : ਸ਼ਾਹ

**ਗਾਂਧੀਨਗਰ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਇੱਥੇ ਹਿੰਦੀ ਦਿਵਸ 'ਤੇ ਆਯੋਜਿਤ ਪੰਜਵੇਂ ਅਖਿਲ ਭਾਰਤੀ ਰਾਜ ਭਾਸ਼ਾ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਿੰਦੀ ਤੇ ਹੋਰਨਾਂ ਭਾਰਤੀ ਭਾਸ਼ਾਵਾਂ ਵਿਚਾਲੇ ਕੋਈ ਟਕਰਾਅ ਨਹੀਂ। ਉਨ੍ਹਾ ਜ਼ੋਰ ਦਿੱਤਾ ਕਿ ਹਿੰਦੀ ਨਾ ਸਿਰਫ ਬੋਲੀ ਜਾਣੀ ਚਾਹੀਦੀ ਹੈ, ਸਗੋਂ ਇਹ ਵਿਗਿਆਨ, ਤਕਨਾਲੋਜੀ, ਨਿਆਂ ਪਾਲਿਕਾ ਤੇ ਪੁਲਸ ਦੀ ਭਾਸ਼ਾ ਵੀ ਬਣਨੀ ਚਾਹੀਦੀ ਹੈ।

## ਜਿੱਤਿਆ ਤਾਂ ਨੇਤਨਯਾਹੂ ਨੂੰ ਗ੍ਰਿਫਤਾਰ ਕਰਾਵਾਂਗਾ : ਮਮਦਾਨੀ



**ਨਿਊ ਯਾਰਕ** : ਨਵੰਬਰ ਵਿੱਚ ਹੋਣ ਵਾਲੀ ਮੇਅਰ ਦੀ ਚੋਣ 'ਚ ਡੈਮੋਕਰੇਟਿਕ ਉਮੀਦਵਾਰ ਜ਼ੋਹਰਾਨ ਮਮਦਾਨੀ ਨੇ ਕਿਹਾ ਹੈ ਕਿ ਜੇ ਉਹ ਜਿੱਤਦੇ ਹਨ ਤਾਂ ਉਹ ਪੁਲਸ ਨੂੰ ਹੁਕਮ ਦੇਣਗੇ ਕਿ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੂੰ ਸ਼ਹਿਰ ਵਿੱਚ ਦਾਖਲ ਹੁੰਦਿਆਂ ਹੀ ਗ੍ਰਿਫ਼ਤਾਰ ਕਰ ਲਵੇ। ਉਨ੍ਹਾ ਕਿਹਾ ਕਿ ਨੇਤਨਯਾਹੂ ਜੰਗੀ ਅਪਰਾਧੀ ਹੈ ਅਤੇ ਗਾਜ਼ਾ ਵਿੱਚ ਕਤਲੇਆਮ ਲਈ ਜ਼ਿੰਮੇਵਾਰ ਹੈ। ਉਸ ਦੇ ਕੌਮਾਂਤਰੀ ਫੌਜਦਾਰੀ ਅਦਾਲਤ ਨੇ ਨਵੰਬਰ 2024 ਵਿੱਚ ਗ੍ਰਿਫ਼ਤਾਰੀ ਵਾਰੰਟ ਵੀ ਜਾਰੀ ਕੀਤੇ ਹੋਏ ਹਨ। ਰਾਸ਼ਟਰਪਤੀ ਟਰੰਪ ਮਮਦਾਨੀ ਨੂੰ ਯਹੂਦੀ ਵਿਰੋਧੀ ਤੇ ਕਮਿਊਨਿਸਟ ਕਰਾਰ ਦੇ ਕੇ ਉਹਨਾ ਨੂੰ ਹਰਾਉਣ ਲਈ ਸਰਗਰਮ ਹਨ।

## ਪਾਬੰਦੀਆਂ ਸਮੱਸਿਆਵਾਂ ਦਾ ਹੱਲ ਨਹੀਂ, ਚੀਨ ਦਾ ਅਮਰੀਕਾ ਨੂੰ ਜਵਾਬ

**ਨਵੀਂ ਦਿੱਲੀ** : ਅਮਰੀਕੀ ਰਾਸ਼ਟਰਪਤੀ ਦੇ ਟੈਰਿਫ ਫੈਸਲੇ ਨੇ ਦੁਨੀਆ ਭਰ ਦੇ ਲਗਭਗ ਹਰ ਦੇਸ਼ ਨੂੰ ਪ੍ਰਭਾਵਤ ਕੀਤਾ ਹੈ। ਹਾਲ ਹੀ ਦੇ ਸਮੇਂ ਵਿੱਚ ਟਰੰਪ ਨੇ ਭਾਰਤ 'ਤੇ 50 ਪ੍ਰਤੀਸ਼ਤ ਟੈਰਿਫ ਲਗਾਇਆ ਹੈ। ਉਨ੍ਹਾ ਕਿਹਾ ਕਿ ਰੂਸ ਤੋਂ ਤੇਲ ਖਰੀਦਣ ਕਾਰਨ ਭਾਰਤ 'ਤੇ ਵਾਧੂ ਟੈਰਿਫ ਲਗਾਇਆ ਜਾ ਰਿਹਾ ਹੈ। ਇਸ ਦੌਰਾਨ ਰਾਸ਼ਟਰਪਤੀ ਨੇ ਨਾਟੋ ਦੇਸ਼ਾਂ ਨੂੰ ਇੱਕ ਪੱਤਰ ਲਿਖਿਆ ਹੈ। ਇਸ ਪੱਤਰ ਵਿੱਚ ਉਨ੍ਹਾ ਨਾਟੋ ਦੇਸ਼ਾਂ ਨੂੰ ਰੂਸੀ ਤੇਲ ਖਰੀਦਣਾ ਬੰਦ ਕਰਨ ਅਤੇ ਯੂਕਰੇਨ ਵਿੱਚ ਯੁੱਧ ਖਤਮ ਕਰਨ ਲਈ ਰੂਸ 'ਤੇ ਵੱਡੀਆਂ ਪਾਬੰਦੀਆਂ ਲਗਾਉਣ ਦੀ ਅਪੀਲ ਕੀਤੀ ਹੈ। ਉਨ੍ਹਾ ਨਾਟੋ ਦੇਸ਼ਾਂ ਨੂੰ ਚੀਨ 'ਤੇ 50 ਤੋਂ 100 ਪ੍ਰਤੀਸ਼ਤ ਟੈਰਿਫ ਲਗਾਉਣ ਲਈ ਵੀ ਕਿਹਾ ਹੈ। ਟਰੰਪ ਦੇ ਇਸ ਬਿਆਨ 'ਤੇ ਚੀਨ ਦੀ ਪ੍ਰਤੀਕਿਰਿਆ ਸਾਹਮਣੇ ਆਈ ਹੈ। ਚੀਨੀ ਵਿਦੇਸ਼ ਮੰਤਰੀ ਨੇ ਟਰੰਪ ਦੇ ਬਿਆਨ 'ਤੇ ਪਲਟਵਾਰ ਕੀਤਾ ਹੈ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਟਰੰਪ ਦੀਆਂ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਉਹ ਭਖਦੇ ਮੁੱਦਿਆਂ ਨੂੰ ਹੱਲ ਕਰਨ ਲਈ ਸ਼ਾਂਤੀ ਵਾਰਤਾ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹਨ। ਉਹਨਾ ਕਿਹਾ ਕਿ ਪਾਬੰਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦੀਆਂ ਅਤੇ ਸਮੱਸਿਆਵਾਂ ਹੋਰ ਗੁੰਝਲਦਾਰ ਹੋ ਜਾਣਗੀਆਂ।

## ਰਿਚੀ ਕੇ ਪੀ ਹਾਦਸੇ 'ਚ ਵਪਾਰੀ ਦੀ ਭਾਲ

**ਜਲੰਧਰ (ਇਕਬਾਲ ਸਿੰਘ ਉੱਭੀ)**



ਬੀਤੀ ਰਾਤ ਜਲੰਧਰ ਦੇ ਮਾਤਾ ਰਾਣੀ ਚੌਕ ਵਿੱਚ ਵਾਪਰੇ ਭਿਆਨਕ ਹਾਦਸੇ, ਜਿਸ ਵਿੱਚ ਦੋ ਵਾਰ ਸੰਸਦ ਮੈਂਬਰ ਰਹੇ ਅਕਾਲੀ ਆਗੂ ਮਹਿੰਦਰ ਸਿੰਘ ਕੇ ਪੀ ਦੇ ਇਕਲੌਤੇ ਪੁੱਤਰ ਰਿਚੀ ਕੇ ਪੀ (36) ਦੀ ਮੌਤ ਹੋ ਗਈ ਸੀ, ਸੰਬੰਧੀ ਲੋੜੀਂਦਾ ਮੌਕੇ ਤੋਂ ਫਰਾਰ ਹੋਇਆ ਕਰੇਟਾ ਕਾਰ ਦਾ ਡਰਾਈਵਰ ਸਥਾਨਕ ਸ਼ੇਖਾਂ ਬਾਜ਼ਾਰ ਦਾ ਵਪਾਰੀ ਦੱਸਿਆ ਜਾਂਦਾ ਹੈ। ਡਰਾਈਵਰ ਆਪਣੇ ਪਰਵਾਰ ਸਮੇਤ ਹਾਦਸੇ ਵਿੱਚ ਜ਼ਖਮੀ ਹੋ ਗਿਆ ਸੀ, ਪਰੰਤੂ ਉਹ ਮੌਕੇ ਉਪਰੋਂ ਫਰਾਰ ਹੋਣ ਵਿੱਚ ਸਫਲ ਹੋ ਗਿਆ। ਬੀਤੀ ਰਾਤ ਇੱਕ ਤੇਜ਼ ਰਫ਼ਤਾਰ ਬੇਕਾਬੂ ਹੋਈ ਕਰੇਟਾ ਕਾਰ ਕਾਰਨ ਹੋਏ ਦਰਦਨਾਕ ਹਾਦਸੇ ਵਿੱਚ ਰਿਚੀ ਕੇ ਪੀ ਜ਼ਖ਼ਮੀ ਹੋ ਗਿਆ ਸੀ। ਇਹ ਘਟਨਾ ਦੇਰ ਰਾਤ ਵਾਪਰੀ, ਜਦੋਂ ਰਿਚੀ ਆਪਣੀ ਫਾਰਚੂਨਰ ਕਾਰ ਵਿੱਚ ਸੀ। ਚਸ਼ਮਦੀਦਾਂ ਅਨੁਸਾਰ ਇਹ ਘਟਨਾ ਰਾਤ 11 ਵਜੇ ਤੋਂ ਬਾਅਦ ਵਾਪਰੀ। ਮਾਤਾ ਰਾਣੀ ਚੌਕ 'ਤੇ ਇੱਕ ਤੇਜ਼ ਰਫ਼ਤਾਰ ਕਰੇਟਾ ਕਾਰ ਨੇ ਤਿੰਨ ਵਾਹਨਾਂ ਨੂੰ ਟੱਕਰ ਮਾਰ ਦਿੱਤੀ, ਜਿਨ੍ਹਾਂ ਵਿੱਚੋਂ ਇੱਕ ਰਿਚੀ ਦੀ ਫਾਰਚੂਨਰ ਸੀ। ਰਿਪੋਰਟਾਂ ਅਨੁਸਾਰ ਗੱਡੀ ਨੂੰ ਟੱਕਰ ਮਾਰਨ ਤੋਂ ਬਾਅਦ ਕਰੇਟਾ ਡਰਾਈਵਰ ਮੌਕੇ ਤੋਂ ਭੱਜ ਗਿਆ। ਗੰਭੀਰ ਜ਼ਖ਼ਮੀ ਰਿਚੀ ਨੂੰ ਰਾਤ ਨੂੰ ਦੋ ਨਿੱਜੀ ਹਸਪਤਾਲਾਂ ਵਿੱਚ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਟੱਕਰ ਏਨੀ ਜ਼ੋਰਦਾਰ ਸੀ ਕਿ ਕਾਰਾਂ ਨੇੜਲੇ ਸਟੋਰ ਦੀ ਰੇਲਿੰਗ ਨਾਲ ਟਕਰਾ ਗਈਆਂ, ਜਿਸ ਨਾਲ ਰੇਲਿੰਗ ਅਤੇ ਪੌੜੀਆਂ ਨੂੰ ਨੁਕਸਾਨ ਪਹੁੰਚਿਆ। ਰਿਚੀ ਕੇ ਪੀ ਦੇ ਪਿੱਛੇ ਉਸ ਦੇ ਮਾਤਾ-ਪਿਤਾ ਅਤੇ ਦੋ ਭੈਣਾਂ ਹਨ।

## ਜੈਸਮੀਨ ਬਣੀ ਵਿਸ਼ਵ ਚੈਂਪੀਅਨ



**ਲਿਵਰਪੂਲ** : ਭਾਰਤੀ ਮੁੱਕੇਬਾਜ਼ ਜੈਸਮੀਨ ਲੈਂਬੋਰੀਆ ਨੇ ਪੈਰਿਸ ਉਲੰਪਿਕ ਵਿੱਚ ਚਾਂਦੀ ਦਾ ਤਮਗਾ ਜੇਤੂ ਪੋਲੈਂਡ ਦੀ ਜੂਲੀਆ ਸੇਰੇਮੇਟਾ ਨੂੰ ਹਰਾ ਕੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਫੈਦਰਵੇਟ ਖਿਤਾਬ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਜੈਸਮੀਨ ਨੇ ਸਨਿੱਚਰਵਾਰ ਦੇਰ ਰਾਤ 57 ਕਿੱਲੋ ਭਾਰ ਵਰਗ ਦੇ ਫਾਈਨਲ ਵਿੱਚ ਸੇਰੇਮੇਟਾ ਨੂੰ 4-1 ਨਾਲ ਹਰਾਇਆ। ਉਸ ਨੇ 30-27, 29-28, 30-27, 28-29, 29-28 ਨਾਲ ਇਹ ਜਿੱਤ ਦਰਜ ਕੀਤੀ। ਜੈਸਮੀਨ ਇਸ ਜਿੱਤ ਨਾਲ ਨੌਂਵੀਂ ਭਾਰਤੀ ਮੁੱਕੇਬਾਜ਼ ਬਣ ਗਈ ਹੈ, ਜਿਸ ਦੇ ਸਿਰ ਵਿਸ਼ਵ ਚੈਂਪੀਅਨਸ਼ਿਪ ਦਾ ਤਾਜ ਸਜਿਆ ਹੈ। ਉਹ ਛੇ ਵਾਰ ਦੀ ਜੇਤੂ ਮੈਰੀ ਕਾਮ (2002, 2005, 2006, 2008, 2010 ਅਤੇ 2018), ਦੋ ਵਾਰ ਦੀ ਜੇਤੂ ਨਿਕਹਤ ਜ਼ਰੀਨ (2022 ਅਤੇ 2023), ਸਰਿਤਾ ਦੇਵੀ (2006), ਜੈਨੀ ਆਰ ਐਲ (2006), ਲੇਖਾ ਕੇ ਸੀ (2006), ਨੀਤੂ ਘਣਘਸ (2023), ਲਵਲੀਨਾ ਬੋਰਗੋਹੇਨ (2023) ਅਤੇ ਸਵੀਟੀ ਬੋਰਾ (2023) ਦੀ ਸ਼ਾਨਦਾਰ ਸੂਚੀ ਵਿੱਚ ਸ਼ਾਮਲ ਹੋ ਗਈ ਹੈ। ਭਾਰਤ ਦੀ ਨੂਪੁਰ ਨੂੰ ਪੋਲੈਂਡ ਦੀ ਤਕਨੀਕੀ ਤੌਰ 'ਤੇ ਤੇਜ਼-ਤਰਾਰ ਮੁੱਕੇਬਾਜ਼ ਅਗਾਤਾ ਕਾਜ਼ਮਾਸਕਰਾ ਕੋਲੋਂ 2-3 ਦੀ ਮਾਮੂਲੀ ਹਾਰ ਕਰਕੇ ਚਾਂਦੀ ਦੇ ਤਮਗੇ ਨਾਲ ਸਬਰ ਕਰਨਾ ਪਿਆ।

ਮੁਕਾਬਲੇ ਵਿੱਚ ਅੱਗੇ ਹੋਣ ਦੇ ਬਾਵਜੂਦ ਨੂਪੁਰ ਅਖੀਰ ਤੱਕ ਆਪਣੀ ਪਕੜ ਨਹੀਂ ਬਣਾ ਸਕੀ। ਉਸ ਨੇ ਜ਼ੋਰਦਾਰ ਸ਼ੁਰੂਆਤ ਕੀਤੀ ਤੇ ਮੁੱਕਿਆਂ ਦੀ ਝੜੀ ਲਾ ਦਿੱਤੀ, ਪਰ ਕਾਜ਼ਮਾਸਕਰਾ ਨੇ ਲਗਾਤਾਰ ਹਮਲਾਵਰ ਰੁਖ਼ ਅਪਣਾਇਆ। ਉਸ ਨੇ ਨੂਪੁਰ ਨੂੰ ਜ਼ੋਰਦਾਰ ਪੰਚ ਲਾਏ, ਜਿਸ ਕਰਕੇ ਭਾਰਤੀ ਮੁੱਕੇਬਾਜ਼ ਥੱਕ ਗਈ। ਇਸ ਤੋਂ ਪਹਿਲਾਂ ਸੈਮੀਫਾਈਨਲ ਵਿਚ ਪੂਜਾ ਸਥਾਨਕ ਮੁੱਕੇਬਾਜ਼ ਐਮਿਲੀ ਐਸਕੁਇਥ ਤੋਂ 1-4 ਨਾਲ ਹਾਰ ਕੇ ਫਾਈਨਲ ਦੀ ਦੌੜ 'ਚੋਂ ਬਾਹਰ ਹੋ ਗਈ।

## ਅਮਨ ਸਹਿਰਾਵਤ ਨਾਲ ਵੀ ਫੋਗਾਟ ਵਾਲੀ ਹੋਈ



**ਨਵੀਂ ਦਿੱਲੀ** : ਉਲੰਪਿਕ ਤਮਗਾ ਜੇਤੂ ਅਮਨ ਸਹਿਰਾਵਤ ਨੂੰ ਭਾਰ ਜ਼ਿਆਦਾ ਹੋਣ ਕਰਕੇ ਐਤਵਾਰ ਜ਼ਾਗਰੇਬ (ਕ੍ਰੋਏਸ਼ੀਆ) ਵਿੱਚ ਵਿਸ਼ਵ ਚੈਂਪੀਅਨਸ਼ਿਪ ਤੋਂ ਅਯੋਗ ਕਰਾਰ ਦੇ ਦਿੱਤਾ ਗਿਆ। ਭਾਰਤੀ ਕੁਸ਼ਤੀ ਦਲ ਲਈ ਇਹ ਵੱਡਾ ਝਟਕਾ ਹੈ।

ਪਿਛਲੇ ਸਾਲ ਪੈਰਿਸ ਉਲੰਪਿਕ ਵਿੱਚ ਕਾਂਸੀ ਦਾ ਤਮਗਾ ਜਿੱਤਣ ਵਾਲੇ ਅਮਨ ਦਾ ਪੁਰਸ਼ਾਂ ਦੇ ਫ੍ਰੀਸਟਾਈਲ (57 ਕਿੱਲੋ) ਮੁਕਾਬਲੇ ਤੋਂ ਪਹਿਲਾਂ ਭਾਰ ਕੀਤਾ ਗਿਆ, ਜੋ ਲੋੜੀਂਦੇ ਭਾਰ ਨਾਲੋਂ 1.7 ਕਿੱਲੋ ਵੱਧ ਨਿਕਲਿਆ। ਅਮਨ 25 ਅਗਸਤ ਨੂੰ ਹੋਰ ਭਾਰਤੀ ਭਲਵਾਨਾਂ ਨਾਲ ਇੱਕ ਕੈਂਪ ਲਈ ਕ੍ਰੋਏਸ਼ੀਆ ਦੇ ਜ਼ਾਗਰੇਬ ਪਹੁੰਚਿਆ ਸੀ ਅਤੇ ਉਸ ਕੋਲ ਭਾਰ ਬਰਕਰਾਰ ਰੱਖਣ ਲਈ ਕਾਫੀ ਸਮਾਂ ਸੀ।

ਅਮਨ (22), ਜੋ ਮਸ਼ਹੂਰ ਛੱਤਰਸਾਲ ਸਟੇਡੀਅਮ ਵਿੱਚ ਸਿਖਲਾਈ ਲੈਂਦਾ ਹੈ, ਭਾਰਤੀ ਕੁਸ਼ਤੀ ਦਲ ਵਿਚ ਤਮਗੇ ਦੇ ਮਜ਼ਬੂਤ ਦਾਅਵੇਦਾਰਾਂ ਵਿੱਚੋਂ ਇੱਕ ਸੀ। ਇਸੇ ਤਰ੍ਹਾਂ ਮੁਕਾਬਲੇ ਤੋਂ ਪਹਿਲਾਂ ਭਾਰ ਵਧਣ ਕਰਕੇ ਵਿਨੇਸ਼ ਫੋਗਾਟ ਪੈਰਿਸ ਵਿੱਚ ਸੋਨ ਤਮਗੇ ਤੋਂ ਵਾਂਝੀ ਰਹਿ ਗਈ ਸੀ।

## ਦੇਵੀ ਕੁਮਾਰੀ ਦੇ ਪਰਵਾਰ ਵੱਲੋਂ ਗਿਆਰਾਂ ਹਜ਼ਾਰ ਦਾ ਯੋਗਦਾਨ



**ਸ਼ਾਹਕੋਟ (ਗਿਆਨ ਸੈਦਪੁਰੀ)**

ਪੰਜਾਬ ਦੇ ਕਈ ਹਿੱਸਿਆਂ ਵਿੱਚ ਆਏ ਹੜ੍ਹਾਂ ਅਤੇ ਭਾਰੀ ਮੀਂਹ ਕਾਰਨ ਸਥਿਤੀ ਚਿੰਤਾਜਨਕ ਬਣੀ ਰਹੀ। ਅਜੇ ਵੀ ਕੁਝ ਥਾਂਵਾਂ 'ਤੇ ਹੇਠਾਂ ਉਤਰ ਰਹੇ ਪਾਣੀ ਦੌਰਾਨ ਢਾਹ ਲੱਗਣ ਦੀਆਂ ਖ਼ਬਰਾਂ ਆ ਰਹੀਆਂ ਹਨ। ਇਨ੍ਹਾਂ ਹਾਲਤਾਂ ਦੌਰਾਨ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ, ਜੋ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋ ਰਿਹਾ ਹੈ, ਦੀ ਤਿਆਰੀ ਹੋ ਰਹੀ ਹੈ। ਪਾਰਟੀ ਕਾਂਗਰਸ ਸ਼ੁਰੂ ਹੋਣ ਤੋਂ ਪਹਿਲਾਂ 21 ਸਤੰਬਰ ਨੂੰ ਮੁਹਾਲੀ ਵਿੱਚ ਵੱਡੀ ਰੈਲੀ ਕੀਤੀ ਜਾ ਰਹੀ ਹੈ। ਹੜ੍ਹਾਂ ਅਤੇ ਭਾਰੀ ਬਾਰਸ਼ ਕਾਰਨ ਪੰਜਾਬ ਦੇ ਹਾਲਾਤ ਨਾ-ਸਾਜ਼ਗਾਰ ਹੋਣ ਦੇ ਬਾਵਜੂਦ ਕਮਿਊਨਿਸਟ ਕਾਰਕੁਨ ਮਹਾਂ-ਸੰਮੇਲਨ ਅਤੇ ਰੈਲੀ ਦੀ ਸਫ਼ਲਤਾ ਲਈ ਉਤਸ਼ਾਹ ਨਾਲ ਡਟੇ ਹੋਏ ਹਨ। ਫੰਡ ਮੁਹਿੰਮ ਵੀ ਚੱਲ ਰਹੀ ਹੈ ਅਤੇ ਰੈਲੀ ਵਿੱਚ ਸ਼ਾਮਲ ਹੋਣ ਲਈ ਲੋਕਾਂ ਨੂੰ ਲਾਮਬੰਦ ਵੀ ਕੀਤਾ ਜਾ ਰਿਹਾ ਹੈ। ਇਸੇ ਸਿਲਸਲੇ ਤਹਿਤ ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਦੇ ਪਰਵਾਰ ਵੱਲੋਂ ਮਹਾਂ-ਸੰਮੇਲਨ ਲਈ 11,000 ਰੁਪਏ ਦਾ ਸਹਿਯੋਗ ਦਿੱਤਾ ਗਿਆ ਹੈ। ਪਰਵਾਰ ਨੇ ਇਹ ਰਾਸ਼ੀ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੂੰ ਸੌਂਪੀ। ਇਸ ਮੌਕੇ ਦੇਵੀ ਕੁਮਾਰੀ, ਗੌਰਵਜੀਤ, ਬਲਜਿੰਦਰ ਕੌਰ ਤੇ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਮੌਜੂਦ ਸਨ।

## ਗੁਰਦਾਸਪੁਰ 'ਵਰਸਿਟੀ ਵੱਲੋਂ ਹੜ੍ਹ ਰਾਹਤ ਕਾਰਜਾਂ ਲਈ 3.5 ਲੱਖ ਦਾ ਯੋਗਦਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ (ਐੱਸ ਬੀ ਐੱਸ ਐੱਸ ਯੂ) ਗੁਰਦਾਸਪੁਰ ਨੇ ਸੂਬੇ ਭਰ ਵਿੱਚ ਚੱਲ ਰਹੇ ਹੜ੍ਹ ਰਾਹਤ ਕਾਰਜਾਂ ਵਿੱਚ ਯੋਗਦਾਨ ਪਾਉਣ ਲਈ ਪੰਜਾਬ ਮੁੱਖ ਮੰਤਰੀ ਹੜ੍ਹ ਰਾਹਤ ਫੰਡ ਵਿੱਚ 3, 50,000 ਰੁਪਏ ਦਿੱਤੇ ਹਨ। ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਐੱਸ ਕੇ ਮਿਸ਼ਰਾ ਦੀ ਅਗਵਾਈ ਵਿੱਚ ਯੂਨੀਵਰਸਿਟੀ ਦੇ ਇੱਕ ਵਫ਼ਦ ਨੇ ਪੰਜਾਬ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਚੈੱਕ ਭੇਟ ਕੀਤਾ। ਇਹ ਰਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਅਤੇ ਸਟਾਫ ਦੀ ਭਾਗੀਦਾਰੀ ਰਾਹੀਂ ਇਕੱਤਰ ਕੀਤੀ ਗਈ ਸੀ।

## ਅੱਜ-ਨਾਮਾ

ਹਾਦਸੇ ਦਿਨੋ-ਦਿਨ ਹੋਰ ਹਨ ਵਧੀ ਜਾਂਦੇ,
ਕਰੀਏ ਸਫਰ ਤਾਂ ਲੱਗੀ ਜਾਏ ਡਰ ਬੇਲੀ।
ਹਾਦਸੇ ਰੋਕਣ ਦੇ ਕਰੇ ਸਰਕਾਰ ਦਾਅਵੇ,
ਸੜਕਾਂ ਉੱਪਰ ਆ ਲੋਕ ਰਹੇ ਮਰ ਬੇਲੀ।
ਜਾਣਾ ਕਿਸੇ ਵੀ ਤਰਫ ਜੇ ਬਾਹਰ ਕਿਧਰੇ,
ਵਿਸ਼ਵਾਸ ਨਹੀਂ ਹੈ ਪਰਤਾਂਗੇ ਘਰ ਬੇਲੀ।
ਮਾੜੀ-ਮੋਟੀ ਜਦ ਗੱਡੀ ਕੋਈ ਖਹਿ ਜਾਵੇ,
ਰਹੇ ਨਹੀਂ ਮਾਸਾ ਵੀ ਲੋਕ ਤਾਂ ਜਰ ਬੇਲੀ।
ਸ਼ੂਕਦੇ ਜਾਣ ਲਈ ਕਾਹਲੇ ਨੇ ਸਭ ਲੋਕੀਂ,
ਆਦਮ ਖਾਣੀ ਹੈ ਬਣੀ ਹਰ ਸੜਕ ਬੇਲੀ।
ਕਿਹੜੀ ਸੜਕ, ਕਿਸ ਜਗ੍ਹਾ 'ਤੇ ਕੀ ਹੋਣਾ,
ਏਸੇ ਸਹਿਮ ਦੀ ਤਾਰ ਰਹੀ ਧੜਕ ਬੇਲੀ।

-ਤੀਸ ਮਾਰ ਖਾਂ

## ਰਾਹਤ ਕਾਰਜਾਂ ਦੇ ਮੁਲਾਂਕਣ ਲਈ ਨੋਡਲ ਚੇਅਰਮੈਨ ਤੇ ਮੈਂਬਰ ਨਿਯੁਕਤ



**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਤ 2303 ਪਿੰਡਾਂ ਵਿੱਚ ਰਾਹਤ ਕਾਰਜਾਂ ਤੇ ਨੁਕਸਾਨ ਦੇ ਮੁਲਾਂਕਣ ਨੂੰ ਸੁਚਾਰੂ ਬਣਾਉਣ ਲਈ ਨੋਡਲ ਚੇਅਰਮੈਨ ਤੇ ਮੈਂਬਰ ਨਿਯੁਕਤ ਕੀਤੇ ਹਨ। ਪੰਜਾਬ ਦੇ ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਸੂਬੇ ਵਿੱਚ ਆਏ ਭਿਆਨਕ ਹੜ੍ਹਾਂ ਨੇ ਵੱਡਾ ਨੁਕਸਾਨ ਕੀਤਾ ਹੈ। ਇਸ ਸਥਿਤੀ ਦੇ ਮੱਦੇਨਜ਼ਰ ਸਰਕਾਰ ਵੱਲੋਂ 2303 ਅਜਿਹੇ ਪਿੰਡਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿੱਥੇ ਬੁਨਿਆਦੀ ਸਹਾਇਤਾ ਅਤੇ ਮੁੜ-ਵਸੇਬੇ ਲਈ ਤੁਰੰਤ ਉਪਰਾਲੇ ਕਰਨੇ ਜ਼ਰੂਰੀ ਹਨ। ਇਸ ਲਈ ਨਿਯੁਕਤ ਨੋਡਲ ਪ੍ਰਤੀਨਿਧ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਿਯੁਕਤ ਗਜ਼ਟਿਡ ਅਫ਼ਸਰਾਂ ਨਾਲ ਤਾਲਮੇਲ ਕਰਦੇ ਹੋਏ ਆਪਣੀਆਂ ਡਿਊਟੀਆਂ ਨਿਭਾਉਣਗੇ। ਮੁੰਡੀਆਂ ਨੇ ਕਿਹਾ ਕਿ ਇਹ ਪ੍ਰਤੀਨਿਧ ਰਾਹਤ ਸਮੱਗਰੀ ਦੀ ਵੰਡ ਦੀ ਨਿਗਰਾਨੀ ਕਰਨਗੇ। ਫ਼ਸਲਾਂ, ਮਕਾਨਾਂ ਅਤੇ ਪਸ਼ੂ ਧਨ ਨੂੰ ਹੋਏ ਨੁਕਸਾਨ ਦੇ ਮੁਲਾਂਕਣ ਵਿੱਚ ਸਹਾਇਤਾ ਕਰਨਗੇ ਅਤੇ ਹੜ੍ਹ ਪੀੜਤਾਂ ਦੇ ਕਲੇਮ ਸਮਾਂਬੱਧ ਤਰੀਕੇ ਨਾਲ ਮੁਕੰਮਲ ਕਰਵਾਉਣਗੇ, ਤਾਂ ਜੋ ਪ੍ਰਭਾਵਤ ਵਿਅਕਤੀਆਂ ਨੂੰ ਮੁਆਵਜ਼ਾ ਅਤੇ ਸਹਾਇਤਾ ਬਿਨਾਂ ਕਿਸੇ ਦੇਰੀ ਤੋਂ ਪ੍ਰਦਾਨ ਕੀਤੀ ਜਾ ਸਕੇ। ਉਨ੍ਹਾ ਕਿਹਾ ਕਿ ਹੜ੍ਹ ਪ੍ਰਭਾਵਤ ਲੋਕਾਂ ਨੂੰ ਸਿਰਫ਼ ਤੁਰੰਤ ਰਾਹਤ ਹੀ ਨਹੀਂ, ਸਗੋਂ ਸਿਹਤ ਕੈਂਪਾਂ ਦੀ ਉਪਲੱਬਧਤਾ ਅਤੇ ਮੁੜ-ਵਸੇਬੇ ਦੀ ਬਹੁਤ ਲੋੜ ਹੁੰਦੀ ਹੈ। ਇਸ ਲਈ ਨਿਯੁਕਤ ਨੋਡਲ ਚੇਅਰਮੈਨ ਅਤੇ ਮੈਂਬਰ ਸੂਬਾ ਸਰਕਾਰ ਦੇ ਸਹਾਇਕ ਅੰਗ ਵਜੋਂ ਪਿੰਡ ਪੱਧਰ 'ਤੇ ਕੰਮ ਕਰਦੇ ਹੋਏ ਮੈਡੀਕਲ ਸਹਾਇਤਾ, ਸਾਫ਼-ਸਫ਼ਾਈ ਦੇ ਉਪਰਾਲੇ ਅਤੇ ਜ਼ਰੂਰੀ ਸੇਵਾਵਾਂ ਦੀ ਤੁਰੰਤ ਬਹਾਲੀ ਯਕੀਨੀ ਬਣਾਉਣਗੇ। ਕੈਬਨਿਟ ਮੰਤਰੀ ਨੇ ਸਮੂਹ ਡਿਪਟੀ ਕਮਿਸ਼ਨਰਾਂ ਤੇ ਸਬ-ਡਵੀਜ਼ਨਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਨੋਡਲ ਪ੍ਰਤੀਨਿਧਾਂ ਨੂੰ ਪੂਰਨ ਸਹਿਯੋਗ ਦੇਣ, ਲੋੜੀਂਦਾ ਡਾਟਾ ਅਤੇ ਸਾਧਨ ਉਪਲੱਬਧ ਕਰਵਾਉਣ ਅਤੇ ਪਿੰਡ ਪੱਧਰ 'ਤੇ ਤਾਲਮੇਲ ਯਕੀਨੀ ਬਣਾਉਣ।

## ਮੰਡੀਆਂ ਬਹਾਲ ਕਰਨ ਲਈ 5 ਰੋਜ਼ਾ ਮੁਹਿੰਮ ਦਾ ਆਗ਼ਾਜ਼



**ਚੰਡੀਗੜ੍ਹ (ਗੁਰਜੀਤ ਬਿੱਲਾ)**-ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕਿਸਾਨਾਂ ਲਈ ਨਿਰਵਿਘਨ ਅਤੇ ਮੁਸ਼ਕਲ ਰਹਿਤ ਝੋਨੇ ਦੀ ਖਰੀਦ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਤ ਸਾਰੀਆਂ ਅਨਾਜ ਮੰਡੀਆਂ ਨੂੰ ਚਾਲੂ ਕਰਨ ਲਈ ਐਤਵਾਰ ਵਿਸ਼ੇਸ਼ ਪੰਜ ਰੋਜ਼ਾ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਦਾ ਉਦੇਸ਼ ਖੜ੍ਹੇ ਪਾਣੀ ਅਤੇ ਚਿੱਕੜ ਨੂੰ ਸਾਫ਼ ਕਰਨਾ ਹੈ ਤਾਂ ਜੋ ਸੂਬੇ ਦੀਆਂ ਸਾਰੀਆਂ ਮੰਡੀਆਂ ਸਾਉਣੀ ਖਰੀਦ ਸੀਜ਼ਨ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਕੀਤੀਆਂ ਜਾ ਸਕਣ।

ਉਨ੍ਹਾ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਅਤੇ ਸਾਰੇ ਜ਼ਿਲ੍ਹਾ ਮੰਡੀ ਅਫਸਰਾਂ ਨੂੰ ਹਦਾਇਤ ਕੀਤੀ ਕਿ ਉਹ ਨਿੱਜੀ ਤੌਰ 'ਤੇ ਇਨ੍ਹਾਂ ਯਤਨਾਂ ਦੀ ਨਿਗਰਾਨੀ ਕਰਨ ਅਤੇ ਇਹ ਯਕੀਨੀ ਬਣਾਉਣ ਕਿ ਸਾਰੀਆਂ ਪ੍ਰਭਾਵਤ ਮੰਡੀਆਂ 19 ਸਤੰਬਰ ਤੱਕ ਪੂਰੀ ਤਰ੍ਹਾਂ ਬਹਾਲ ਅਤੇ ਕਾਰਜਸ਼ੀਲ ਹੋ ਜਾਣ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਸਮੇਂ ਸਿਰ ਖਰੀਦ ਅਤੇ ਤੁਰੰਤ ਭੁਗਤਾਨ ਸਮੇਤ ਬਿਹਤਰ ਅਨੁਭਵ ਪ੍ਰਦਾਨ ਕਰਨ ਲਈ ਵਚਨਬੱਧ ਹੈ।

## ਗਾਰ ਤੇ ਮਲਬਾ ਹਟਾਉਣ ਦਾ ਕੰਮ 24 ਤੱਕ ਮੁਕੰਮਲ ਕਰਨ ਦੀ ਹਦਾਇਤ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ 2300 ਤੋਂ ਵੱਧ ਪਿੰਡਾਂ ਵਿੱਚ ਹਾਲ ਹੀ 'ਚ ਆਏ ਹੜ੍ਹਾਂ ਕਰਕੇ ਹੋਏ ਵਿਆਪਕ ਨੁਕਸਾਨ ਦੀ ਪੂਰਤੀ ਲਈ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਇੱਕ ਵਿਆਪਕ ਹੜ੍ਹ ਰਾਹਤ ਅਤੇ ਮੁੜ ਵਸੇਬਾ ਪ੍ਰੋਗਰਾਮ ਸ਼ੁਰੂ ਕੀਤਾ ਹੈ।

ਪੰਚਾਇਤ ਮੰਤਰੀ ਨੇ ਦੱਸਿਆ ਕਿ ਵੱਖ-ਵੱਖ ਕਾਰਜਾਂ ਦੇ ਲਾਗੂ ਕਰਨ ਲਈ ਸਰਕਾਰ ਨੇ ਸਮਾਂ-ਸੀਮਾਵਾਂ ਨਿਰਧਾਰਤ ਕੀਤੀਆਂ ਹਨ, ਜਿਸ ਵਿੱਚ ਮਲਬੇ ਦੀ ਸਫਾਈ ਅਤੇ ਪਸ਼ੂ ਲਾਸ਼ਾਂ ਦਾ ਨਿਪਟਾਰਾ 24 ਸਤੰਬਰ ਤੱਕ ਪੂਰਾ ਕਰਨਾ, ਜਨਤਕ ਸੰਪਤੀ ਦੀ ਮਾਮੂਲੀ ਮੁਰੰਮਤ ਦਾ ਕਾਰਜ 15 ਅਕਤੂਬਰ ਤੋਂ ਪਹਿਲਾਂ ਪੂਰਾ ਕਰਨਾ ਅਤੇ ਛੱਪੜਾਂ ਦੀ ਸਫਾਈ 22 ਅਕਤੂਬਰ ਤੱਕ ਪੂਰਾ ਕਰਨਾ ਲਾਜ਼ਮੀ ਹੈ।

ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਉਹਨਾ ਨਿਰਦੇਸ਼ ਦਿੱਤੇ ਹਨ ਕਿ ਸਾਰੇ ਪ੍ਰਭਾਵਤ ਖੇਤਰਾਂ ਵਿੱਚ ਫੌਰੀ ਆਧਾਰ 'ਤੇ ਫੌਗਿੰਗ ਕਾਰਜ ਸ਼ੁਰੂ ਕੀਤੇ ਜਾਣ। ਉਨ੍ਹਾ ਦੱਸਿਆ ਕਿ ਇਸ ਨੂੰ ਪ੍ਰਭਾਵਸ਼ਾਲੀ ਲਾਗੂ ਕਰਨ ਲਈ ਪ੍ਰਤੀ ਪੰਚਾਇਤ ਸੰਮਤੀ ਲਈ ਪੰਜ ਫੌਗਿੰਗ ਮਸ਼ੀਨਾਂ ਕੰਮ ਵਿੱਚ ਲਗਾਈਆਂ ਜਾਣਗੀਆਂ। ਉਨ੍ਹਾ ਦੱਸਿਆ ਕਿ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਹਰੇਕ ਪ੍ਰਭਾਵਤ ਪਿੰਡ ਵਿੱਚ ਕੰਮਾਂ ਨੂੰ ਅੰਤਿਮ ਰੂਪ ਦੇਣ ਲਈ ਵਿਸ਼ੇਸ਼ ਗ੍ਰਾਮ ਸਭਾ ਮੀਟਿੰਗਾਂ ਕੀਤੀਆਂ ਜਾਣਗੀਆਂ। ਇਨ੍ਹਾਂ ਮੀਟਿੰਗਾਂ ਵਿੱਚ ਸਭ ਤੋਂ ਜ਼ਰੂਰੀ ਕੰਮਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਸਾਰੇ ਪ੍ਰੋਜੈਕਟਾਂ ਲਈ ਪਹਿਲਾਂ ਅਤੇ ਬਾਅਦ ਦੀਆਂ ਫੋਟੋਆਂ ਦਾ ਰਿਕਾਰਡ ਰੱਖਿਆ ਜਾਵੇਗੀ ਅਤੇ ਇੱਕ ਵਾਰ ਕੰਮ ਪੂਰਾ ਹੋਣ ਤੋਂ ਬਾਅਦ ਖਰਚਿਆਂ ਦੀ ਸਮੀਖਿਆ ਅਤੇ ਕੰਮ ਪੂਰਾ ਹੋਣ ਦੀ ਪੁਸ਼ਟੀ ਲਈ ਮੁੜ ਗ੍ਰਾਮ ਸਭਾ ਦੀ ਮੀਟਿੰਗ ਬੁਲਾਈ ਜਾਵੇਗੀ।

CMYK

# ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਹਾੜੇ ਨੂੰ ਸਮਰਪਤ ਕਵਿਤਾ ਮੁਕਾਬਲੇ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ੍ਰੀ ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਹਾੜੇ ਨੂੰ ਸਮਰਪਤ ਰਾਸ਼ਟਰੀ ਕਵਿਤਾ ਉਚਾਰਨ ਮੁਕਾਬਲੇ ਦੇ ਸਬੰਧ 'ਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.) ਸੁਨੀਤਇੰਦਰ ਸਿੰਘ ਤੇ ਬਲਾਕ ਨੋਡਲ ਅਫ਼ਸਰ ਸ੍. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਤਹਿਤ ਬਲਾਕ ਮਹਿਲ ਕਲਾਂ ਨਾਲ ਸਬੰਧਤ ਸਕੂਲੀ ਵਿਦਿਆਰਥੀਆਂ ਵਿਚਕਾਰ ਕਵਿਤਾ ਮੁਕਾਬਲੇ ਸ਼ਹੀਦ ਬੀਬੀ ਕਿਰਨਜੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਮਹਿਲ ਕਲਾਂ ਵਿਖੇ ਕਰਵਾਏ ਗਏ।ਇਸ ਸਮੇਂ ਪ੍ਰਾਇਮਰੀ ਵਰਗ ਵਿੱਚੋਂ ਅੰਜਲੀ ਕੁਮਾਰੀ , ਸਰਕਾਰੀ ਪ੍ਰਾਇਮਰੀ ਸਕੂਲ ਸਹੌਰ, ਤਰਨਵੀਰ ਕੌਰ, ਸਰਕਾਰੀ ਪ੍ਰਾਇਮਰੀ ਸਕੂਲ ਪੰਡੋਰੀ, ਮਨਵੀਰ ਕੌਰ, ਸਰਕਾਰੀ ਪ੍ਰਾਇਮਰੀ ਸਕੂਲ ਕੁਰੜ ਦੀਆਂ ਵਿਦਿਆਰਥਣਾਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਮਿਡਲ ਵਰਗ ਵਿੱਚ ਹਰਸਪ੍ਰੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਮਗੜ੍ਹ, ਏਕਮਪ੍ਰੀਤ ਸਿੰਘ, ਸਰਕਾਰੀ ਹਾਈ ਸਕੂਲ ਵਜੀਦਕੇ ਖੁਰਦ, ਰਵਿੰਦਰ ਸਿੰਘ, ਸਰਕਾਰੀ ਮਿਡਲ ਸਕੂਲ ਪੰਡੋਰੀ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਸੈਕੰਡਰੀ ਵਰਗ ਵਿੱਚੋਂ ਸਿਮਰਨਜੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਮਗੜ੍ਹ, ਪ੍ਰਿੰਸਦੀਪ ਸਿੰਘ, ਸਰਕਾਰੀ ਹਾਈ ਸਕੂਲ ਕੈਰੇ, ਪਵਨਪ੍ਰੀਤ ਕੌਰ, ਸਰਕਾਰੀ ਹਾਈ ਸਕੂਲ ਵਜੀਦਕੇ ਖੁਰਦ ਦੇ ਵਿਦਿਆਰਥੀਆਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਸਮੇਂ ਜੱਜਮੈਂਟ ਦੀ ਜ਼ਿੰਮੇਵਾਰੀ ਲੈਕਚਰਾਰ ਸੁਖਵਿੰਦਰ ਸਿੰਘ, ਡਾ. ਪ੍ਰਗਟ ਸਿੰਘ ਟਿਵਾਣਾ ਤੇ ਗੁਰਤੇਜ ਸਿੰਘ ਨੇ ਨਿਭਾਈ।ਸੰਸਥਾ ਦੇ ਪ੍ਰਿੰਸੀਪਲ ਸ੍. ਰਜਿੰਦਰਪਾਲ ਸਿੰਘ ਨੇ ਆਏ ਹੋਏ ਵਿਦਿਆਰਥੀਆਂ ਤੇ ਅਧਿਆਪਕ ਸਾਹਿਬਾਨ ਨੂੰ ਜੀ ਆਇਆਂ ਨੂੰ ਕਿਹਾ ਤੇ ਉਨ੍ਹਾਂ ਨੇ ਵਿਦਿਆਰਥੀ ਜੀਵਨ ਵਿੱਚ ਸਾਹਿਤ ਖਾਸ ਤੌਰ 'ਤੇ ਕਵਿਤਾ ਦੇ ਮਹੱਤਵ ਬਾਰੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ।ਇਸ ਸਮੇਂ ਲੈਕਚਰਾਰ ਜਗਦੀਪ ਸਿੰਘ, ਮੈਡਮ ਗੁਰਪ੍ਰੀਤ ਕੌਰ, ਅੰਜਨਾ ਮੈਨਨ, ਅਵਤਾਰ ਸਿੰਘ, ਜਗਜੀਤ ਸਿੰਘ ਆਦਿ ਹਾਜ਼ਰ ਸਨ।

# ਲੋਕਾਂ ਨੂੰ ਦਾਨ-ਪੁੰਨ, ਸੇਵਾ ਕਰਨ ਦੀਆਂ ਨਸੀਹਤਾਂ ਦੇਣ ਵਾਲੇ ਯੋਗੀ, ਸਾਧ ਹੜ੍ਹਾਂ ਦੌਰਾਨ ਹੋਏ ਅਲੋਪ : ਤਰਕਸ਼ੀਲ ਸੁਸਾਇਟੀ

## ਜੋਤਸ਼ੀ ਉੱਤਰੀ ਭਾਰਤ 'ਚ ਹੜ੍ਹਾਂ ਦੀ ਭਵਿੱਖਬਾਣੀ 'ਤੇ ਰਹੇ ਖਾਮੋਸ਼



**ਮਾਨਸਾ (ਆਤਮਾ ਸਿੰਘ ਪਮਾਰ)**-ਤਰਕਸ਼ੀਲ ਸੁਸਾਇਟੀ ਜ਼ਿਲ੍ਹਾ ਮਾਨਸਾ ਦੀ ਇੱਕ ਅਹਿਮ ਮੀਟਿੰਗ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਜ਼ਿਲ੍ਹਾ ਆਗੂ ਅੰਮ੍ਰਿਤ ਰਿਸ਼ੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਵੱਖ-ਵੱਖ ਇਕਾਈਆਂ ਦੇ ਅਹੁਦੇਦਾਰਾਂ ਨੇ ਭਾਗ ਲਿਆ।ਮੀਟਿੰਗ ਦੌਰਾਨ ਅੰਮ੍ਰਿਤ ਰਿਸ਼ੀ ਨੇ ਕਿਹਾ ਕਿ ਭੋਲੇ ਭਾਲੇ ਲੋਕਾਂ ਦੀ ਹੱਕ ਹਲਾਲ ਦੀ ਕਮਾਈ ਉੱਤੇ ਐਸ਼ੋ ਅਰਾਮ ਕਰਨ ਵਾਲੇ ਮੁਨਾਫ਼ਾਖੋਰ ਬਾਬੇ ਤੇ ਯੋਗੀ ਅੰਨੀ ਧਾਰਮਿਕ ਆਸਥਾ ਰਾਹੀਂ ਭੋਲੇ ਭਾਲੇ ਲੋਕਾਂ ਨੂੰ ਅਖੌਤੀ ਅਗਲੇ ਪਿਛਲੇ ਜਨਮ, ਸਵਰਗ ਨਰਕ ਤੇ ਕਰਾਮਾਤਾਂ ਦੇ ਝੂਠੇ ਸਬਜ਼ਬਾਗ ਵਿਖਾ ਕੇ ਉਨ੍ਹਾਂ ਤੋਂ ਕਰੋੜਾਂ ਰੁਪਏ ਦੀ ਕਮਾਈ ਤਾਂ ਕਰਦੇ ਹਨ, ਪ੍ਰੰਤੂ ਉਨ੍ਹਾਂ ਨੇ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਉੱਤਰਾਖੰਡ, ਹਰਿਆਣਾ ਸੂਬਿਆਂ ਦੇ ਇਲਾਕਿਆਂ ਵਿੱਚ ਮੌਜੂਦਾ ਹੜ੍ਹਾਂ ਦੌਰਾਨ ਜਾਨੀ ਤੇ ਮਾਲੀ ਨੁਕਸਾਨ ਨਾਲ ਬਰਬਾਦ ਹੋਏ ਲੱਖਾਂ ਆਮ ਲੋਕਾਂ ਤੇ ਖਾਸ ਕਰਕੇ ਆਪਣੇ ਹੀ ਪੈਰੋਕਾਰਾਂ ਦੀ ਕੋਈ ਵਿੱਤੀ ਮਦਦ ਜਾਂ ਆਪਣੇ ਸਾਧਨਾਂ ਰਾਹੀਂ ਮੌਕੇ 'ਤੇ ਸੇਵਾ ਕਰਨ ਤੋਂ ਬਿਲਕੁੱਲ ਟਾਲਾ ਵੱਟਿਆ ਹੋਇਆ ਹੈ, ਜਦਕਿ ਤਰਕਸ਼ੀਲ ਸੁਸਾਇਟੀ ਪੰਜਾਬ ਆਪਣੇ ਤੌਰ 'ਤੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਹੜ੍ਹ ਪੀੜਤਾਂ ਦੀ ਵਿੱਤ ਅਨੁਸਾਰ ਮੱਦਦ ਦੇ ਲਗਾਤਾਰ ਯਤਨ ਕਰ ਰਹੀ ਹੈ।ਨਰਿੰਦਰ ਕੌਰ ਬੁਰਜਹਮੀਰਾ ਤੇ ਲੱਖਾ ਸਿੰਘ ਨੇ ਦੋਸ਼ ਲਗਾਇਆ ਕਿ ਇਹ ਮੁਫ਼ਤਖੋਰ ਬਾਬੇ ਰੋਜ਼ਾਨਾ ਆਪਣੇ ਸੰਬੋਧਨ ਵਿੱਚ ਸ਼ਰਧਾਲੂਆਂ ਨੂੰ ਡੇਰਿਆਂ ਤੇ ਧਾਰਮਿਕ ਸਥਾਨਾਂ ਵਿੱਚ ਖੁੱਲ੍ਹ ਕੇ ਦਾਨ ਪੁੰਨ ਕਰਨ ਤੇ ਹੱਥੀਂ ਸੇਵਾ ਕਰਨ ਦੀਆਂ ਨਸੀਹਤਾਂ ਦਿੰਦੇ ਹਨ, ਪਰ ਆਪਣੇ ਪੈਰੋਕਾਰਾਂ 'ਤੇ ਆਈ ਕਿਸੇ ਵੱਡੀ ਕੁਦਰਤੀ ਜਾਂ ਗੈਰ-ਕੁਦਰਤੀ ਆਫ਼ਤ ਸਮੇਂ ਉਨ੍ਹਾਂ ਦੀ ਖੁਦ ਵਿੱਤੀ ਮਦਦ ਤੇ ਸੇਵਾ ਕਰਨ ਤੋਂ ਦੂਰ ਭੱਜਦੇ ਹਨ, ਜਿਸ ਤੋਂ ਸੁਚੇਤ ਹੋ ਕੇ ਲੋਕਾਂ ਨੂੰ ਆਪਣੀ ਹੱਕ ਹਲਾਲ ਦੀ ਕਮਾਈ ਲੁੱਟਣ ਤੋਂ ਬਚਾਉਣ ਲਈ ਭਵਿੱਖ ਵਿੱਚ ਇਨ੍ਹਾਂ ਮੁਫ਼ਤਖੋਰ, ਅਨਪੜ੍ਹ ਤੇ ਵਿਹਲੜ ਬਾਬਿਆਂ, ਸਾਧਾਂ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ।ਭੁਪਿੰਦਰ ਫ਼ੌਜੀ ਨੇ ਕਿਹਾ ਆਮ ਲੋਕਾਈ ਨੂੰ ਜ਼ਿੰਦਗੀ ਵਿੱਚ ਵਿਗਿਆਨਕ ਸੋਚ ਤੇ ਇਨਸਾਨੀਅਤ ਅਪਣਾਉਣ ਦਾ ਸੁਨੇਹਾ ਦਿੰਦਿਆਂ ਸੁਚੇਤ ਕੀਤਾ ਕਿ ਭਾਰਤ ਸਮੇਤ ਦੁਨੀਆ ਦੇ ਕਿਸੇ ਵੀ ਜੋਤਸ਼ੀ ਜਾਂ ਕਥਿਤ ਦੈਵੀ ਸ਼ਕਤੀ ਦੇ ਦਾਅਵੇਦਾਰ ਬਾਬੇ ਨੇ ਉੱਤਰੀ ਭਾਰਤ ਵਿੱਚ ਆਏ ਮੌਜੂਦਾ ਹੜ੍ਹਾਂ ਤੇ ਅਫ਼ਗ਼ਾਨਿਸਤਾਨ ਵਿੱਚ ਆਏ ਭੂਚਾਲ ਸਮੇਤ ਕਦੇ ਵੀ ਕਿਸੇ ਵੱਡੀ ਕੁਦਰਤੀ ਜਾਂ ਗੈਰ-ਕੁਦਰਤੀ ਆਫ਼ਤ/ਘਟਨਾ ਵਾਪਰਨ ਦੀ ਅਗਾਊਂ ਭਵਿੱਖਬਾਣੀ ਨਹੀਂ ਕੀਤੀ, ਜੋਕਿ ਜੋਤਿਸ਼ ਦੇ ਖੋਖਲੇਪਣ ਨੰਗਾ ਚਿੱਟਾ ਤੇ ਸਪੱਸ਼ਟ ਸਬੂਤ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਮੌਜੂਦਾ ਹੜ੍ਹਾਂ ਨਾਲ ਹੋਈ ਤਬਾਹੀ ਕੋਈ ਕੁਦਰਤੀ ਕਰੋਪੀ ਨਾ ਹੋ ਕੇ ਮੌਜੂਦਾ ਸਾਮਰਾਜ ਪੱਖੀ ਹਕੂਮਤਾਂ ਦੀਆਂ ਕੁਦਰਤੀ ਵਾਤਾਵਰਣ ਵਿਰੋਧੀ, ਕਾਰਪੋਰੇਟ ਪੱਖੀ ਤੇ ਲੋਕ ਉਜਾੜੂ ਨੀਤੀਆਂ ਦੇ ਇਲਾਵਾ ਹੜ੍ਹਾਂ ਦੀ ਅਗਾਊਂ ਰੋਕਥਾਮ 'ਚ ਵਿਖਾਈ ਗਈ ਘੋਰ ਨਾਲਾਇਕੀ ਦਾ ਨਤੀਜਾ ਹੈ, ਜਿਸ ਲਈ ਪੰਜਾਬ ਤੇ ਕੇਂਦਰ ਸਰਕਾਰਾਂ ਵੱਲੋਂ ਪੀੜਤ ਪਰਵਾਰਾਂ ਨੂੰ ਤੁਰੰਤ ਮਨੁੱਖੀ ਮਦਦ ਤੇ ਯੋਗ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।ਇਸ ਮੌਕੇ ਤਰਕਸ਼ੀਲ ਸੁਸਾਇਟੀ ਦਾ ਬੁਲਾਰਾ ਦੋ ਮਾਸਿਕ ਮੈਗਜ਼ੀਨ ਵੀ ਜਾਰੀ ਕੀਤਾ ਗਿਆ। ਮੀਟਿੰਗ ਦੌਰਾਨ ਗੁਰਦੀਪ ਸਿੰਘ, ਕ੍ਰਿਸ਼ਨ ਮਾਨਬੀਬੜੀਆਂ, ਪਰਮਿੰਦਰ ਸਿੰਘ ਖੀਵਾ, ਹਰਬੰਸ ਸਿੰਘ ਢਿੱਲੋਂ ਆਦਿ ਤਰਕਸ਼ੀਲ ਆਗੂ ਹਾਜ਼ਰ ਸਨ।

# ਮਾਰੀਸ਼ਸ਼ ਟਾਪੂ ਨੂੰ ਮੋਦੀ ਵੱਲੋਂ 60 ਅਰਬ ਤੋਂ ਵੱਧ ਦੀ ਮਦਦ ਤੇ ਪੀੜਤ ਪੰਜਾਬ ਨੂੰ ਕੇਵਲ 1600 ਕਰੋੜ, ਕਿਉਂ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੰਡੀਆ ਦੀ ਮੋਦੀ ਹਕੂਮਤ ਪੰਜਾਬ ਸੂਬੇ, ਪੰਜਾਬੀਆਂ, ਸਿੱਖ ਕੌਮ ਨਾਲ ਕਿੰਨੀ ਨਫ਼ਰਤ ਤੇ ਮੰਦਭਾਵਨਾ ਰੱਖ ਰਹੀ ਹੈ, ਉਸ ਦਾ ਸੱਚ ਇਸ ਗੱਲ ਤੋਂ ਪ੍ਰਤੱਖ ਹੋ ਜਾਂਦਾ ਹੈ ਕਿ ਜੋ ਮਾਰਸੀਅਸ ਇੱਕ ਛੋਟਾ ਜਿਹਾ ਟਾਪੂ ਵਾਲਾ ਮੁਲਕ ਹੈ, ਜਿਸ ਦਾ ਖੇਤਰਫ਼ਲ ਕੇਵਲ 2040 ਸਕੇਅਰ ਵਰਗ ਕਿਲੋਮੀਟਰ ਹੈ, ਉਸ ਮੁਲਕ ਨੂੰ ਪ੍ਰਧਾਨ ਮੰਤਰੀ ਮੋਦੀ ਵੱਲੋਂ 60 ਅਰਬ 4 ਕਰੋੜ 26 ਲੱਖ 74 ਹਜ਼ਾਰ ਰੁਪਏ ਦੀ ਮਦਦ ਕੀਤੀ ਗਈ ਹੈ, ਜਦੋਂਕਿ ਦੂਜੇ ਪਾਸੇ ਜੋ ਹੁਣੇ ਹੀ ਪੰਜਾਬ ਦੇ ਤਿੰਨੇ ਡੈਮਾਂ ਰਾਹੀਂ ਪੂਰਾ ਪਾਣੀ ਛੱਡ ਕੇ ਪੰਜਾਬ ਨੂੰ ਡਬੋਇਆ ਗਿਆ, ਇਥੋਂ ਦੀਆਂ ਫਸਲਾਂ ਤਬਾਹ ਕੀਤੀਆਂ ਗਈਆਂ, ਘਰ-ਬਾਰ, ਡੰਗਰ ਵੱਛੇ ਦਾ ਵੱਡਾ ਨੁਕਸਾਨ ਹੋਇਆ ਅਤੇ ਪੰਜਾਬ ਦੇ ਵੱਡੇ ਹਿੱਸੇ ਵਿੱਚ 3-3, 4-4 ਫੁੱਟ ਰੇਤ ਜੰਮ ਗਈ ਹੈ, ਉਸ ਪੀੜਤ ਪੰਜਾਬ ਸੂਬੇ ਦੇ ਨਿਵਾਸੀਆਂ ਨੂੰ ਪਹਿਲੇ ਤਾਂ 15-20 ਦਿਨ ਕੋਈ ਸੈਂਟਰ ਵੱਲੋਂ ਨਾ ਹਮਦਰਦੀ ਪੂਰਵਕ ਬਿਆਨ ਆਇਆ ਤੇ ਨਾ ਹੀ ਕਿਸੇ ਤਰ੍ਹਾਂ ਦਾ ਸੈਂਟਰ ਰਾਹਤ ਫੰਡ ਆਇਆ, ਪਰ ਜਦੋਂ ਸ੍ਰੀ ਮੋਦੀ ਬਾਹਰਲੇ ਮੁਲਕਾਂ ਤੋਂ ਵਾਪਸ ਆਏ ਤਾਂ 10 ਸਤੰਬਰ ਨੂੰ ਪੰਜਾਬ ਦੇ ਦੌਰੇ 'ਤੇ ਆ ਕੇ ਕੇਵਲ 1600 ਕਰੋੜ ਰੁਪਏ ਦੇ ਫੰਡ ਦਾ ਐਲਾਨ ਕੀਤਾ ਗਿਆ।ਜਦੋਂਕਿ ਇਥੋਂ ਦੇ ਨਿਵਾਸੀਆਂ, ਫਸਲਾਂ, ਘਰਾਂ ਦੇ ਹੋਏ ਨੁਕਸਾਨ ਨੂੰ ਫਿਰ ਤੋਂ ਅਸਲ ਸਥਿਤੀ ਵਿੱਚ ਲਿਆਉਣ ਲਈ 25 ਹਜ਼ਾਰ ਕਰੋੜ ਰੁਪਏ ਦਾ ਖਰਚਾ ਆਉਣਾ ਹੈ।ਇਥੇ ਇਹ ਵੀ ਵਰਣਨ ਕਰਨਾ ਜ਼ਰੂਰੀ ਹੈ ਕਿ ਪੰਜਾਬ ਦਾ ਖੇਤਰਫਲ 50,362 ਸਕੇਅਰ ਵਰਗ ਕਿਲੋਮੀਟਰ ਦਾ ਇਲਾਕਾ ਹੈ।ਉਪਰੋਕਤ ਖੇਤਰਫਲ ਤੇ ਦਿੱਤੇ ਜਾਣ ਵਾਲੇ ਰਾਹਤ ਫੰਡ ਤੋਂ ਹੀ ਪ੍ਰਤੱਖ ਹੋ ਜਾਂਦਾ ਹੈ ਕਿ ਇਹ ਹੁਕਮਰਾਨ ਪੰਜਾਬ ਨਾਲ ਮੰਦਭਾਵਨਾ ਅਧੀਨ ਵਿਤਕਰੇ ਤੇ ਜਬਰ ਕਰ ਰਹੇ ਹਨ, ਜੋ ਕਿ ਅਤਿ ਸ਼ਰਮਨਾਕ ਤੇ ਜਮਹੂਰੀਅਤ ਪ੍ਰਬੰਧ ਨੂੰ ਤਹਿਸ-ਨਹਿਸ ਕਰਨ ਵਾਲੇ ਅਮਲ ਹਨ।ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੱਕ ਪ੍ਰੈੱਸ ਬਿਆਨ ਰਾਹੀਂ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਕਿਉਂਕਿ ਅੰਗਰੇਜ਼ ਹਕੂਮਤ ਸਮੇਂ ਅੰਗਰੇਜ਼ਾਂ ਨੇ ਮਾਰਸੀਅਸ ਵਿੱਚ ਬਿਹਾਰੀ ਮਜ਼ਦੂਰਾਂ ਨੂੰ ਲਿਜਾ ਕੇ ਵਸਾਇਆ ਸੀ ਤੇ ਹੁਣ ਬਿਹਾਰ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ, ਉਨ੍ਹਾਂ ਬਿਹਾਰੀਆਂ ਤੋਂ ਆਪਣੇ ਸਿਆਸੀ ਫਾਇਦੇ ਲੈਣ ਹਿੱਤ ਤੇ ਸਿਆਸੀ ਸਥਿਤੀ ਨੂੰ ਆਪਣੇ ਪੱਖ ਵਿੱਚ ਕਰਨ ਹਿੱਤ ਹੀ ਬਿਹਾਰੀਆਂ ਨਾਲ ਵਸਾਏ ਹੋਏ ਮਾਰਸੀਅਸ ਨੂੰ ਅਰਬਾਂ ਰੁਪਏ ਦੇ ਸਮਝੌਤੇ ਕਰਕੇ ਖੁੱਲ੍ਹਦਿਲੀ ਨਾਲ ਫੰਡ ਦਿੱਤੇ ਗਏ ਹਨ, ਜਦੋਂਕਿ ਸਰਹੱਦੀ ਸੂਬੇ ਪੰਜਾਬ ਲਈ ਤਾਂ ਮਗਰਮੱਛ ਦੇ ਹੰਝੂ ਵਹਾਏ ਗਏ ਹਨ।

# ਸੜਕ ਦੇ ਨਿਰਮਾਣ ਕਾਰਜ ਲਈ ਫੰਡ ਦੀ ਕੋਈ ਕਮੀ ਨਹੀਂ : ਰੁਪਿੰਦਰ ਹੈਪੀ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਪਿੰਡਾਂ ਤੇ ਸ਼ਹਿਰਾਂ ਦਾ ਸਰਵਪੱਖੀ ਵਿਕਾਸ ਕਰਵਾ ਰਹੀ ਹੈ ਅਤੇ ਵਿਕਾਸ ਕੰਮਾਂ ਵਾਸਤੇ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਸੀ ਪਠਾਣਾ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਰੀਬ 80 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਨਾਮਦੇਵ ਰੋਡ ਦਾ ਕੰਮ ਸ਼ੁਰੂ ਕਰਵਾਉਣ ਮੌਕੇ ਕੀਤਾ।ਉਨ੍ਹਾਂ ਦੱਸਿਆ ਕਿ ਨਾਮਦੇਵ ਰੋਡ ਦੇ ਨਵ ਨਿਰਮਾਣ ਲਈ ਇਲਾਕਾ ਵਾਸੀਆਂ ਦੀ ਪਿਛਲੇ ਲੰਮੇ ਸਮੇਂ ਤੋਂ ਮੰਗ ਚੱਲੀ ਆ ਰਹੀ ਸੀ, ਪ੍ਰੰਤੂ ਪਿਛਲੇ ਦਿਨੀਂ ਆਈਆਂ ਬਰਸਾਤਾਂ ਕਾਰਨ ਇਹ ਕੰਮ ਹੁਣ ਸ਼ੁਰੂ ਕਰਵਾਇਆ ਗਿਆ ਹੈ, ਜੋ ਕਿ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ।ਵਿਧਾਇਕ ਹੈਪੀ ਨੇ ਕਿਹਾ ਕਿ ਨਾਮਦੇਵ ਰੋਡ ਤੋਂ ਇਲਾਵਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਵੀ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਸ਼ਹਿਰ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਬਸੀ ਪਠਾਣਾ ਹਲਕੇ ਦੇ ਵਿਕਾਸ ਕਾਰਜ ਕਰਵਾਉਣ ਸਮੇਂ ਸਰਕਾਰੀ ਕਾਰਜਕਾਰੀ ਏਜੰਸੀਆਂ ਨੂੰ ਕੰਮ ਦੇ ਮਿਆਰ ਦੀ ਗੁਣਵੱਤਾ ਦਾ ਵਿਸ਼ੇਸ਼ ਧਿਆਨ ਰੱਖਣ ਦੀ ਹਦਾਇਤ ਕੀਤੀ ਗਈ ਹੈ।

# ਡਾ. ਅਮਨਪ੍ਰੀਤ ਰੰਧਾਵਾ ਨੇ ਅਹੁਦਾ ਸੰਭਾਲਿਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਅਮਨਪ੍ਰੀਤ ਰੰਧਾਵਾ ਨੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲ਼ ਲਿਆ ਹੈ।ਡਾ. ਰੰਧਾਵਾ ਨੇ 2022 ਵਿੱਚ ਇਸ ਵਿਭਾਗ ਵਿੱਚ ਸਹਾਇਕ ਪ੍ਰੋਫੈਸਰ ਵਜੋਂ ਸੇਵਾਵਾਂ ਸ਼ੁਰੂ ਕੀਤੀਆਂ ਸਨ।ਇਸ ਤੋਂ ਪਹਿਲਾਂ ਉਹ ਪੰਜਾਬੀ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਅਡਵਾਂਸਡ ਮੀਡੀਆ ਸਟੱਡੀਜ਼ ਵਿਖੇ ਅਧਿਆਪਕ ਤੇ ਇੰਚਾਰਜ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ।ਡਾ. ਰੰਧਾਵਾ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿੱਚ ਸਰਗਰਮੀ ਨਾਲ਼ ਹਿੱਸਾ ਲਿਆ ਹੈ ਅਤੇ ਉਹ ਅੰਤਰਰਾਸ਼ਟਰੀ ਪੱਧਰ ਦੀਆਂ ਨਾਮਵਰ ਸੰਸਥਾਵਾਂ ਜਿਵੇਂ ਕਿ ਇੰਟਰਨੈਸ਼ਨਲ ਕਮਿਊਨੀਕੇਸ਼ਨ ਐਸੋਸੀਏਸ਼ਨ, ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਮਾਸ ਕਮਿਊਨੀਕੇਸ਼ਨ ਰਿਸਰਚ, ਜਰਨਲਿਸਟ ਐਂਡ ਰਾਈਟਰਜ਼ ਫਾਊਂਡੇਸ਼ਨ ਤੇ ਇੰਟਰਨੈਸ਼ਨਲ ਅਕੈਡਮਿਕ ਫੋਰਮ ਨਾਲ਼ ਸਰਗਰਮੀ ਸਹਿਤ ਜੁੜੇ ਹੋਏ ਹਨ।ਉਨ੍ਹਾਂ ਵੱਲੋਂ ਅਹੁਦਾ ਸੰਭਾਲ਼ੇ ਜਾਣ ਮੌਕੇ ਡੀਨ ਫ਼ੈਕਲਟੀ ਆਫ਼ ਐਜੂਕੇਸ਼ਨ ਐਂਡ ਇਨਫਰਮੇਸ਼ਨ ਸਾਇੰਸ ਪ੍ਰੋ. ਪੁਸ਼ਪਿੰਦਰ ਕੌਰ ਤੋਂ ਇਲਾਵਾ ਵਿਭਾਗ ਦੇ ਅਧਿਆਪਕ ਡਾ. ਹੈਪੀ ਜੇਜੀ ਤੇ ਡਾ. ਨੈਨਸੀ ਦਵਿੰਦਰ ਕੌਰ ਵੀ ਹਾਜ਼ਰ ਰਹੇ।

# ਜ਼ਿਲ੍ਹਾ ਪੱਧਰੀ ਖੋ-ਖੋ ਮੁਕਾਬਲੇ 'ਚ ਸਰਕਾਰੀ ਸਕੂਲ ਮਹਿਲ ਖੁਰਦ ਦੀ ਸਰਦਾਰੀ ਕਾਇਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲ ਖੇਡਾਂ ਲਈ ਜ਼ਿਲ੍ਹਾ ਪੱਧਰ ਦੇ ਖੋ-ਖੋ ਮੁਕਾਬਲਿਆਂ ਵਿੱਚ ਇਸ ਵਾਰ ਵੀ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਨੇ ਆਪਣੀ ਸਰਦਾਰੀ ਕਾਇਮ ਰੱਖੀ ਹੈ। ਇਸ ਮੌਕੇ ਹੈੱਡ ਮਾਸਟਰ ਕੁਲਦੀਪ ਸਿੰਘ ਕਮਲ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਖੋ-ਖੋ ਅੰਡਰ 14, 17, 19 ਦੇ ਮੁਕਾਬਲੇ ਕਰਵਾਏ ਗਏ। ਫਾਇਨਲ ਮੁਕਾਬਲੇ ਵਿੱਚ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਦੀਆਂ ਲੜਕੀਆਂ ਅੰਡਰ-14 ਸੈਕਿੰਡ ਤੇ ਅੰਡਰ-17 ਨੇ ਪਹਿਲੇ ਸਥਾਨ 'ਤੇ ਰਹਿ ਕੇ ਰਾਜ ਪੱਧਰ ਲਈ ਕੁਆਲੀਫਾਈ ਕੀਤਾ। ਇਸ ਜਿੱਤ ਦਾ ਸਾਰਾ ਸਿਹਰਾ ਡੀ ਪੀ ਈ ਬਾਬੂ ਸਿੰਘ ਦੀ ਸਖਤ ਮਿਹਨਤ ਨੂੰ ਜਾਂਦਾ ਹੈ, ਜਿਨ੍ਹਾਂ ਨੇ ਲਗਾਤਾਰ ਤਿੰਨ ਸਾਲਾਂ ਤੋਂ ਆਪਣੀ ਜਿੱਤ ਦਾ ਲੋਹਾ ਮੰਨਵਾਇਆ ਹੈ। ਇਸ ਮੌਕੇ ਸਕੂਲ ਕਮੇਟੀ ਚੇਅਰਮੈਨ ਰਕੇਸ਼ ਵਰਮਾ, ਸਰਪੰਚ ਹਰਪਾਲ ਸਿੰਘ ਮਹਿਲ ਖੁਰਦ ਨੇ ਸਮੂਹ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਸੁਚੱਜੀ ਅਗਵਾਈ ਹੇਠ ਸਖਤ ਮਿਹਨਤ ਸਦਕਾ ਮਾਪਿਆਂ ਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ, ਜੋ ਸਾਰਿਆਂ ਲਈ ਵੱਡੇ ਮਾਣ ਵਾਲੀ ਗੱਲ ਹੈ।ਇਸ ਮੌਕੇ ਸਮੁੱਚੇ ਸਟਾਫ਼ ਵੱਲੋਂ ਜਸਵਿੰਦਰਪਾਲ ਸਿੰਘ ਬੁੱਟਰ, ਮੰਗਲ ਸਿੰਘ, ਕਰੁਨ ਬਾਤਿਸ, ਹਰਪ੍ਰੀਤ ਕੌਰ, ਹਰਮੀਤ ਕੌਰ, ਬਲਵਿੰਦਰ ਕੌਰ, ਊਸ਼ਾ ਦੇਵੀ ਤੇ ਅਨੀਤਾ ਰਾਣੀ ਹਾਜ਼ਰ ਸਨ।

# ਦੇਵ ਸਮਾਜ ਕਾਲਜ ਦੀ ਹਰਮਨਪ੍ਰੀਤ ਨੇ 'ਵਰਸਿਟੀ ਦੀ ਟਾਪਰ ਲਿਸਟ 'ਚ ਮਾਰੀਆਂ ਮੱਲਾਂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਅਕਾਦਮਿਕ, ਸਮਾਜਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਪੰਜਾਬ ਯੂਨੀਵਰਸਿਟੀ ਦਾ ਏ ਪਲੱਸ ਗ੍ਰੇਡ ਪ੍ਰਾਪਤ ਕਾਲਜ ਹੈ। ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੇ ਅਸ਼ੀਰਵਾਦ ਤੇ ਡਾ. ਅਗਨੀਜ਼ ਢਿੱਲੋਂ, ਸੈਕਟਰੀ ਦੇਵ ਸਮਾਜ, ਕਾਲਜ ਚੇਅਰਪਰਸਨ ਦੀ ਉਚਿਤ ਮਾਰਗਦਰਸ਼ਨ ਤੇ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਹੇਠ ਇਹ ਸੰਸਥਾ ਲਗਾਤਾਰ ਤਰੱਕੀ ਦੇ ਰਾਹ 'ਤੇ ਅਗਰਸਰ ਹੈ।

ਇਸੇ ਲੜੀ ਤਹਿਤ ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਭੂਮਿਦਾ ਸ਼ਰਮਾ ਵੱਲੋਂ ਦੱਸਿਆ ਗਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਕਰਵਾਈ ਗਈ ਐੱਮ ਏ ਅੰਗਰੇਜ਼ੀ, ਦੂਸਰੇ ਸਮੈਸਟਰ ਦੀ ਪ੍ਰੀਖਿਆ ਵਿਚ ਵਿਦਿਆਰਥਣ ਹਰਮਨਪ੍ਰੀਤ ਕੌਰ ਨੇ ਛੇਵਾਂ ਸਥਾਨ ਹਾਸਲ ਕਰਕੇ ਆਪਣੇ ਮਾਪਿਆਂ ਤੇ ਕਾਲਜ ਦਾ ਨਾਮ ਰੋਸ਼ਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਉਸ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਅੰਗਰੇਜ਼ੀ ਵਿਭਾਗ ਦੇ ਅਧਿਆਪਕਾਂ ਨੇ ਦੱਸਿਆ ਕਿ ਵਿਦਿਆਰਥਣ ਹਰਮਨਪ੍ਰੀਤ ਕੌਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਟਾਪਰ ਲਿਸਟ ਵਿੱਚ ਆਪਣਾ ਉੱਚ ਦਰਜੇ 'ਤੇ ਸਥਾਨ ਪ੍ਰਾਪਤ ਕਰਨਾ ਕਾਲਜ ਲਈ ਬੜੀ ਮਾਣ ਵਾਲੀ ਗੱਲ ਹੈ। ਇਸ ਖੁਸ਼ੀ ਦੇ ਮੌਕੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਐੱਮ ਏ ਅੰਗਰੇਜ਼ੀ ਦੇ ਮੁਖੀ ਡਾ. ਭੂਮਿਦਾ ਸ਼ਰਮਾ, ਸਪਨਾ ਬਧਵਾਰ, ਰੁਪਿੰਦਰਜੀਤ ਕੌਰ, ਰਾਬੀਆ ਤੇ ਵਿਸ਼ੇ ਨਾਲ ਸਬੰਧਤ ਅਧਿਆਪਕਾਂ ਨੂੰ ਵਧਾਈ ਦਿੱਤੀ।

# ਰੇਡੀਐਂਟ ਪਬਲਿਕ ਸਕੂਲ 'ਚ 'ਗ੍ਰੈਂਡ ਪੇਰੈਂਟਸ ਡੇ' ਸਮਾਰੋਹ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਰੇਡੀਐਂਟ ਪਬਲਿਕ ਸਕੂਲ ਵਿੱਚ 'ਗ੍ਰੈਂਡ ਪੇਰੈਂਟਸ ਡੇ' ਸਮਾਰੋਹ ਪ੍ਰੀ-ਪ੍ਰਾਇਮਰੀ ਵਿੰਗ ਕੋ-ਆਰਡੀਨੇਟਰ ਮੈਡਮ ਮਨਪ੍ਰੀਤ ਖੇੜਾ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਇਆ ਗਿਆ।ਸਮਾਰੋਹ ਵਿੱਚ ਬੱਚਿਆਂ ਵੱਲੋਂ ਆਪਣੇ ਦਾਦਾ-ਦਾਦੀ ਪ੍ਰਤੀ ਪਿਆਰ, ਸਤਿਕਾਰ ਤੇ ਕਦਰਦਾਨੀ ਨੂੰ ਦਰਸਾਉਂਦੀਆਂ ਰੂਹ-ਪਰਵਾਹ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ।ਇਸ ਮੌਕੇ ਬਜ਼ੁਰਗਾਂ ਦੀਆਂ ਵੱਖ-ਵੱਖ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਅਵੱਲ ਆਉਣ 'ਤੇ ਬਜ਼ੁਰਗਾਂ ਨੂੰ ਸਨਮਾਨਤ ਵੀ ਕੀਤਾ ਗਿਆ।ਸਕੂਲ ਵੱਲੋਂ ਇਸ ਮੌਕੇ ਖਾਸ ਤੌਰ 'ਤੇ ਖਾਣੇ ਆਦਿ ਦਾ ਵੀ ਆਯੋਜਨ ਕੀਤਾ ਗਿਆ।ਇਸ ਮੌਕੇ ਬਜ਼ੁਰਗਾਂ ਦਾ ਭੰਗੜਾ ਤੇ ਗਿੱਧਾ ਜਿਹੀਆਂ ਰਿਵਾਇਤੀ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ ਗਈਆਂ।ਕਈ ਬਜ਼ੁਰਗਾਂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਸਕੂਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਤੱਕ ਇਲਾਕੇ ਦੇ ਕਿਸੇ ਵੀ ਸਕੂਲ ਦੇ ਦੁਆਰਾ ਅਜਿਹਾ ਉਪਰਾਲਾ ਨਹੀਂ ਕੀਤਾ ਗਿਆ।ਉਨ੍ਹਾਂ ਇਸ ਮੌਕੇ ਬੋਲਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਅੱਜ ਦੀ ਪੀੜ੍ਹੀ ਦੇ ਲਈ ਜ਼ਰੂਰੀ ਹਨ, ਜਿਸ ਨਾਲ ਬੱਚਿਆਂ ਦਾ ਆਪਸੀ ਪਿਆਰ ਤੇ ਬਜ਼ੁਰਗਾਂ ਦੇ ਪ੍ਰਤੀ ਸਤਿਕਾਰ ਵੱਧਦਾ ਹੈ।ਇਸ ਮੌਕੇ ਆਪਣੇ ਪੋਤੇ-ਪੋਤੀਆਂ ਨਾਲ ਪਹੁੰਚੇ ਬਜ਼ੁਰਗਾਂ ਨੇ ਇਸ ਪ੍ਰੋਗਰਾਮ ਦਾ ਬਹੁਤ ਆਨੰਦ ਮਾਣਿਆ।ਇਸ ਮੌਕੇ ਸਕੂਲ ਦੇ ਐਗਜ਼ਿਕਿਊਟਿਵ ਡਾਇਰੈਕਟਰ ਡਾ. ਪੰਕਜ ਧਮੀਜਾ ਨੇ ਕਿਹਾ ਕਿ ਬੱਚਿਆਂ ਦੀ ਪਹਿਲੀ ਸਿੱਖਿਆ ਘਰ ਦੇ ਬਜ਼ੁਰਗਾਂ ਤੋਂ ਹੀ ਸ਼ੁਰੂ ਹੁੰਦੀ ਹੈ।ਮਾਪੇ ਤੇ ਦਾਦਾ-ਦਾਦੀ ਬੱਚਿਆਂ ਦੀ ਜ਼ਿੰਦਗੀ ਵਿੱਚ ਸਭ ਤੋਂ ਮਹੱਤਵਪੂਰਨ ਰੋਲ ਨਿਭਾਉਂਦੇ ਹਨ।ਪ੍ਰਿੰਸਿਪਲ ਮੈਡਮ ਸ਼੍ਰੀਮਤੀ ਨੀਤੀ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਤਰ੍ਹਾਂ ਦੇ ਸਮਾਰੋਹ ਬੱਚਿਆਂ ਵਿੱਚ ਸੰਸਕਾਰ, ਅਨੁਸ਼ਾਸਨ ਤੇ ਪਰਵਾਰ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ। ਅਕਾਦਮਿਕ ਮੁਖੀ ਮੈਡਮ ਡਾ. ਗੁਰਵੀਨ ਕੌਰ ਨੇ ਵੀ ਬੱਚਿਆਂ ਦੀਆਂ ਪੇਸ਼ਕਾਰੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਸਾਰੇ ਮਾਪਿਆਂ ਤੇ ਬਜ਼ੁਰਗਾਂ ਦਾ ਧੰਨਵਾਦ ਕੀਤਾ।ਇਸ ਮੌਕੇ ਮੰਚ ਦਾ ਸੰਚਾਲਨ ਸੀਨੀਅਰ ਵਿੰਗ ਕੋ-ਆਰਡੀਨੇਟਰ ਸੌਰਵ ਕੁੱਬਾ, ਮੈਡਮ ਹਰਦੀਪ ਕੌਰ, ਮੈਡਮ ਪੂਨਮ, ਮੈਡਮ ਸ਼ਿਵਾਂਕੀ ਦੇ ਵੱਲੋਂ ਕੀਤਾ ਗਿਆ।ਅੰਤ ਵਿੱਚ ਸਾਰੇ ਬਜ਼ੁਰਗਾਂ ਨੂੰ ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ ਤੇ ਤੋਹਫ਼ੇ ਵੀ ਪ੍ਰਦਾਨ ਕੀਤੇ ਗਏ।

# ਅਕਾਲੀ ਦਲ ਦੀ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

## ਕਮੇਟੀ ਨੁਕਸਾਨ ਦੀ ਰਿਪੋਰਟ ਬਣਾ ਕੇ ਹਾਈਕਮਾਂਡ ਨੂੰ ਭੇਜੇਗੀ : ਐੱਨ ਕੇ ਸ਼ਰਮਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਹੜ੍ਹ ਮਾਰੇ ਖੇਤਰ ਦਾ ਜਾਇਜ਼ਾ ਲੈਣ ਵਾਸਤੇ ਬਣਾਈ ਗਈ ਟੀਮ ਦੇ ਮੈਂਬਰ ਐੱਨ ਕੇ ਸ਼ਰਮਾ, ਸਰਬਜੀਤ ਸਿੰਘ ਝਿੰਜਰ ਤੇ ਪਰਮਿੰਦਰ ਸੋਹਾਣਾ ਨੇ ਹਲਕਾ ਸ਼ੁਤਰਾਣਾ ਦੇ ਹੜ੍ਹ ਪ੍ਰਭਾਵਿਤ ਘੱਗਰ ਪਾਰ ਦੇ ਪਿੰਡ ਤੇਈਪੁਰ, ਸ਼ੁਤਰਾਣਾ, ਬਾਦਸ਼ਾਹਪੁਰ, ਹਰਚੰਦਪੁਰਾ ਆਦਿ ਖੇਤਰ ਦਾ ਦੌਰਾ ਕੀਤਾ।ਇਸ ਦੌਰਾਨ ਦਲ ਦੇ ਜ਼ਿਲ੍ਹਾ ਦਿਹਾਤੀ ਪਟਿਆਲਾ ਦੇ ਪ੍ਰਧਾਨ ਜਗਮੀਤ ਸਿੰਘ ਹਰਿਆਊ ਤੇ ਹਲਕਾ ਸ਼ੁਤਰਾਣਾ ਦੇ ਇੰਚਾਰਜ ਕਬੀਰ ਦਾਸ ਨੇ ਪੀੜਤ ਕਿਸਾਨਾਂ ਨਾਲ ਮਿਲ ਕੇ ਨੁਕਸਾਨ ਦੀ ਜਾਣਕਾਰੀ ਦਿੱਤੀ।ਜਾਇਜ਼ਾ ਕਮੇਟੀ ਨੇ ਲੋਕਾਂ ਰਿਪੋਰਟ ਹਾਈ ਕਮਾਨ ਕੋਲ ਪੇਸ਼ ਕਰਨ ਦਾ ਕਿਸਾਨਾਂ ਯਕੀਨ ਦਿਵਾਇਆ ਹੈ। ਘੱਗਰ ਦਾ ਜਾਇਜ਼ਾ ਲੈਣ ਲਈ ਪੁੱਜੀ ਟੀਮ ਨੂੰ ਪਿੰਡ ਹਰਚੰਦਪੁਰਾ ਟਾਊਨ ਦੇ ਕਿਸਾਨ ਬਿਕਰਮਜੀਤ ਸਿੰਘ ਤੇ ਅਮਨਪ੍ਰੀਤ ਸਿੰਘ ਦੀ ਅਗਵਾਈ 'ਚ ਇਕੱਤਰ ਕਿਸਾਨਾਂ ਨੇ ਦੱਸਿਆ ਕਿ ਘੱਗਰ ਦਰਿਆ ਦੇ ਪੁਲ ਕੋਲ ਇੱਕ ਵੱਡਾ ਪਾੜ ਹੈ, ਜਿੱਥੋਂ ਹਰ ਵਾਰ ਦਰਿਆ ਵਿੱਚ ਆਏ ਹੜ੍ਹ ਪਾਣੀ ਨਿਕਲ ਕੇ ਹਜ਼ਾਰਾਂ ਏਕੜ ਫ਼ਸਲ ਬਰਬਾਦ ਕਰਦਾ ਹੈ।ਇਸ ਵਾਰ ਵੀ ਪਾੜ 'ਚੋਂ ਨਿਕਲੇ ਪਾਣੀ ਨੇ 600 ਤੋਂ ਵੱਧ ਏਕੜ ਝੋਨੇ ਦੀ ਫ਼ਸਲ ਖ਼ਰਾਬ ਕੀਤੀ ਹੈ।ਸ਼ੇਰਗੜ੍ਹ ਦੇ ਕਿਸਾਨ ਜੋਗਿੰਦਰ ਸਿੰਘ ਬਾਵਾ, ਪ੍ਰਧਾਨ ਹਰਨੇਕ ਸਿੰਘ ਤੇ ਮਹਿਲ ਸਿੰਘ ਗਲੋਲੀ ਨੇ ਕਿਸਾਨਾਂ ਦੇ ਹੋਏ ਨੁਕਸਾਨ ਬਾਰੇ ਜਾਣਕਾਰੀ ਦਿੱਤੀ।ਜਾਇਜ਼ਾ ਕਮੇਟੀ ਟੀਮ ਦੇ ਮੈਂਬਰਾਂ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹੜ੍ਹ ਮਾਰੇ ਖੇਤਰਾਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਨਗਦ ਰਾਸ਼ੀ, ਪਸ਼ੂਆਂ ਲਈ ਹਰਾ ਚਾਰਾ, ਤੂੜੀ ਤੇ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਦੌਰੇ ਦੌਰਾਨ ਦੇਖਿਆ ਹੈ ਕਿ ਜ਼ਿਲ੍ਹਾ ਪਟਿਆਲਾ ਵਿੱਚ 15 ਹਜ਼ਾਰ ਏਕੜ ਤੋਂ ਵੱਧ ਕਿਸਾਨਾਂ ਦੀਆਂ ਫਸਲਾਂ ਨੁਕਸਾਨੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਜਿੱਥੇ ਕੋਈ ਤੁਰੰਤ ਪ੍ਰਬੰਧ ਕੀਤੇ ਜਾਣ ਦੀ ਲੋੜ ਹੈ, ਉਸ ਨੂੰ ਕੱਲ੍ਹ ਹੀ ਪੂਰਿਆ ਕਰ ਦਿੱਤਾ ਜਾਵੇਗਾ, ਜਦੋਂਕਿ ਫ਼ਸਲਾਂ ਦੀ ਰਿਪੋਰਟ ਬਣਾ ਕੇ ਹਾਈਕਮਾਂਡ ਨੂੰ ਭੇਜੀ ਜਾਵੇਗੀ।

# ਮਾਤਾ ਗੁਜਰੀ ਸਕੂਲ ਦੀਆਂ ਵਿਦਿਆਰਥਣਾਂ ਦਾ ਜ਼ਿਲ੍ਹਾ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੀਆਂ ਵਿਦਿਆਰਥਣਾਂ ਨੇ 10, 11 ਤੇ 12 ਸਤੰਬਰ 2025 ਨੂੰ ਪੋਲੋਗਰਾਊਂਡ ਪਟਿਆਲਾ ਵਿੱਚ ਆਯੋਜਿਤ ਜ਼ਿਲ੍ਹਾ ਪੱਧਰੀ ਹੈਂਡਬਾਲ ਪ੍ਰਤੀਯੋਗਤਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਦਾ ਨਾਮ ਰੋਸ਼ਨ ਕੀਤਾ।ਇਸ ਮੁਕਾਬਲੇ ਵਿੱਚ ਪਟਿਆਲਾ ਦੇ ਵੱਖ-ਵੱਖ ਸਕੂਲਾਂ ਨੇ ਭਾਗ ਲਿਆ, ਜਿਸ ਵਿੱਚ ਹਰਨਿਮਰਤ ਕੌਰ (ਬਾਰਵੀਂ ਜਮਾਤ) ਨੇ ਅੰਡਰ 19 ਸ਼੍ਰੇਣੀ ਵਿੱਚ ਸਿਲਵਰ ਮੈਡਲ ਜਿੱਤਿਆ ਤੇ ਜ਼ਿਲ੍ਹਾ ਪੱਧਰੀ ਖਿਡਾਰੀ ਵਜੋਂ ਚੁਣੀ ਗਈ।ਨੂਰ (ਛੇਵੀਂ ਜਮਾਤ) ਨੇ ਅੰਡਰ 14 ਸ਼੍ਰੇਣੀ ਵਿੱਚ ਗੋਲਡ ਮੈਡਲ ਹਾਸਲ ਕੀਤਾ।ਕੋਚ ਸਮੀਰ ਮੁਹੰਮਦ ਨੇ ਇਹ ਦੱਸਦਿਆਂ ਮਾਣ ਮਹਿਸੂਸ ਕੀਤਾ ਕਿ ਬਾਰਵੀਂ ਜਮਾਤ ਦੀ ਹਰਨਿਮਰਤ ਕੌਰ ਦੀ ਚੋਣ ਜ਼ਿਲ੍ਹਾ ਪੱਧਰੀ ਖਿਡਾਰਨ ਵਜੋਂ ਕੀਤੀ ਗਈ ਹੈ।ਇਹ ਉਪਲਬਧੀ ਹਰਨਿਮਰਤ ਕੌਰ ਤੇ ਨੂਰ ਦੀ ਮਿਹਨਤ, ਯਤਨ ਤੇ ਪ੍ਰਤੀਬੱਧਤਾ ਦਾ ਨਤੀਜਾ ਹੈ।ਸਕੂਲ ਦੀ ਮੈਨੇਜਿੰਗ ਕਮੇਟੀ, ਪ੍ਰਿੰਸੀਪਲ ਮੈਡਮ ਤੇ ਸਟਾਫ ਵੱਲੋਂ ਵਿਦਿਆਰਥਣਾਂ ਨੂੰ ਦਿਲੋਂ ਵਧਾਈਆਂ ਦਿੱਤੀਆਂ ਗਈਆਂ।

# ਮੌਤ ਨੂੰ ਸੱਦਾ ਰਿਹੈ ਡਿੱਗਿਆ ਪੋਲ !



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)** : ਲਹਿਰਾ-ਜਾਖਲ ਰੋਡ ਉੱਪਰ ਜੋ ਕਿ ਫੁੱਟਪਾਥ ਦੇ ਉੱਪਰ ਸਟਰੀਟ ਲਾਈਟਾਂ ਲਈ ਪੋਲ ਲਾਏ ਜਾਂਦੇ ਹਨ, ਉਨ੍ਹਾਂ ਵਿੱਚੋਂ ਇੱਕ ਲੰਮੇ ਸਮੇਂ ਤੋਂ ਇਹ ਟੇਢਾ ਪਿਆ ਪੋਲ ਕਿਸੇ ਦੀ ਵੀ ਜਾਨ ਲੈ ਸਕਦਾ ਹੈ, ਕਿਉਂਕਿ ਨੇੜੇ ਜਿਹੜੀ ਸੜਕ ਹੈ, ਉਸ ਵਿੱਚ ਵੀ ਵੱਡੇ ਵੱਡੇ ਖੱਡੇ ਹਨ।ਉਥੇ ਕੋਈ ਵੀ ਵਹੀਕਲ ਖੱਡੇ ਵਿੱਚੋਂ ਬੁੜਕ ਕੇ ਇਸ ਪੋਲ ਵਿੱਚ ਵੱਜ ਸਕਦਾ ਹੈ ਤੇ ਜਿਸ ਨਾਲ ਕੋਈ ਵੀ ਜਾਨੀ, ਮਾਲੀ ਨੁਕਸਾਨ ਹੋ ਸਕਦਾ ਹੈ, ਪਰ ਪ੍ਰਸ਼ਾਸਨ ਦਾ ਇਸ ਵੱਲ ਵੀ ਕੋਈ ਧਿਆਨ ਨਹੀਂ ਜਾਂਦਾ।ਜੇਕਰ ਕੋਈ ਨੁਕਸਾਨ ਹੋ ਜਾਂਦਾ ਹੈ ਤਾਂ ਇਸ ਦਾ ਜ਼ਿੰਮੇਵਾਰ ਕੌਣ ਹੋਵੇਗਾ ?

# 65 ਲੋੜਵੰਦ ਪਰਵਾਰਾਂ ਨੂੰ ਸੁੱਕਾ ਰਾਸ਼ਨ ਵੰਡਿਆ



**ਜਗਰਾਓਂ (ਅਮਿਤ ਖੰਨਾ)**-ਜਗਰਾਉਂ ਦੇ ਨੌਜਵਾਨ ਕਰ ਹੋ ਭਲਾ ਸੁਸਾਇਟੀ ਦੀ ਸਮਾਜ ਸੇਵੀ ਸੰਸਥਾ ਵੱਲੋਂ 63ਵਾਂ ਰਾਸ਼ਨ ਵੰਡ ਸਮਾਰੋਹ ਕਰਵਾਇਆ ਗਿਆ।ਇਸ ਮੌਕੇ 65 ਲੋੜਵੰਦ ਪਰਵਾਰਾਂ ਨੂੰ ਸੁੱਕਾ ਰਾਸ਼ਨ ਵੰਡਿਆ ਗਿਆ।ਲਿੰਕ ਰੋਡ ਜਗਰਾਉਂ ਵਿਖੇ ਸਮਾਗਮ ਮੌਕੇ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਸੁਸਾਇਟੀ ਦੇ ਚੇਅਰਮੈਨ ਰੋਹਿਤ ਅਰੋੜਾ, ਵਾਈਸ ਚੇਅਰਮੈਨ ਰਾਜਿੰਦਰ ਜੈਨ ਕਾਕਾ, ਪ੍ਰਧਾਨ ਮਦਨ ਲਾਲ ਨੇ ਦੱਸਿਆ ਕਿ ਸੁਸਾਇਟੀ ਮਨੁੱਖਤਾ ਦੀ ਸੇਵਾ ਲਈ ਬਣਾਈ ਗਈ ਸੀ ਤੇ ਇਹ ਉਦੇਸ਼ ਪੂਰਾ ਹੋਇਆ ਹੈ। ਸੁਸਾਇਟੀ ਦੇ ਸਾਰੇ ਮੈਂਬਰ ਇਸ ਨੂੰ ਪ੍ਰਾਪਤ ਕਰਨ ਲਈ ਪੂਰੀ ਲਗਨ ਨਾਲ ਕੰਮ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਸੋਕੇ ਦੌਰਾਨ ਸੁਸਾਇਟੀ ਨੇ 63 ਮਹੀਨੇ ਪਹਿਲਾਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਣ ਦਾ ਕੰਮ ਸ਼ੁਰੂ ਕੀਤਾ ਸੀ, ਇਹ ਨਿਰਵਿਘਨ ਜਾਰੀ ਹੈ ਅਤੇ ਅੱਜ 63ਵਾਂ ਮਾਸਿਕ ਰਾਸ਼ਨ ਵੰਡ ਸਮਾਰੋਹ ਹੈ।ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਦਾਨੀ ਸੱਜਣਾਂ ਦੀ ਮਦਦ ਨਾਲ ਕਈ ਸਮਾਜ ਸੇਵਾ ਪ੍ਰੋਜੈਕਟ ਚਲਾਏ ਜਾ ਰਹੇ ਹਨ।ਵਿੱਦਿਅਕ ਸੰਸਥਾਵਾਂ ਤੇ ਹੋਰ ਸੰਸਥਾਵਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਜ਼ਰੂਰੀ ਵਸਤੂਆਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਸੁਸਾਇਟੀ ਦੇ ਕੈਸ਼ੀਅਰ ਨੀਰਜ ਕਟਾਰੀਆ, ਵਿਸ਼ਾਲ ਸ਼ਰਮਾ, ਨੈਨੇਸ਼ ਗਾਂਧੀ, ਰਾਹੁਲ, ਸ਼ਾਨ, ਰਾਜੀਵ ਗੁਪਤਾ ਮੌਜੂਦ ਸਨ।

# ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਪਾਰਟੀ 'ਚ ਸ਼ਾਮਲ ਹੋ ਰਹੇ ਲੋਕ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਪਿੰਡ ਗੋਨਿਆਣਾ ਵਿਖੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ, ਜਦੋਂ ਟਕਸਾਲੀ ਕਾਂਗਰਸੀ ਸਰਪੰਚ ਸਮੂਹ ਮੈਂਬਰਾਂ ਤੇ ਹੋਰਨਾਂ ਸਾਥੀਆਂ ਨੂੰ ਨਾਲ ਲੈ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਸਮੂਹ ਪੰਚਾਇਤ ਦਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਇੱਕ ਭਰਵੇਂ ਇਕੱਠ 'ਚ ਸਵਾਗਤ ਕੀਤਾ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਲੋਕ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਮੈਂਬਰਾਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ ਤੇ ਉਨ੍ਹਾਂ ਦੇ ਇਲਾਕੇ ਦੇ ਵਿਕਾਸ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਸਾਰੇ ਲੋਕ ਪੱਖੀ ਕੰਮ ਕੀਤੇ ਹਨ, ਜਿਸ ਕਰਕੇ ਲੋਕਾਂ ਦਾ ਇਸ ਪਾਰਟੀ ਵਿੱਚ ਵਿਸ਼ਵਾਸ ਵਧ ਰਿਹਾ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਆਮ ਆਦਮੀ ਪਾਰਟੀ ਪੰਜਾਬ ਵਿੱਚ ਹੋਰ ਵੀ ਮਜ਼ਬੂਤ ਹੋਵੇਗੀ ਤੇ ਲੋਕਾਂ ਦੀ ਸੇਵਾ ਕਰਦੀ ਰਹੇਗੀ।

ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਪਿੰਡ ਦੀ ਐਸ.ਸੀ ਧਰਮਸ਼ਾਲਾ ਦੇ ਸਾਮਾਨ ਲਈ 51000 ਰੁਪਏ ਦੇਣ ਦਾ ਵੀ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਉਹ ਪਿੰਡ ਦੇ ਵਿਕਾਸ ਲਈ ਹਮੇਸ਼ਾ ਤਤਪਰ ਰਹਿਣਗੇ।ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਰਪੰਚ ਤਰਸੇਮ ਸਿੰਘ, ਮੈਂਬਰ ਸੁਖਪਾਲ ਕੌਰ, ਅਮਨਦੀਪ ਕੌਰ, ਸੁੱਖਾ ਸਿੰਘ, ਅਮਨਦੀਪ ਕੌਰ, ਗੁਰਦੀਪ ਸਿੰਘ, ਨਿਸ਼ਾ ਰਾਣੀ, ਗੋਬਿੰਦਾ ਸਿੰਘ, ਰਾਜਿੰਦਰ ਸਿੰਘ, ਜਗਸੀਰ ਸਿੰਘ, ਮੰਗਾ ਸਿੰਘ ਨੰਬਰਦਾਰ ਤੇ ਧਰਮਿੰਦਰ ਸਿੰਘ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਬਹੁਤ ਪ੍ਰਭਾਵਤ ਹਨ ਅਤੇ ਉਹ ਆਪਣੇ ਇਲਾਕੇ ਦੇ ਲੋਕਾਂ ਦੀ ਸੇਵਾ ਕਰਨ ਲਈ ਪਾਰਟੀ ਵਿੱਚ ਸ਼ਾਮਲ ਹੋਏ ਹਨ।ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ ਹਰ ਫੈਸਲੇ ਦਾ ਸਤਿਕਾਰ ਕਰਨਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਹਰ ਸੰਭਵ ਯਤਨ ਕਰਨਗੇ।ਇਸ ਮੌਕੇ ਹੋਰ ਵੀ ਬਹੁਤ ਸਾਰੇ ਲੋਕਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

# ਸੰਤ ਬੋਰੇ ਵਾਲਿਆਂ ਦੀ ਬਰਸੀ 'ਤੇ ਜੂਸ ਤੇ ਬੂਟਿਆਂ ਦਾ ਲੰਗਰ

**ਕੋਟ ਈਸੇ ਖਾਂ (ਅਰੋੜਾ)**-ਧੰਨ ਧੰਨ ਸੰਤ ਮਹੇਸ਼ ਮੁਨੀ ਜੀ ਬੋਰੇ ਵਾਲਿਆਂ ਦੀ ਸਾਲਾਨਾ ਬਰਸੀ ਦੇ ਸਬੰਧ ਵਿੱਚ ਧੰਨ ਧੰਨ ਬਾਬਾ ਨੰਦ ਸਿੰਘ ਜੀ ਸੇਵਾ ਸੋਸਾਇਟੀ ਪਿੰਡ ਲੋਹਾਰਾ ਦੇ ਸੇਵਾਦਾਰਾਂ ਵੱਲੋਂ ਸੰਗਤਾਂ ਲਈ ਜੂਸ ਤੇ ਫਲਾਂ, ਛਾਂਦਾਰ ਬੂਟਿਆਂ ਦਾ ਲੰਗਰ ਲਗਾਇਆ ਗਿਆ।ਇਸ ਮੌਕੇ ਗੱਲਬਾਤ ਕਰਦੇ ਹੋਏ ਬਾਬਾ ਜਸਵੀਰ ਸਿੰਘ ਲੋਹਾਰਾ ਨੇ ਦੱਸਿਆ ਕਿ ਹਰੇਕ ਸਾਲ ਪਿੰਡ ਲੋਹਾਰੇ ਦੀਆਂ ਸੰਗਤਾਂ ਵੱਲੋਂ ਬਾਬਾ ਜੀ ਦੀ ਬਰਸੀ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਈ ਜਾਂਦੀ ਹੈ ਅਤੇ ਧੰਨ ਧੰਨ ਬਾਬਾ ਨੰਦ ਸਿੰਘ ਜੀ ਸੇਵਾ ਸੋਸਾਇਟੀ ਪਿਛਲੇ ਪੰਜ ਸਾਲਾਂ ਤੋਂ ਇਹ ਸੇਵਾ ਨਿਰਵਿਘਨ ਨਿਭਾ ਰਹੀ ਹੈ। ਪੱਤਰਕਾਰ ਜਗਰਾਜ ਸਿੰਘ ਗਿੱਲ ਨੇ ਸੇਵਾ ਸੋਸਾਇਟੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡ ਲੋਹਾਰੇ ਦੇ ਇਹ ਨੌਜਵਾਨ ਜੋ ਕਿ ਸਮਾਜ ਪ੍ਰਤੀ ਆਪਣੀਆਂ ਸੇਵਾਵਾਂ ਦੇ ਰਹੇ ਹਨ, ਇਨ੍ਹਾਂ ਸੇਵਾਵਾਂ ਦਾ ਸਦਕਾ ਹੀ ਅੱਜ ਇਲਾਕੇ ਵਿੱਚ ਇਸ ਸੇਵਾ ਸੋਸਾਇਟੀ ਨੂੰ ਲੋਕ ਬੜਾ ਹੀ ਪਿਆਰ ਤੇ ਸਤਿਕਾਰ ਦੇ ਰਹੇ ਹਨ।



# ਹੜ੍ਹ ਪੀੜਤਾਂ ਲਈ ਮੰਡੇਰ ਦੇ ਲੋਕ ਅੱਗੇ ਆਏ



**ਬਰੇਟਾ (ਰੀਤਵਾਲ)**-ਪਿਛਲੇ ਦਿਨੀਂ ਭਾਰੀ ਮੀਂਹ ਨਾਲ ਅਤੇ ਦਰਿਆ ਨਾਲ ਲਗਦੇ ਇਲਾਕਿਆਂ ਵਿੱਚ ਆਏ ਭਾਰੀ ਹੜ੍ਹਾਂ ਨੇ ਲੱਖਾਂ ਲੋਕਾਂ ਤੇ ਫਸਲਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ।ਇਨ੍ਹਾਂ ਪੀੜਤ ਲੋਕਾਂ ਦੀ ਮਦਦ ਲਈ ਪਿੰਡ ਮੰਡੇਰ ਦੇ ਲੋਕਾਂ ਨੇ ਇੱਕ ਨੇਕ ਉਪਰਾਲਾ ਕੀਤਾ ਹੈ।ਇਹ ਜਾਣਕਾਰੀ ਦਿੰਦਿਆਂ ਸ਼ੰਭੂ ਮੰਡੇਰ ਨੇ ਦੱਸਿਆ ਕਿ ਇਨ੍ਹਾਂ ਪੀੜਤਾਂ ਦੀ ਮਦਦ ਲਈ ਟਰਾਲੀ ਵਿੱਚ ਕਣਕ ਤੇ ਫੰਡ ਇਕੱਠਾ ਕੀਤਾ, ਜੋ ਹੜ੍ਹ ਪੀੜਤ ਇਲਾਕਿਆਂ ਵਿੱਚ ਵੰਡਿਆ ਜਾਵੇਗਾ ਅਤੇ ਨ੍ਹਾਂ ਦੇ ਮੁੜ ਵਸੇਬੇ ਲਈ ਸਹਾਇਕ ਹੋਵੇਗਾ।

## ...ਸ.ਫ਼ਾ 1 ਦੇ ਬਾਕੀ

### ਰਾਹੁਲ 'ਤੇ ਚੀਕਣ ਦੀ ...

ਚੀਕੋ, ਜਿਵੇਂ ਚੋਣ ਕਮਿਸ਼ਨ ਨੇ ਕੀਤਾ। ਮੈਨੂੰ ਲੱਗਦਾ ਹੈ ਕਿ ਇਹ ਉਸ ਚੋਣ ਕਮਿਸ਼ਨ ਵਰਗਾ ਨਹੀਂ ਹੈ, ਜਿਸ ਨੂੰ ਅਸੀਂ ਜਾਣਦੇ ਹਾਂ।'

ਕੁਰੈਸ਼ੀ ਨੇ ਕਿਹਾ, 'ਸਾਨੂੰ (ਚੋਣ ਕਮਿਸ਼ਨ) ਸਿਰਫ਼ ਨਿਰਪੱਖ ਹੀ ਨਹੀਂ ਹੋਣਾ ਚਾਹੀਦਾ, ਸਗੋਂ ਸਾਨੂੰ ਨਿਰਪੱਖ ਦਿਖਣਾ ਵੀ ਚਾਹੀਦਾ ਹੈ। ਜਾਂਚ ਤੱਥਾਂ ਨੂੰ ਸਾਹਮਣੇ ਲਿਆਉਂਦੀ ਹੈ। ਇਸ ਲਈ ਚੋਣ ਕਮਿਸ਼ਨ ਨੇ ਜਿਸ ਤਰ੍ਹਾਂ ਪ੍ਰਤੀਕਿਰਿਆ ਦਿੱਤੀ, ਉਸ ਦੀ ਬਜਾਏ ਜਾਂਚ ਸਹੀ ਕੰਮ ਸੀ ਅਤੇ ਉਨ੍ਹਾਂ ਇੱਕ ਮੌਕਾ ਗੁਆ ਦਿੱਤਾ।' ਸਾਬਕਾ ਚੋਣ ਕਮਿਸ਼ਨਰ ਕੁਰੈਸ਼ੀ ਦੀ ਇਹ ਟਿੱਪਣੀ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵੱਲੋਂ ਪਿਛਲੇ ਮਹੀਨੇ ਇੱਥੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਦਿੱਤੇ ਉਸ ਬਿਆਨ ਤੋਂ ਬਾਅਦ ਆਈ ਹੈ, ਜਿਸ ਵਿਚ ਉਨ੍ਹਾ ਕਿਹਾ ਸੀ ਕਿ ਗਾਂਧੀ ਨੂੰ ਵੋਟਰ ਸੂਚੀ ਵਿੱਚ ਬੇਨਿਯਮੀਆਂ ਦੇ ਆਪਣੇ ਦੋਸ਼ਾਂ ਬਾਰੇ ਸੱਤ ਦਿਨਾਂ ਦੇ ਅੰਦਰ ਹਲਫ਼ਨਾਮਾ ਦਾਇਰ ਕਰਨਾ ਹੋਵੇਗਾ, ਨਹੀਂ ਤਾਂ ਉਨ੍ਹਾ ਦੇ 'ਵੋਟ ਚੋਰੀ' ਦੇ ਦਾਅਵਿਆਂ ਨੂੰ ਬੇਬੁਨਿਆਦ ਅਤੇ ਅਵੈਧ ਕਰਾਰ ਦਿੱਤਾ ਜਾਵੇਗਾ।

# ਸਲਾਈਟ ਲੌਂਗੋਵਾਲ 'ਚ ਸਰਟੀਫਿਕੇਟ ਤੇ ਡਿਪਲੋਮਾ ਐਵਾਰਡ ਸਮਾਰੋਹ



**ਲੌਂਗੋਵਾਲ (ਪ੍ਰਦੀਪ ਸੱਪਲ)**-ਸਰਟੀਫਿਕੇਟ ਤੇ ਡਿਪਲੋਮਾ ਐਵਾਰਡ ਸਮਾਰੋਹ 2025 ਦਾ ਆਯੋਜਨ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵਿਖੇ ਕੀਤਾ ਗਿਆ।ਭਾਰਤੀ ਪ੍ਰੌਦਯੋਗਿਕੀ ਸੰਸਥਾਨ (ਆਈ.ਆਈ.ਟੀ), ਮੰਡੀ ਦੇ ਡਾਇਰੈਕਟਰ ਪ੍ਰੋ. ਲਕਸ਼ਮੀਧਰ ਬਿਹਰਾ ਮੁੱਖ ਮਹਿਮਾਨ ਸਨ ਤੇ ਥਾਪਰ ਇੰਜਨੀਅਰਿੰਗ ਐਂਡ ਟੈਕਨਾਲੋਜੀ ਇੰਸਟੀਚਿਊਟ ਪਟਿਆਲਾ ਦੇ ਐਨਰਜੀ ਐਂਡ ਐਨਵਾਇਰਨਮੈਂਟ ਵਿਭਾਗ ਦੇ ਮੁਖੀ ਪ੍ਰੋ. ਅਨੂਪ ਵਰਮਾ ਵਿਸ਼ੇਸ਼ ਮਹਿਮਾਨ ਸਨ।ਸੰਸਥਾਨ ਡਾਇਰੈਕਟਰ ਪ੍ਰੋ. ਮਣੀ ਕਾਂਤ ਪਾਸਵਾਨ ਨੇ ਸੰਸਥਾਨ ਦੀ ਪਿਛਲੇ ਸਾਲ ਦੀਆਂ ਪ੍ਰਾਪਤੀਆਂ 'ਤੇ ਰੌਸ਼ਨੀ ਪਾਈ।ਮੁੱਖ ਮਹਿਮਾਨ ਪ੍ਰੋ. ਬਿਹਰਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਲਈ ਦੇਸੀ ਉਤਪਾਦ ਵਿਕਾਸ 'ਤੇ ਜ਼ੋਰ ਦਿੱਤਾ।ਇਸੇ ਤਰ੍ਹਾਂ ਵਿਸ਼ੇਸ਼ ਮਹਿਮਾਨ ਪ੍ਰੋ. ਅਨੂਪ ਵਰਮਾ ਨੇ ਨਵੇਂ ਗ੍ਰੈਜੂਏਟਾਂ ਨੂੰ ਮਿਹਨਤ ਕਰਕੇ ਉਚਾਈਆਂ ਨੂੰ ਛੂਹਣ ਅਤੇ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਇਸ ਸਮਾਰੋਹ ਵਿੱਚ ਕੁੱਲ 286 ਵਿਦਿਆਰਥੀਆਂ ਨੂੰ ਡਿਪਲੋਮਾ ਤੇ 210 ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ।ਡਿਪਲੋਮਾ ਪੱਧਰ 'ਤੇ 7 ਵਿਦਿਆਰਥੀਆਂ ਨੂੰ ਸੋਨੇ ਦੇ ਤਮਗੇ ਤੇ 7 ਵਿਦਿਆਰਥੀਆਂ ਨੂੰ ਚਾਂਦੀ ਦੇ ਤਮਗੇ ਦਿੱਤੇ ਗਏ।ਸਰਟੀਫਿਕੇਟ ਪੱਧਰ 'ਤੇ 13 ਵਿਦਿਆਰਥੀਆਂ ਨੂੰ ਸੋਨੇ ਦੇ ਤਮਗੇ ਅਤੇ 13 ਵਿਦਿਆਰਥੀਆਂ ਨੂੰ ਚਾਂਦੀ ਦੇ ਤਮਗੇ ਨਾਲ ਸਨਮਾਨਤ ਕੀਤਾ ਗਿਆ।

# ਰਿਕਾਰਡ ਗੁੰਮ ਹੋਣ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ

## *ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਦੌਰਾਨ ਵੱਡਾ ਖੁਲਾਸਾ*

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੁਲਸ ਨੇ ਵੱਡੀ ਕਾਰਵਾਈ ਕਰਦੇ ਹੋਏ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ 316 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਇਹ ਕਾਰਵਾਈ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਦੌਰਾਨ 1964 ਦੇ ਮਾਲ ਵਿਭਾਗ ਨਾਲ ਸਬੰਧਤ ਰਿਕਾਰਡ ਦੇ ਗੁੰਮ ਹੋਣ ਤੋਂ ਬਾਅਦ ਕੀਤੀ ਗਈ ਹੈ। ਇਸ ਮਾਮਲੇ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਥਾਣਾ ਕੈਂਟ ਫਿਰੋਜ਼ਪੁਰ ਦੇ ਐੱਸਆਈ ਗੁਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਇਹ ਕੇਸ ਸੀ ਡਬਲਯੂ ਪੀ 19216/2024 (ਜਸਵਿੰਦਰ ਸਿੰਘ ਬਨਾਮ ਯੂਨੀਅਨ ਆਫ ਇੰਡੀਆ) ਨਾਲ ਜੁੜਿਆ ਹੋਇਆ ਹੈ। ਮਾਨਯੋਗ ਹਾਈ ਕੋਰਟ ਨੇ 15 ਜੁਲਾਈ 2025 ਨੂੰ ਇਕ ਫੈਸਲਾ ਸੁਣਾਉਂਦਿਆਂ ਜ਼ਿਲ੍ਹਾ ਮਾਲ ਅਫਸਰ ਫਿਰੋਜ਼ਪੁਰ ਤੋਂ 1964 ਦਾ ਸਬੰਧਤ ਰਿਕਾਰਡ ਮੰਗਿਆ ਸੀ। ਇਸ ਰਿਕਾਰਡ ਨੂੰ ਲੱਭਣ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਸੀ। ਐੱਸ ਆਈ ਗੁਰਵਿੰਦਰ ਪਾਲ ਸਿੰਘ ਦੱਸਿਆ ਕਿ ਗਠਿਤ ਟੀਮਾਂ ਨੇ ਲਗਾਤਾਰ ਕਈ ਦਿਨਾਂ ਤੱਕ ਬਹੁਤ ਵਿਸਤਾਰ ਨਾਲ ਜਾਂਚ ਕੀਤੀ ਤੇ ਰਿਕਾਰਡ ਦੀ ਭਾਲ ਕੀਤੀ, ਪਰ ਉਨ੍ਹਾਂ ਨੂੰ ਇਹ ਰਿਕਾਰਡ ਨਹੀਂ ਮਿਲ ਸਕਿਆ। ਰਿਕਾਰਡ ਨਾ ਮਿਲਣ ਦੀ ਸੂਰਤ ਵਿਚ ਪੁਲਸ ਨੇ ਜ਼ਿਲ੍ਹਾ ਅਟਾਰਨੀ ਫਿਰੋਜ਼ਪੁਰ ਤੋਂ ਕਾਨੂੰਨੀ ਰਾਏ ਲਈ। ਜ਼ਿਲ੍ਹਾ ਅਟਾਰਨੀ ਨੇ ਇਸ ਮਾਮਲੇ ਨੂੰ ਦੇਖਦਿਆਂ ਡਿਪਟੀ ਕਪਤਾਨ ਪੁਲਸ (ਸ਼ਹਿਰੀ) ਫਿਰੋਜ਼ਪੁਰ ਨੂੰ ਅਣਪਛਾਤੇ ਵਿਅਕਤੀਆਂ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਸਲਾਹ ਦਿੱਤੀ। ਇਸ ਸਲਾਹ ਦੇ ਆਧਾਰ 'ਤੇ ਪੁਲਸ ਨੇ ਅਣਪਛਾਤੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਐੱਸਆਈ ਗੁਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਪੁਲਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

# ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪਲੇਸਮੈਂਟ ਕੈਂਪ



**ਧੂਰੀ (ਮਨੋਹਰ ਸੱਗੂ, ਬਿੰਨੀ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਵਿਖੇ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਮੰਡ ਦੇ ਯਤਨਾਂ ਨਾਲ ਸਮੇਂ ਸਮੇਂ 'ਤੇ ਕਾਲਜ ਕੈਂਪਸ ਵਿਖੇ ਵੱਖ-ਵੱਖ ਕੰਪਨੀਆਂ ਪਲੇਸਮੈਂਟ ਕੈਂਪ ਵਿੱਚ ਭਾਗ ਲੈਂਦੀਆਂ ਹਨ।ਇਸ ਦੇ ਤਹਿਤ ਹੀ ਲਗਾਏ ਪਲੇਸਮੈਂਟ ਕੈਂਪ ਵਿੱਚ ਫਿਊਚਰ ਅੱਪਲਿਫਟਮੈਂਟ ਬਿਜ਼ਨੈੱਸ ਪ੍ਰਾਈਵੇਟ ਲਿਮਿਟਡ ਤੇ ਪੇਟੀਐੱਮ ਕੰਪਨੀ ਦੇ ਅਧਿਕਾਰੀਆਂ ਨੇ ਭਾਗ ਲਿਆ।ਜ਼ਿਕਰਯੋਗ ਹੈ ਕਿ ਇਸ ਕੈਂਪ ਵਿੱਚ 20 ਉਮੀਦਵਾਰ ਵੱਖ-ਵੱਖ ਅਸਾਮੀਆਂ ਲਈ ਚੁਣੇ ਗਏ।ਇਸ ਕੈਂਪ ਦਾ ਪ੍ਰਬੰਧ ਕਾਲਜ ਦੇ ਗਾਈਡੈਂਸ ਤੇ ਪਲੇਸਮੈਂਟ ਸੈੱਲ ਦੇ ਕਨਵੀਨਰ ਡਾ. ਅਮਿਤਾ ਜੈਨ ਨੇ ਡਾ. ਗਗਨਦੀਪ ਸਿੰਘ, ਡਾ. ਕਰਮਜੀਤ ਸਿੰਘ, ਪ੍ਰੋ. ਪ੍ਰਭਜੋਤ ਕੌਰ, ਪ੍ਰੋ. ਰਾਮਫਲ ਤੇ ਪ੍ਰੋ. ਰੁਪਾਲੀ ਗਰਗ ਦੇ ਸਹਿਯੋਗ ਨਾਲ ਕੀਤਾ।

# ਪਰਮਜੀਤ ਕੌਰ ਦਲਿਤ ਸਮਾਜ ਸੰਗਠਨ ਮਹਿਲਾ ਵਿੰਗ ਦੀ ਸੀਨੀਅਰ ਮੀਤ ਪ੍ਰਧਾਨ ਨਿਯੁਕਤ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)**-ਦਲਿਤ ਸਮਾਜ ਸੇਵਾ ਸੰਗਠਨ ਸੁਨਾਮ ਊਧਮ ਸਿੰਘ ਵਾਲਾ ਤੋਂ ਰਹਿਣ ਵਾਲੇ ਬੀਬਾ ਰਣਜੀਤ ਕੌਰ ਜ਼ਿਲ੍ਹਾ ਪ੍ਰਧਾਨ ਦੀ ਰਹਿਨੁਮਾਈ ਹੇਠ ਸੁਨਾਮ ਲੌਂਗੋਵਾਲ ਨੇੜਲੇ ਪਿੰਡ ਰੱਤੋਕੇ ਦੀ ਰਹਿਣ ਵਾਲੀ ਬੀਬੀ ਪਰਮਜੀਤ ਕੌਰ ਪੰਮੀ ਨੂੰ ਦਲਿਤ ਸਮਾਜ ਸੰਗਠਨ ਮਹਿਲਾ ਵਿੰਗ ਦੀ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।ਜ਼ਿਲ੍ਹਾ ਪ੍ਰਧਾਨ ਬੀਬਾ ਰਣਜੀਤ ਕੌਰ ਨੇ ਇਕੱਠ ਵਿੱਚ ਬੋਲਦੇ ਕਿਹਾ ਕਿ ਅੱਜ ਸਾਡੇ ਸਮਾਜ ਨੂੰ ਬਹੁਤ ਪਛਾੜਿਆ ਜਾ ਰਿਹਾ ਹੈ, ਇਸ ਲਈ ਸਾਨੂੰ ਇਕੱਠੇ ਰਹਿਣ ਦੀ ਜ਼ਰੂਰਤ ਹੈ ਤਾਂ ਕਿ ਅਸੀਂ ਆਪਣੇ ਹੱਕ ਲੈ ਸਕੀਏ।ਜਿੱਥੇ ਵੀ ਸਾਡੀ ਜਮਾਤ ਨਾਲ ਧੱਕਾ ਹੁੰਦਾ, ਅਸੀਂ ਉੱਥੇ ਇੱਕਜੁੱਟ ਹੋ ਕੇ ਲੜੀਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾ ਪ੍ਰਧਾਨ ਹਰਮੇਸ਼ ਸਿੰਘ ਹਿਆਣਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅਸੀਂ ਇਕੱਠੇ ਹੋ ਕੇ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਸੁਪਨਿਆਂ ਨੂੰ ਸਾਕਾਰ ਕਰ ਸਕਦੇ ਹਾਂ।ਸਾਨੂੰ ਉਨ੍ਹਾਂ ਨੇ ਬੋਲਣ ਤੇ ਆਪਣੇ ਹੱਕ ਲੈਣ ਦੀ ਆਜ਼ਾਦੀ ਦਵਾਈ ਹੈ।ਇਹ ਅਸੀਂ ਤਾਂ ਹੀ ਲੈ ਸਕਦੇ ਹਾਂ ਜੇ ਅਸੀਂ ਇਕੱਠੇ ਹੋ ਕੇ ਜੈ ਭੀਮ ਜੈ ਭਾਰਤ ਦਾ ਨਾਅਰਾ ਲਾ ਕੇ ਆਪਣੇ ਹੱਕਾਂ ਲਈ ਲੜਾਂਗੇ।ਇਨ੍ਹਾਂ ਨਾਲ ਵਿਸ਼ੇਸ਼ ਤੌਰ 'ਤੇ ਇਸਤਰੀ ਵਿੰਗ ਦੇ ਲੁਧਿਆਣਾ ਜ਼ਿਲ੍ਹੇ ਤੋਂ ਪਹੁੰਚੇ ਬੀਬੀ ਰੁਪਿੰਦਰ ਕੌਰ ਗਿੱਲ, ਇਸਤਰੀ ਵਿੰਗ ਪ੍ਰਧਾਨ ਕਮਲਜੀਤ ਕੌਰ, ਹਰਬੰਸ ਸਿੰਘ ਖਾਲਸਾ, ਜ਼ਿਲ੍ਹਾ ਜਥੇਦਾਰ ਪਟਿਆਲਾ ਪ੍ਰਿੰਸ, ਪ੍ਰਧਾਨ ਤ੍ਰਿਪਟੀ ਪਟਿਆਲਾ ਸੇਵਕ ਸਿੰਘ, ਤ੍ਰਿਪਟੀ ਪਟਿਆਲਾ ਤੇ ਸਮੂਹ ਨਗਰ ਨਿਵਾਸੀ ਮੌਕੇ 'ਤੇ ਹਾਜ਼ਰ ਸਨ।

# ਰੇਲਵੇ ਬਰਿੱਜ ਦੀ ਉਸਾਰੀ 'ਚ ਅੜਿੱਕਾ ਪਾ ਕੇ ਬਿੱਟੂ ਨੇ ਧੂਰੀ ਵਾਸੀਆਂ ਦੀਆਂ ਭਾਵਨਾਵਾਂ ਦਾ ਘਾਣ ਕੀਤਾ : ਢਿੱਲੋਂ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਧੂਰੀ ਦੇ ਲੋਕ ਲੰਬੇ ਸਮੇਂ ਤੋਂ ਰੇਲਵੇ ਓਵਰ ਬਰਿੱਜ ਦੀ ਮੰਗ ਕਰ ਰਹੇ ਹਨ, ਪਰ ਜਦੋਂ ਹੁਣ ਹਲਕਾ ਵਿਧਾਨਕਾਰ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਪੁਲ ਦਾ ਸਾਰਾ ਖਰਚਾ ਪੰਜਾਬ ਸਰਕਾਰ ਦੇ ਬਜਟ ਵਿੱਚੋਂ ਪਾਸ ਕਰਕੇ ਸਿਰਫ਼ ਕੇਂਦਰ ਸਰਕਾਰ ਤੋਂ ਮਨਜ਼ੂਰੀ ਦੀ ਮੰਗ ਕੀਤੀ ਹੈ ਤਾਂ ਭਾਜਪਾ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਅਤੇ ਕੇਂਦਰੀ ਮੰਤਰੀ ਆਪਣੀ ਸੌੜੀ ਸਿਆਸਤ ਕਰਦੇ ਹੋਏ ਇਸ ਪੁਲ ਦੀ ਉਸਾਰੀ ਵਿੱਚ ਜਾਣ-ਬੁੱਝ ਕੇ ਅੜਿੱਕਾ ਪਾ ਰਹੇ ਹਨ।ਢਿੱਲੋਂ ਨੇ ਕੇਂਦਰੀ ਰੇਲਵੇ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਦਿੱਤੇ ਉਸ ਬਿਆਨ ਦੀ ਤਿੱਖੀ ਆਲੋਚਨਾ ਕੀਤੀ, ਜਿਸ ਵਿੱਚ ਉਨ੍ਹਾਂ ਧੂਰੀ ਬਰਿੱਜ ਦੀ ਐੱਨ.ਓ.ਸੀ. ਦੇਣ ਦੀ ਬਜਾਏ ਦੋਰਾਹਾ ਰੇਲਵੇ ਪੁਲ ਦੀ ਫਾਈਲ 'ਤੇ ਦਸਤਖ਼ਤਾਂ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਇਹ ਕਦਮ ਧੂਰੀ ਵਾਸੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਦੇ ਬਰਾਬਰ ਹੈ।ਕਿਸੇ ਇੱਕ ਸ਼ਹਿਰ ਦੀ ਮੰਗ ਨੂੰ ਦੂਜੇ ਸ਼ਹਿਰ ਦੇ ਮਾਮਲੇ ਨਾਲ ਜੋੜਨਾ ਪੂਰੀ ਤਰ੍ਹਾਂ ਅਨੁਚਿਤ ਤੇ ਲੋਕ-ਵਿਰੋਧੀ ਹੈ।ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਕੇਂਦਰ ਨੂੰ ਸਾਰੀ ਕਾਰਵਾਈ ਪੂਰੀ ਕਰਕੇ ਫਾਈਲ ਭੇਜੀ ਜਾ ਚੁੱਕੀ ਹੈ, ਪਰ ਬਿੱਟੂ ਵੱਲੋਂ ਜਾਣ-ਬੁੱਝ ਕੇ ਧੂਰੀ ਪ੍ਰਾਜੈਕਟ ਵਿੱਚ ਰੁਕਾਵਟ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਕੇਂਦਰ ਸਰਕਾਰ ਲੋਕਾਂ ਦੇ ਹਿੱਤਾਂ ਵਿੱਚ ਕੰਮ ਕਰਨ ਦੀ ਥਾਂ ਰਾਜਨੀਤਕ ਹਿਸਾਬ-ਕਿਤਾਬ ਕਰੇਗੀ ਤਾਂ ਇਸ ਦਾ ਵਿਰੋਧ ਹਰ ਪੱਧਰ 'ਤੇ ਕੀਤਾ ਜਾਵੇਗਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

# ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲਾ ਅੰਮ੍ਰਿਤਸਰ ਦੀ ਸਰਬਸੰਮਤੀ ਨਾਲ ਚੋਣ

## ● ਕੁਲਵੰਤ ਸਿੰਘ ਚੇਅਰਮੈਨ, ਸੱਤਿਆਪਾਲ ਗੁਪਤਾ ਮੁੱਖ ਸਲਾਹਕਾਰ ਤੇ ਬਲਰਾਜ ਸਿੰਘ ਭੰਗੂ ਪ੍ਰਧਾਨ ਬਣੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੰਜਾਬ ਪੈਨਸ਼ਨਰਜ਼ ਯੂਨੀਅਨ ਜਿਲਾ ਅੰਮ੍ਰਿਤਸਰ ਦੀ ਸਰਬਸੰਮਤੀ ਨਾਲ ਚੋਣ ਹੋਈ ਜਿਸ ਵਿਚ ਕੁਲਵੰਤ ਸਿੰਘ ਤੋਲਾ ਨੰਗਲ ਚੇਅਰਮੈਨ, ਸਤਿਆਪਾਲ ਗੁਪਤਾ ਮੁੱਖ ਸਲਾਹਕਾਰ, ਬਲਰਾਜ ਸਿੰਘ ਭੰਗੂ ਪ੍ਰਧਾਨ, ਕੁਲਵੰਤ ਸਿਘ ਘੁਕੇਵਾਲੀ ਜਨਰਲ ਸਕੱਤਰ, ਨਿਰਵੈਰ ਸਿੰਘ ਵਿੱਤ ਸਕੱਤਰ ਸਰਬਸੰਮਤੀ ਨਾਲ ਚੁਣੇ ਗਏ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਵਿਛੋੜਾ ਦੇ ਗਏ ਸਾਥੀ ਸਾਬਕਾ ਜਨਰਲ ਸਕੱਤਰ ਕੁਲਦੀਪ ਸਿੰਘ ਹੁਸ਼ਿਆਰਪੁਰ, ਰਣਬੀਰ ਸਿੰਘ ਢਿੱਲੋਂ, ਸੱਜਣ ਸਿੰਘ, ਜਿਲਾ ਪ੍ਰਧਾਨ ਦਰਸ਼ਨ ਸਿੰਘ ਛੀਨਾ, ਸਰਪ੍ਰਸਤ ਜਸਵੰਤ ਸਿੰਘ ਬੱਤਰਾ, ਮੈਡਮ ਸੁਰਿੰਦਰ ਕੌਰ, ਅਮਰਜੀਤ ਕੌਰ ਅਤੇ ਹੋਰ ਪੈਨਸ਼ਨਰ ਸਾਥੀਆਂ ਨੂੰ ਅਤੇ ਹੜ੍ਹਾਂ ਕਾਰਨ ਗਈਆਂ ਕੀਮਤੀ ਜਾਨਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਚੋਣ ਦੀ ਪ੍ਰਕਿਰਿਆ ਸ਼ੁਰੂ ਕਰਦੇ ਹੋਏ ਜ਼ਿਲਾ ਜਨਰਲ ਸਕੱਤਰ ਸਤਿਆਪਾਲ ਗੁਪਤਾ ਨੇ ਪਿਛਲੇ ਸਮੇਂ ਵਿੱਚ ਜਥੇਬੰਦੀ ਦੀ ਕਾਰਗੁਜ਼ਾਰੀ ਦੀ ਰੀਪੋਰਟ ਖਚਾਖਚ ਭਰੇ ਹਾਊਸ ਵਿੱਚ ਪੇਸ਼ ਕੀਤੀ ਅਤੇ ਵਿੱਤ ਸਕੱਤਰ ਨੇ ਅੱਜ ਤੱਕ ਦਾ ਸਾਰਾ ਹਿਸਾਬ ਪੇਸ਼ ਕੀਤਾ ਜਿਸ ਨੂੰ ਹਾਊਸ ਵਲੋਂ ਤਾੜੀਆਂ ਦੀ ਗੂੰਜ ਵਿੱਚ ਪਾਸ ਕੀਤਾ ਗਿਆ। ਸੱਤ ਮੈਂਬਰਾਂ ਦੀ ਚੋਣ ਕਮੇਟੀ ਬਣਾਈ ਗਈ। ਕਮੇਟੀ ਨੇ ਉਪਰੋਕਤ ਪੈਨਲ ਤਿਆਰ ਕਰਕੇ ਹਾਊਸ ਵਿਚ ਪੇਸ਼ ਕੀਤਾ ਜਿਸ ਨੂੰ ਹਾਊਸ ਨੇ ਦੋਨੋਂ ਹੱਥ ਖੜ੍ਹੇ ਕਰਕੇ ਪਾਸ ਕੀਤਾ। ਭੈਣ ਰਜਿੰਦਰਪਾਲ ਕੌਰ, ਕੁਲਦੀਪ ਸਿੰਘ ਬਲ, ਬਲਦੇਵ ਰਾਜ, ਕੁਲਵੰਤ ਸਿੰਘ, ਪਰਮਜੀਤ ਸਿੰਘ ਨਿਝਰ, ਪ੍ਰਗਟ ਸਿੰਘ ਕਾਨੂੰਗੋ, ਭਵਾਨੀ ਫੇਰ, ਰਾਮ ਮੂਰਤੀ ਸ਼ਰਮਾ ਨੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਨਾਲ ਕੀਤੀ ਜਾ ਰਹੀ ਬੇਇਨਸ਼ਾਫੀ ਅਤੇ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਪੰਜਾਬ ਸਰਕਾਰ ਨੂੰ ਯਾਦ ਕਰਵਾਉਂਦਿਆਂ ਉਨ੍ਹਾਂ ਕਿਹਾ ਕਿ ਉਹ ਪੈਨਸ਼ਨਰਾਂ ਨਾਲ ਕੀਤੇ ਵਾਅਦੇ ਭੁੱਲ ਬੈਠੀ ਹੈ। ਕਈ ਵਾਰ ਸੰਘਰਸ਼ਾਂ, ਧਰਨਿਆਂ ਦੇ ਰੂਪ ਵਿੱਚ ਯਾਦ ਕਰਾਉਣਾ ਦੀ ਕੋਸ਼ਿਸ਼ ਕੀਤੀ ਹੈ ਪਰ ਅਜੇ ਤੱਕ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕੀ ਇਥੋਂ ਤੱਕ ਕਿ ਜੋ ਕੇਂਦਰ ਸਰਕਾਰ ਦੇ ਤਰਜ਼ ਤੇ ਲਿਖ਼ਤੀ ਫੈਸਲਾ ਕਿ ਡੀ ਏ ਦਿੱਤਾ ਜਾਵੇਗਾ ਪਰ ਪੰਜਾਬ ਸਰਕਾਰ ਪੈਨਸ਼ਨਰਾਂ ਦਾ 13% ਭਾਵ ਚਾਰ ਕਿਸ਼ਤਾਂ ਅਤੇ ਹਜ਼ਾਰਾਂ ਰੁਪਏ ਬਣਦਾ ਬਕਾਇਆ ਮਾਰ ਕੇ ਚੁੱਪ ਕੀਤੀ ਹੋਈ ਹੈ ਜਦੋਂ ਕਿ ਗੁਆਂਢੀ ਸੂਬਿਆਂ ਨੇ ਵੀ ਸਾਰਾ ਡੇ ਏ ਬਕਾਇਆ ਦੇ ਦਿੱਤਾ ਹੈ। ਪੁਰਜ਼ੋਰ ਮੰਗ ਕੀਤੀ ਗਈ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਅਜੇ ਵੀ ਸਮੇਂ ਸਿਰ ਜਾਇਜ਼ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਤੁਹਾਡਾ ਵੀ ਦੂਸਰੀਆਂ ਪਾਰਟੀਆਂ ਵਾਲਾ ਹਾਲ ਕਰ ਦੇਵਾਂਗੇ। ਕਾਨਫਰੰਸ ਵਿੱਚ ਹਰਜੀਤ ਸਿੰਘ ਉਪਲ, ਸੁਰਿੰਦਰ ਸਿੰਘ ਬ੍ਰਹਮਪੁਰਾ, ਤਿਲਕ ਰਾਜ, ਬਲੌਰ ਸਿੰਘ, ਮੇਲਾ ਰਾਮ ਸਾਬਕਾ ਬੀਪੀਓ ਤੀਰਥ ਰਾਮ, ਸੁਰਿੰਦਰ ਕੁਮਾਰ, ਬਲਦੇਵ ਸਿੰਘ ਭੋਮਾ, ਬਲਵੰਤ ਸਿੰਘ, ਸੱਜਣ ਸਿੰਘ ਚੋਗਾਵਾਂ, ਪ੍ਰਿਥੀਪਾਲ ਸਿੰਘ, ਪ੍ਰਿੰ. ਜਗਤਾਰ ਸਿੰਘ, ਅਵਤਾਰ ਸਿੰਘ, ਸੁਖਦੇਵ ਸਿੰਘ ਪੱਟੀ, ਬਲਦੇਵ ਸਿੰਘ ਆਦਿ ਪੈਨਸ਼ਨਰ ਹਾਜ਼ਰ ਸਨ।

# ਐਲੀਮੈਂਟਰੀ ਟੀਚਰਜ਼ ਯੂਨੀਅਨ ਵੱਲੋਂ ਹੜ੍ਹ ਪੀੜਤਾਂ ਲਈ 2 ਲੱਖ ਰੁਪਏ ਦਾ ਚੈੱਕ ਭੇਟ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਐਲੀਮੈਂਟਰੀ ਟੀਚਰਜ਼ ਯੂਨੀਅਨ ਅੰਮ੍ਰਿਤਸਰ (ਰਜਿ.) ਵੱਲੋਂ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਜਿੰਦਰਪਾਲ ਸਿੰਘ ਪੰਨੂ ਦੀ ਅਗਵਾਈ ਹੇਠ ਹੜ੍ਹ ਰਾਹਤ ਫੰਡ ਵਿੱਚ ਯੋਗਦਾਨ ਪਾਉਂਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਨੂੰ 2 ਲੱਖ ਰੁਪਏ ਦਾ ਚੈੱਕ ਸੌਂਪਿਆ ਗਿਆ।ਇਸ ਦੌਰਾਨ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਪੰਨੂ ਨੇ ਦੱਸਿਆ ਕਿ ਹੜ੍ਹਾਂ ਕਾਰਨ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ।ਇਸ ਲਈ ਸਾਡੇ ਜਥੇਬੰਦੀ ਨੇ ਇਸ ਔਖੀ ਘੜੀ 'ਚ ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਇਹ 2 ਲੱਖ ਰੁਪਏ ਦਾ ਚੈੱਕ ਦਿੱਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਸਾਕਸ਼ੀ ਸਾਹਨੀ ਨੂੰ ਸਨਮਾਨਿਤ ਵੀ ਕੀਤਾ ਗਿਆ।ਯੂਨੀਅਨ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਸਮੁੱਚੇ ਪੰਜਾਬ 'ਚ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੜ੍ਹ ਪੀੜਤਾਂ ਦੀ ਵੱਡੀ ਮਦਦ ਕੀਤੀ ਜਾ ਰਹੀ, ਜਿਸ ਤਹਿਤ ਪੂਰੇ ਪੰਜਾਬ ਅੰਦਰ ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ (ਰਜਿ:) ਵੱਲੋਂ ਹੁਣ ਤੱਕ 21 ਲੱਖ ਰੁਪਏ ਦਿੱਤੇ ਜਾ ਚੁੱਕੇ ਹਨ ਅਤੇ ਇਹ ਸੇਵਾ ਨਿਰੰਤਰ ਜਾਰੀ ਰਹੇਗੀ।ਇਸ ਮੌਕੇ ਮੌਜੂਦ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ:) ਕੰਵਲਜੀਤ ਸਿੰਘ ਨੇ ਇਸ ਉਪਰਾਲੇ ਲਈ ਜਥੇਬੰਦੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮੁੱਚੇ ਜ਼ਿਲ੍ਹੇ ਦਾ ਪ੍ਰਾਇਮਰੀ ਵਰਗ ਹੜ੍ਹਾਂ ਨਾਲ ਸੰਬੰਧਿਤ ਕਾਰਜਾਂ ਵਿੱਚ ਆਪਣਾ ਪੂਰਾ ਯੋਗਦਾਨ ਪਾ ਰਿਹਾ ਹੈ।ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਿੰਦਰ ਸਿੰਘ ਘੁੱਕੇਵਾਲੀ, ਪਰਮਬੀਰ ਸਿੰਘ ਰੋਖੇ, ਨਵਦੀਪ ਸਿੰਘ, ਸਰਬਜੋਤ ਸਿੰਘ ਵਿਛੋਆ, ਸੁਖਜਿੰਦਰ ਸਿੰਘ ਦੂਜੋਵਾਲ, ਗੁਰਪ੍ਰੀਤ ਸਿੰਘ ਵੇਰਕਾ, ਪ੍ਰਮੋਦ ਸਿੰਘ, ਪਰਮਿੰਦਰ ਸਿੰਘ ਸਰਪੰਚ, ਸੁਖਵਿੰਦਰ ਸਿੰਘ ਤੇੜੀ, ਬਲਜੀਤ ਸਿੰਘ ਧਾਰੀਵਾਲ, ਯਾਦਮਨਿੰਦਰ ਸਿੰਘ ਧਾਰੀਵਾਲ, ਕੰਵਲਜੀਤ ਸਿੰਘ ਰੋਖੇ, ਇੰਦਰਪਾਲ ਸਿੰਘ ਬੋਹਲੀਆਂ, ਗੁਰਿੰਦਰਬੀਰ ਸਿੰਘ, ਜਸਬੀਰ ਸਿੰਘ, ਕੰਵਲਜੀਤ ਸਿੰਘ ਪੰਨੂੰ, ਰਾਹੁਲ ਕੁਮਾਰ, ਸਰਬਜੀਤ ਸਿੰਘ ਸਰਾਏ, ਰਾਕੇਸ਼ ਕੁਮਾਰ, ਸੁਖਵਿੰਦਰ ਸਿੰਘ ਡੱਲਾ ਰਾਜਪੂਤਾਂ ਹਾਜ਼ਰ ਸਨ।



# ਟੈਗੋਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਸੰਸਥਾਪਕ ਕਵਲ ਕਿਸ਼ੋਰ ਸ਼ਰਮਾ ਨੂੰ ਸ਼ਰਧਾਂਜਲੀ



**ਗੁਰਦਾਸਪੁਰ (ਦਿਨੇਸ਼ ਕੁਮਾਰ)**- ਟੈਗੋਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸੰਸਥਾਪਕ ਸਵਰਗੀ ਕੰਵਲ ਕਿਸ਼ੋਰ ਸ਼ਰਮਾ ਨੂੰ ਉਨ੍ਹਾਂ ਦੀ ਬਰਸੀ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ, ਪ੍ਰਬੰਧਨ, ਸਟਾਫ਼ ਅਤੇ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰ ਮੌਜੂਦ ਸਨ।ਪਰਿਵਾਰਕ ਮੈਂਬਰਾਂ ਅਤੇ ਉਨ੍ਹਾਂ ਦੇ ਦੋਸਤਾਂ ਨੇ ਸ਼ਰਮਾ ਜੀ ਦੇ ਜੀਵਨ ਅਤੇ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਪਾਏ ਯੋਗਦਾਨ ਬਾਰੇ ਵਿਸਥਾਰ ਵਿੱਚ ਦੱਸਿਆ।ਇਸ ਮੌਕੇ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਤੋਂ ਇਲਾਵਾ ਲੋੜਵੰਦ ਲੋਕਾਂ ਵਿੱਚ ਰਾਸ਼ਨ ਵੰਡਿਆ ਗਿਆ ਜੋ ਕਿ ਸਵਰਗੀ ਕੰਵਲ ਕਿਸ਼ੋਰ ਸ਼ਰਮਾ ਦੀ ਯਾਦ ਵਿੱਚ ਇੱਕ ਮਹੱਤਵਪੂਰਨ ਪਹਿਲ ਸੀ।

# ਦੋ-ਦਿਨਾ ਮਾਸ ਕਮਿਊਨੀਕੇਸ਼ਨ ਵਰਕਸ਼ਾਪ ਦੀ ਸ਼ੁਰੂਆਤ

**ਗੁਰਦਾਸਪੁਰ (ਜਨਕ ਮਹਾਜਨ)**- ਗਵਰਨਮੈਂਟ ਕਾਲਜ ਗੁਰਦਾਸਪੁਰ ਵੱਲੋਂ ਅੰਦਰੂਨੀ ਗੁਣਵੱਤਾ ਭਰੋਸਾ ਸੈੱਲ ਅਤੇ ਇੰਸਟੀਚਿਊਸ਼ਨਲ ਇਨੋਵੇਸ਼ਨ ਕੌਂਸਲ ਦੇ ਸਾਂਝੇ ਉਪਰਾਲੇ ਨਾਲ ਦੋ-ਦਿਨਾ ਮਾਸ ਕਮਿਊਨੀਕੇਸ਼ਨ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਗਈ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਮੀਡੀਆ ਖੇਤਰ ਨਾਲ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਪੇਸ਼ਾਵਰ ਹੁਨਰ ਪ੍ਰਦਾਨ ਕਰਨਾ ਹੈ ਜੋ ਭਵਿੱਖੀ ਕੈਰੀਅਰ ਲਈ ਕੀਮਤੀ ਸਾਬਤ ਹੋਣਗੇ। ਕਾਲਜ ਦੇ ਕੁੱਲ 50 ਵਿਦਿਆਰਥੀ ਇਸ ਵਰਕਸ਼ਾਪ ਵਿਚ ਸਰਗਰਮੀ ਨਾਲ ਭਾਗ ਲੈ ਰਹੇ ਹਨ। ਇਹ ਉਹ ਵਿਦਿਆਰਥੀ ਹਨ, ਜਿਨ੍ਹਾਂ ਨੇ ਸਕ੍ਰਿਪਟ ਰਾਈਟਿੰਗ, ਐਂਕਰਿੰਗ, ਨਿਊਜ਼ ਰੀਡਿੰਗ ਅਤੇ ਕੈਮਰਾ ਓਪਰੇਸ਼ਨ ਵਰਗੀਆਂ ਵਿਧਾਵਾਂ ਵਿਚ ਗਹਿਰੀ ਦਿਲਚਸਪੀ ਦਿਖਾਈ ਹੈ, ਖ਼ਾਸ ਕਰਕੇ ਕਾਲਜ ਦੇ ਯੂਟਿਊਬ ਚੈਨਲ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਲਈ। ਇਹ ਵਰਕਸ਼ਾਪ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਆਏ ਮਸ਼ਹੂਰ ਵਿਸ਼ਿਸ਼ਟ ਪਰਸਨਜ਼ ਵੱਲੋਂ ਲਈ ਜਾ ਰਹੀ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਭੱਲਾ ਨੇ ਆਪਣੇ ਸੰਬੋਧਨ ਵਿਚ ਅਜਿਹੀਆਂ ਪਹਿਲਾਂ ਦੀ ਮਹੱਤਤਾ ਉਜਾਗਰ ਕੀਤੀ। ਡਾ. ਭੱਲਾ ਨੇ ਕਿਹਾ ਕਿ ਗਵਰਨਮੈਂਟ ਕਾਲਜ ਗੁਰਦਾਸਪੁਰ ਹਮੇਸ਼ਾ ਗੁਣਵੱਤਾ-ਭਰਪੂਰ ਸਿੱਖਿਆ ਦੇਣ ਅਤੇ ਵਿਦਿਆਰਥੀਆਂ ਨੂੰ ਆਧੁਨਿਕ ਸੰਸਾਰ ਦੀਆਂ ਚੁਣੌਤੀਆਂ ਨਾਲ ਨਿਭਣ ਲਈ ਤਾਜ਼ਾ ਹੁਨਰਾਂ ਤੇ ਨਵੀਨਤਾ ਨਾਲ ਲੈਸ ਕਰਨ ਲਈ ਵਚਨਬੱਧ ਰਿਹਾ ਹੈ।



# ਡੇਰਾ ਬਾਬਾ ਨਾਨਕ ਦੇ ਪਿੰਡਾਂ 'ਚ ਘਰ-ਘਰ ਪਹੁੰਚਾਈ ਰਾਹਤ ਸਮੱਗਰੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵਿੱਚ ਜਿੱਥੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਲਗਾਤਾਰ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਕਰ ਰਹੀਆਂ ਹਨ ਉੱਥੇ ਹੀ ਮਸੀਹੀ ਕੈਥੋਲਿਕ ਮਿਸ਼ਨ ਦੇ ਬਿਸ਼ਪ ਡਾ. ਜੋਸ਼ ਸਿਬਾਸਟੀਅਨ ਦੇ ਦਿਸ਼ਾ ਨਿਰਦੇਸ਼ ਤੇ ਕਾਦੀਆਂ ਤੋਂ ਸੇਂਟ ਜੋਸਿਫ਼ ਚਰਚ ਦੇ ਇੰਚਾਰਜ ਫਾਦਰ ਐਲਬਿਨ ਐਨਥੋਨੀ, ਪ੍ਰਧਾਨ ਸਨੀ ਅਤੇ ਵਾਈਸ ਪ੍ਰਧਾਨ ਅਮਾਨਤ ਮਸੀਹ, ਮਿਸਟਰ ਸ਼ਬਾਨ ਤੇ ਸਾਰੇ ਪੈਰਿਸ਼ ਮੈਂਬਰ ਦੀ ਅਗਵਾਈ ਵਿੱਚ ਸਾਰੀ ਮਸੀਹੀ ਕਲੀਸੀਆ ਵੱਲੋਂ ਹੜ੍ਹ ਨਾਲ ਪ੍ਰਭਾਵਿਤ ਡੇਰਾ ਬਾਬਾ ਨਾਨਕ ਦੇ ਪਿੰਡਾਂ ਵਿੱਚ ਘਰ ਘਰ ਜਾ ਕੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਅਤੇ ਕਈ ਹੋਰ ਸਾਮਾਨ ਵੰਡਿਆ ਗਿਆ।ਇਸ ਮੌਕੇ ਮਸੀਹ ਭਾਈਚਾਰੇ ਦੇ ਵੱਲੋਂ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ ਦੇ ਵਿੱਚ ਜਾ ਕੇ ਘਰ ਘਰ ਜਾ ਕੇ ਲੋਕਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਗਈ ਅਤੇ ਹਰ ਤਰ੍ਹਾਂ ਦੀ ਸਹੂਲਤ ਦੇਣ ਦਾ ਲੋਕਾਂ ਨੂੰ ਭਰੋਸਾ ਦਿੱਤਾ ਗਿਆ।ਉਨ੍ਹਾਂ ਗੱਲਬਾਤ ਕਰਦਿਆਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਵਿੱਚ ਜਿੱਥੇ ਹੜ੍ਹ ਦੇ ਪਾਣੀ ਦੇ ਵਿੱਚ ਲੋਕ ਫਸੇ ਹੋਏ ਸੀ ਉਨ੍ਹਾਂ ਦੀ ਮਦਦ ਕਰ ਰਹੇ ਸਨ ਪਰ ਹੁਣ ਪਾਣੀ ਬੇਸ਼ੱਕ ਡੇਰਾ ਬਾਬਾ ਨਾਨਕ ਦੇ ਪਿੰਡਾਂ ਵਿੱਚੋਂ ਖਤਮ ਹੋ ਗਿਆ ਹੈ ਪਰ ਅਜੇ ਵੀ ਅਗਲੇ ਸਮਿਆਂ ਤੱਕ ਲੋਕ ਆਪਣੇ ਉਨ੍ਹਾਂ ਰਾਹਾਂ ਤੇ ਨਹੀਂ ਆਉਣਗੇ ਕਿਉਂਕਿ ਹੜ੍ਹ ਦੇ ਨਾਲ ਸਾਰੇ ਇਲਾਕੇ ਬਹੁਤ ਹੀ ਪ੍ਰਭਾਵਿਤ ਹੋਏ ਹਨ। ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਇਸ ਮੁਸ਼ਕਿਲ ਘੜੀ ਦੇ ਵਿੱਚ ਇੱਕ ਜੁੱਟ ਹੋ ਕੇ ਪੰਜਾਬ ਦੇ ਹਰ ਪਿੰਡ ਵਿੱਚ ਰਾਹਤ ਸਮੱਗਰੀ ਸਿਹਤ ਸਹੂਲਤਾਂ ਪਹੁੰਚਾਈਏ ਤਾਂ ਜੋ ਕੋਈ ਵੀ ਘਰ ਰਾਸ਼ਨ ਅਤੇ ਹੋਰ ਸਿਹਤ ਸਹੂਲਤਾਂ ਅਤੇ ਹੋਰ ਜ਼ਰੂਰਤਾਂ ਤੋਂ ਵਾਂਝਾ ਨਾ ਰਹਿ ਸਕੇ।



# ਸੰਤ ਬਾਬਾ ਮਾਹੀ ਸਿੰਘ ਦੀ ਯਾਦ 'ਚ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ ਅੱਜ ਤੋਂ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪਿੰਡ ਤੋਲਾ ਨੰਗਲ ਵਿਖੇ ਸੰਤ ਬਾਬਾ ਮਾਹੀ ਸਿੰਘ ਦੀ ਯਾਦ ਵਿੱਚ ਮਨਾਇਆ ਜਾਣ ਵਾਲਾ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ 15, 16 ਅਤੇ 17 ਸਤੰਬਰ ਨੂੰ ਬੜੀ ਸ਼ਰਧਾ ਭਾਵਨਾ ਸਹਿਤ ਮਨਾਇਆ ਜਾ ਰਿਹਾ ਹੈ।ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਦੱਸਿਆ ਕਿ 15 ਸਤੰਬਰ ਦੀ ਰਾਤ ਨੂੰ ਸਜਾਏ ਜਾਣ ਵਾਲੇ ਧਾਰਮਿਕ ਦੀਵਾਨ ਵਿੱਚ ਬਾਬਾ ਹਰਭਜਨ ਸਿੰਘ ਕੂੰਨੀ ਵਾਲੇ, ਬਾਬਾ ਸਤਨਾਮ ਸਿੰਘ ਗੁਰੂ ਕੇ ਬਾਗ ਵਾਲੇ, ਭਾਈ ਸੰਤੋਖ ਸਿੰਘ ਸ਼ਹੀਦਾਂ ਸਿੰਘਾਂ ਵਾਲੇ, ਗਿਆਨੀ ਗੁਰਕੀਰਤ ਸਿੰਘ ਡਬਲ ਐੱਮ.ਏ., ਢਾਡੀ ਭਾਈ ਦਲਜੀਤ ਸਿੰਘ ਢਿੱਲਵਾਂ ਅਤੇ 16 ਸਤੰਬਰ ਨੂੰ ਰਾਗੀ ਭਾਈ ਪ੍ਰਮਜੀਤ ਸਿੰਘ ਅੰਮ੍ਰਿਤਸਰ ਵਾਲੇ, ਢਾਡੀ ਭਾਈ ਮਿਲਖਾ ਸਿੰਘ ਮੌਜੀ, ਕਥਾਵਾਚਕ ਭਾਈ ਦਿਲਬਾਗ ਸਿੰਘ ਬਲੇਅਰ ਗੁਰਮਤਿ ਸਮਾਗਮ ਦੀਆਂ ਹਾਜ਼ਰੀਆਂ ਭਰਨਗੇ।ਆਖਰੀ ਦਿਨ 17 ਸਤੰਬਰ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਢਾਡੀ ਭਾਈ ਗੁਰਬੇਜ ਸਿੰਘ ਚਵਿੰਡਾ, ਕਵੀਸ਼ਰ ਭਾਈ ਸੁਲੱਖਣ ਸਿੰਘ ਰਿਆੜ, ਢਾਡੀ ਭਾਈ ਸਤਨਾਮ ਸਿੰਘ ਲਾਲੂ ਘੁੰਮਣ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਨਗੇ।ਸ਼ਾਮ ਨੂੰ ਕੁੜੀਆਂ ਅਤੇ ਮੁੰਡਿਆਂ ਦੀਆਂ ਇੰਟਰਨੈਸ਼ਨਲ ਕਬੱਡੀ ਟੀਮਾਂ ਦੇ ਸ਼ੋਅ ਮੈਚ ਹੋਣਗੇ।



# ਫਸਲਾਂ ਦੇ ਖਰਾਬੇ ਦਾ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਸ਼ 'ਚ ਸਭ ਤੋਂ ਵੱਧ ਹੈ : ਸ਼ੈਰੀ ਕਲਸੀ

**ਬਟਾਲਾ (ਤਰਲੋਕ ਬੱਗਾ)**- ਮੁੱਖ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਸਰਕਾਰ 45 ਦਿਨਾਂ ਦੇ ਅੰਦਰ ਸੂਬੇ ਦੇ ਸਾਰੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣਾ ਯਕੀਨੀ ਬਣਾਏਗੀ।ਇਹ ਪ੍ਰਗਟਾਵਾ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕੀਤਾ। ਉਨ੍ਹਾਂ ਕਿਹਾ ਕਿ ਫ਼ਸਲਾਂ ਦੇ ਖਰਾਬੇ ਦਾ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਜੋ ਸਰਕਾਰ ਨੇ ਦੇਣਾ ਹੈ ਉਹ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਹ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਮੁਆਵਜ਼ਾ ਹੈ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਉਲੀਕੀ ਯੋਜਨਾ ਤਹਿਤ ਗਿਰਦਾਵਰੀ ਦੀ ਸਮੁੱਚੀ ਪ੍ਰਕਿਰਿਆ 45 ਦਿਨਾਂ ਦੇ ਅੰਦਰ ਪੂਰੀ ਕਰ ਲਈ ਜਾਵੇਗੀ।ਇਸ ਤੋਂ ਤੁਰੰਤ ਬਾਅਦ ਕਿਸਾਨਾਂ ਨੂੰ ਮੁਆਵਜ਼ੇ ਦੇ ਚੈਕ ਮਿਲਣੇ ਸ਼ੁਰੂ ਹੋ ਜਾਣਗੇ।ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਦਾ ਪੂਰਾ ਘਰ ਢਹਿ ਗਿਆ ਹੈ, ਉਨ੍ਹਾਂ ਨੂੰ 1,20,000 ਰੁਪਏ ਮਿਲਣਗੇ ਅਤੇ ਜਿਨ੍ਹਾਂ ਨੂੰ ਘੱਟ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ 40,000 ਰੁਪਏ ਮਿਲਣਗੇ।ਉਨ੍ਹਾਂ ਦੱਸਿਆ ਕਿ ਪਹਿਲਿਆਂ ਸਰਕਾਰਾਂ ਘਰਾਂ ਦੇ ਘੱਟ ਨੁਕਸਾਨ ਲਈ ਸਿਰਫ 6,800 ਰੁਪਏ ਮੁਆਵਜ਼ਾ ਦਿੰਦੀਆਂ ਸਨ, ਪਰ ਹੁਣ ਇਹ ਰਕਮ ਵਧਾ ਕੇ 40,000 ਰੁਪਏ ਕਰ ਦਿੱਤੀ ਗਈ ਹੈ।ਇਸੇ ਤਰ੍ਹਾਂ ਜਿਨ੍ਹਾਂ ਦੇ ਪਸ਼ੂ ਹੜ੍ਹਾਂ ਵਿੱਚ ਰੁੜ੍ਹ ਗਏ ਸਨ ਜਾਂ ਮਰ ਗਏ ਸਨ, ਉਨ੍ਹਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਵੇਗਾ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸੂਬਾ ਸਰਕਾਰ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਲੋਕਾਂ ਦੀਆਂ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ।



# ਅਮਨਦੀਪ ਕੌਰ ਕੁਲਾਰ ਗੁਰਮਤਿ ਮੁਕਾਬਲੇ ਵਿੱਚ ਜੇਤੂ ਰਹੀ



**ਤਰਨਤਾਰਨ (ਪ੍ਰਿਤਪਾਲ ਸਿੰਘ)**- ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਅਮਨਦੀਪ ਕੌਰ ਕੁਲਾਰ ਨੇ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ਼੍ਰੀ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਹਰਿਮੰਦਰ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਏ ਜਾ ਰਹੇ ਗੁਰਮਤਿ ਮੁਕਾਬਲਿਆਂ ਵਿੱਚ ਸ਼ਬਦ ਵਿਚਾਰ ਪ੍ਰਤੀਯੋਗਤਾ ਵਿੱਚ ਸਾਹਿਬ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਬਾਣੀ ਵਿੱਚੋਂ ਸ਼ਬਦ ਦੀ ਕਥਾ-ਵਿਚਾਰ ਕਰਕੇ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣਾ ਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਦੇ ਡਾਇਰੈਕਟਰ ਡਾ. ਜਤਿੰਦਰ ਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਮਨੀਸ਼ਾ ਸੂਦ, ਸਮੂਹ ਅਧਿਆਪਕ ਵਰਗ ਅਤੇ ਸਹਿਯੋਗੀ ਵਿਦਿਆਰਥੀਆਂ ਵੱਲੋਂ ਅਮਨਦੀਪ ਕੌਰ ਕੁਲਾਰ ਨੂੰ ਤਹਿ ਦਿਲੋਂ ਵਧਾਈ ਦਿੱਤੀ ਗਈ।ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਉਪਲਬਧੀਆਂ ਵਿਦਿਆਰਥੀਆਂ ਨੂੰ ਗੁਰਮਤਿ ਸਿੱਖਿਆ ਨਾਲ ਜੋੜਨ ਵਿੱਚ ਮਦਦਗਾਰ ਸਾਬਤ ਹੁੰਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਬਣਦੀਆਂ ਹਨ।

# ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ 'ਚ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੰਜਾਬ ਸਰਕਾਰ ਤੇ ਸਿਹਤ ਵਿਭਾਗ ਪੰਜਾਬ ਵੱਲੋਂ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਸੰਬੰਧੀ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਸਬੰਧੀ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੈਡੀਕਲ ਅਫਸਰ ਕਾਦੀਆਂ ਡਾ. ਸ਼ੁਭਨੀਤ ਕੁਮਾਰ ਦੀ ਅਗਵਾਈ ਹੇਠ ਕਾਦੀਆਂ ਦੇ ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ ਵਿੱਚ ਜਾ ਕੇ ਡੇਂਗੂ ਦਾ ਲਾਰਵਾ ਚੈਕ ਕੀਤਾ ਗਿਆ ਅਤੇ ਨਾਲ ਹੀ ਲੋਕਾਂ ਨੂੰ ਡੇਂਗੂ ਤੋਂ ਬਚਣ ਦੇ ਉਪਾਅ ਦੱਸੇ ਗਏ ਅਤੇ ਡੇਂਗੂ ਸਬੰਧੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ।ਇਸ ਸਬੰਧੀ ਵਿਭਾਗ ਦੀ ਟੀਮ ਨੇ ਦੱਸਿਆ ਕਿ ਪਾਣੀ ਦੇ ਸਰੋਤਾਂ ਨੂੰ ਹਰ ਹਫ਼ਤੇ ਖਾਲੀ ਕਰਨਾ ਚਾਹੀਦਾ ਹੈ।ਡੇਂਗੂ ਏਡੀਜ਼ ਅਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਇੱਕ ਹਫ਼ਤੇ ਤੋਂ ਜ਼ਿਆਦਾ ਸਮੇਂ ਤੱਕ ਖੜੇ ਸਾਫ਼ ਪਾਣੀ ਤੇ ਪੈਦਾ ਹੁੰਦਾ ਹੈ ਅਤੇ ਇੱਕ ਹਫ਼ਤੇ ਦੇ ਵਿੱਚ ਅੰਡੇ ਤੋਂ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ।ਇਹ ਮੱਛਰ ਦਿਨ ਵੇਲੇ ਕੱਟਦਾ ਹੈ।ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ, ਹੋਰ ਪਾਣੀ ਦੇ ਬਰਤਨਾਂ ਨੂੰ ਚੰਗੀ ਤਰ੍ਹਾਂ ਖਾਲੀ ਕਰਕੇ ਸੁਕਾ ਕੇ ਦੁਬਾਰਾ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ। ਸੌਣ ਲੱਗਿਆਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕਰੋ ਅਤੇ ਸਰੀਰ ਢੱਕਣੇ ਕੱਪੜੇ ਪਾਓ।ਬੁਖਾਰ ਹੋਣ ਤੇ ਨੇੜੇ ਦੇ ਸਿਹਤ ਕੇਂਦਰ ਤੋਂ ਜਾਂਚ ਕਰਵਾਈ ਜਾਵੇ। ਡੇਂਗੂ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਹੈਲਥ ਇੰਸਪੈਕਟਰ ਸਰਵਣ ਸਿੰਘ, ਕੁਲਦੀਪ ਕੁਮਾਰ, ਲਖਬੀਰ ਸਿੰਘ ਤੇ ਗੁਰਮੁਖ ਸਿੰਘ ਭਾਟੀਆ ਅਤੇ ਟੀਮ ਦੇ ਮੈਂਬਰ ਹਾਜ਼ਰ ਸਨ।



# ਅਧਿਆਤਮਿਕ ਖਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਵੱਲੋਂ ਨੌਜਵਾਨਾਂ ਨਾਲ ਮੀਟਿੰਗ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਜਮਾਤ ਅਹਿਮਦੀਆ ਇੰਡੀਆ ਦੇ ਬੁਲਾਰੇ ਕੇ ਤਾਰਿਕ ਅਹਿਮਦ ਨੇ ਲੰਡਨ ਵਿੱਚ ਅੰਤਰਰਾਸ਼ਟਰੀ ਮੁਸਲਿਮ ਜਮਾਤ ਅਹਿਮਦੀਆ ਦੇ ਅਧਿਆਤਮਿਕ ਖਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਵੱਲੋਂ ਆਯੋਜਿਤ ਇੱਕ ਮੀਟਿੰਗ ਵਿੱਚ ਮਜਲਿਸ ਖੁਦਾਮੁਲ ਅਹਿਮਦੀਆ ਦੇ ਮੈਂਬਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕੁਰਾਨ ਦੇ ਕਈ ਅਰਥ ਅਤੇ ਵਿਆਖਿਆਵਾਂ ਹਨ। ਇਸ ਲਈ ਸਾਨੂੰ ਪਵਿੱਤਰ ਕੁਰਾਨ ਦਾ ਅਧਿਐਨ ਕਰਨਾ ਚਾਹੀਦਾ ਹੈ। ਸਮੇਂ ਦੇ ਨਾਲ ਨਵੇਂ ਅਰਥ ਸਾਹਮਣੇ ਆਉਂਦੇ ਹਨ ਜਿਸ ਵਿੱਚ ਇੱਕ ਵਿਅਕਤੀ ਨੇ ਪੁੱਛਿਆ ਕਿ ਆਪਣੇ ਮਾਪਿਆਂ ਪ੍ਰਤੀ ਦਿਆਲਤਾ ਅਤੇ ਸਤਿਕਾਰ ਕਿਵੇਂ ਬਣਾਈ ਰੱਖਣਾ ਹੈ, ਖਾਸ ਕਰਕੇ ਜੇਕਰ ਉਨ੍ਹਾਂ ਦੀ ਸਲਾਹ ਕਈ ਵਾਰ ਅਣਸੁਖਾਵੀਂ ਲੱਗਦੀ ਹੈ ਜਿਸਦਾ ਜਵਾਬ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਕੁਰਾਨ ਦੇ ਅਨੁਸਾਰ ਤੁਹਾਨੂੰ ਹਮੇਸ਼ਾ ਆਪਣੇ ਮਾਪਿਆਂ ਪ੍ਰਤੀ ਦਿਆਲੂ ਹੋਣਾ ਚਾਹੀਦਾ ਹੈ, ਹਰ ਮਾਮਲੇ ਵਿੱਚ ਉਨ੍ਹਾਂ ਦਾ ਕਹਿਣਾ ਮੰਨਣਾ ਚਾਹੀਦਾ ਹੈ।ਜੇਕਰ ਉਹ ਤੁਹਾਨੂੰ ਇਸਲਾਮ ਜਾਂ ਕੁਰਾਨ ਦੇ ਵਿਰੁੱਧ ਜਾਣ ਦਾ ਹੁਕਮ ਦਿੰਦੇ ਹਨ, ਤਾਂ ਕਹੋ ਕਿ ਮੈਂ ਇਸਨੂੰ ਸਵੀਕਾਰ ਨਹੀਂ ਕਰ ਸਕਦਾ।ਵਿਗਿਆਨਕ ਖੋਜਾਂ ਦੇ ਮੱਦੇਨਜ਼ਰ ਉਨ੍ਹਾਂ ਕਿਹਾ ਕਿ ਡਾ. ਅਬਦੁਸ ਸਲਾਮ ਦੇ ਅਨੁਸਾਰ ਕੁਰਾਨ ਵਿੱਚ ਵਿਗਿਆਨ ਨਾਲ ਸਬੰਧਤ ਸੈਂਕੜੇ ਆਇਤਾਂ ਹਨ।ਇਸ ਲਈ ਪਵਿੱਤਰ ਕੁਰਾਨ ਦਾ ਅਧਿਐਨ ਕਰਨਾ ਚਾਹੀਦਾ ਹੈ। ਮੁਆਫ਼ੀ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਦਾ ਦਿਲ ਸਾਫ਼ ਨਹੀਂ ਹੈ ਤਾਂ ਮੁਆਫ਼ੀ ਦਾ ਕੋਈ ਅਰਥ ਨਹੀਂ ਹੁੰਦਾ, ਸੱਚੀ ਮੁਆਫ਼ੀ ਪਿਆਰ ਨੂੰ ਵਧਾਉਂਦੀ ਹੈ।ਉਨ੍ਹਾਂ ਸੱਚੀ ਸ਼ਹੀਦੀ ਬਾਰੇ ਦੱਸਿਆ ਕਿ ਸ਼ਹੀਦ ਆਪਣੇ ਪਿੱਛੇ ਇੱਕ ਸਬਕ ਛੱਡ ਜਾਂਦਾ ਹੈ ਕਿ ਅਸੀਂ ਆਪਣੇ ਵਿਸ਼ਵਾਸ ਲਈ ਕੁਰਬਾਨੀ ਦਿੱਤੀ ਹੈ, ਤੁਹਾਨੂੰ ਵੀ ਆਪਣੇ ਵਿਸ਼ਵਾਸ ਲਈ ਕੁਰਬਾਨੀ ਦੇਣੀ ਚਾਹੀਦੀ ਹੈ।ਅੱਲ੍ਹਾ ਕੁਰਾਨ ਵਿੱਚ ਕਹਿੰਦਾ ਹੈ, ਇਹ ਨਾ ਕਹੋ ਕਿ ਉਹ ਮਰੇ ਹੋਏ ਹਨ।



# ਦਸਮੇਸ਼ ਕਾਲਜ ਫਾਰ ਵਿਮੈਨ ਦਾ ਬੀਏ ਸਮੈਸਟਰ ਚੌਥੇ ਦਾ ਨਤੀਜਾ ਰਿਹਾ ਸੌ ਫੀਸਦੀ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀ. ਏ. ਸਮੈਸਟਰ ਚੌਥੇ ਦੇ ਐਲਾਨੇ ਗਏ ਨਤੀਜਿਆਂ ਵਿੱਚ ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਕਾਲਜ ਫਾਰ ਵਿਮੈਨ ਮਹਿਤਾ ਚੌਂਕ ਦੀਆਂ ਵਿਦਿਆਰਥਣਾਂ ਦਾ ਨਤੀਜਾ ਪ੍ਰਸ਼ੰਸਾਯੋਗ ਰਿਹਾ ਜਿਸ ਵਿੱਚ ਮਮਤਾ 72%, ਅਰਸ਼ਦੀਪ ਕੌਰ, ਕੋਮਲਪ੍ਰੀਤ ਕੌਰ 71%, ਮਨਦੀਪ 69% ਅੰਕ ਪ੍ਰਾਪਤ ਕਰਕੇ ਕਾਲਜ ਵਿੱਚ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ।ਸੰਸਥਾ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦੇ ਹੋਏ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਲਗਾਤਾਰ ਮਿਹਨਤ ਕਰਦੇ ਰਹਿਣ ਦੀ ਪ੍ਰੇਰਣਾ ਦਿੱਤੀ।ਉਨ੍ਹਾਂ ਨੇ ਕਾਲਜ ਦੇ ਮਿਹਨਤੀ ਅਤੇ ਕਾਬਲ ਅਧਿਆਪਕਾਂ ਦੀ ਵੀ ਸ਼ਲਾਘਾ ਕੀਤੀ।ਇਸ ਮੌਕੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ, ਮੈਡਮ ਗੁਰਬੀਰ ਕੌਰ (ਪ੍ਰਿੰ.) ਮੈਡਮ ਰਵਿੰਦਰ ਕੌਰ ਕੋਆਰਡੀਨੇਟਰ, ਸਮੂਹ ਕਾਲਜ ਸਟਾਫ ਅਤੇ ਵਿਦਿਆਰਥਣਾਂ ਹਾਜ਼ਰ ਸਨ।

# ਕਟਾਰੂਚੱਕ ਦੀ ਨਿਗਰਾਨੀ ਹੇਠ ਹੜ੍ਹ ਪ੍ਰਭਾਵਿਤ 25 ਪਿੰਡਾਂ 'ਚ ਚਲਿਆ ਮਹਾਂ ਸਫਾਈ ਅਭਿਆਨ

**ਪਠਾਨਕੋਟ (ਦਵਿੰਦਰ ਸਿੰਘ)**- ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਪਿਛਲੇ ਦਿਨਾਂ ਤੋਂ ਅਸੀਂ ਲਗਾਤਾਰ ਰਾਹਤ ਸਮੱਗਰੀ ਪਹੁੰਚਾਉਣ ਦਾ ਕਾਰਜ ਕਰ ਰਹੇ ਹਾਂ ਜਿਨ੍ਹਾਂ ਦਾ ਘਰ ਰੁੜ੍ਹ ਗਿਆ, ਘਰਾਂ ਦਾ ਸਾਮਾਨ ਰੁੜ੍ਹ ਗਿਆ, ਖੇਤ ਰੁੜ੍ਹ ਗਏ, ਦੁਕਾਨਾਂ ਰੁੜ੍ਹ ਗਈਆਂ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਹੜ੍ਹ ਪ੍ਰਭਾਵਿੱਤ ਵੱਖ-ਵੱਖ ਪਿੰਡਾਂ ਅੰਦਰ ਸਫਾਈ ਕਾਰਜਾਂ ਵਿੱਚ ਹਿੱਸਾ ਲੈਣ ਮਗਰੋਂ ਕੀਤਾ।ਇਸ ਮੌਕੇ ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਰਜਿੰਦਰ ਭਿੱਲਾ ਬਲਾਕ ਪ੍ਰਧਾਨ, ਸੁਰਿੰਦਰ ਸ਼ਾਹ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਮੁਨੀਸ ਗੁਪਤਾ ਸਰਪੰਚ ਬਮਿਆਲ, ਭੁਪਿੰਦਰ ਸਿੰਘ ਮੂੰਨਾ, ਲਵਲੀ ਮੰਜੀਰੀ, ਰਾਜ ਕੁਮਾਰ ਸਰਪੰਚ ਕੋਹਲੀਆ, ਅੰਮਿਤ ਕੁਮਾਰ, ਬਲਜਿੰਦਰ ਸਿੰਘ ਪ੍ਰਧਾਨ ਕਿਸਾਨ ਵਿੰਗ ਅਤੇ ਪਾਰਟੀ ਦੇ ਹੋਰ ਕਾਰਜਕਰਤਾ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਹੜ੍ਹ ਪ੍ਰਭਾਵਿਤ ਕਰੀਬ 25 ਪਿੰਡਾਂ ਅੰਦਰ ਮਹਾਂ ਸਫਾਈ ਅਭਿਆਨ ਚਲਾਇਆ ਗਿਆ ਜਿਸ ਵਿੱਚ ਪਿੰਡ ਤਾਸ, ਮੱਖਣਪੁਰ, ਬਰਮਾਲ ਜੱਟਾਂ, ਅਖਵਾਨਾ, ਮੰਜੀਰੀ ਜੱਟਾਂ, ਮਜੀਰੀ ਆਰੀਆਂ, ਸ਼ੇਖ਼ੂਪੁਰ ਮੰਜੀਰੀ, ਮੰਜੀਰੀ ਰਾਜਪੂਤਾਂ, ਪਹਾੜੀਪੁਰ, ਫਰਵਾਲ, ਬਮਿਆਲ, ਭਗਵਾਲ, ਦਤਿਆਲ, ਜੈਨਪੁਰ, ਝਾੜਕ, ਪੰਮਾ, ਕੋਹਲੀਆਂ, ਅਨਿਆਲ, ਕਿੱਲਪੁਰ, ਗਾਜੀਬਾੜਵਾਂ, ਚੜੋਲੀ, ਬਸਾਊ ਬਾੜਵਾਂ, ਆਦਮ ਬਾੜਵਾਂ, ਕਾਂਸੀ ਬਾੜਵਾਂ ਅਤੇ ਖੁਦਾਈਪੁਰ ਦੇ ਅੰਦਰ ਮਹਾਂ ਸਫਾਈ ਅਭਿਆਨ ਚਲਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਅੰਦਰ ਪੂਰੀ ਤਨਦੇਹੀ ਦੇ ਨਾਲ ਸਫਾਈ ਅਭਿਆਨ ਚਲਾਇਆ ਜਾ ਰਿਹਾ ਹੈ ਅਤੇ ਭਵਿੱਖ ਅੰਦਰ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਅਨੁਸਾਰ ਹਰ ਹੜ੍ਹ ਪ੍ਰਭਾਵਿਤ ਪਿੰਡ ਨੂੰ ਰਾਹਤ ਪ੍ਰਦਾਨ ਕੀਤੀ ਜਾ ਰਹੀ ਹੈ।ਮੰਤਰੀ ਨੇ ਵੱਖ-ਵੱਖ ਪਿੰਡਾਂ ਦੇ ਦੌਰੇ ਕਰਕੇ ਲੋਕਾਂ ਨੂੰ ਸਫਾਈ ਦੇ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵੱਲੋਂ ਗਲੀ ਗਲੀ ਪਹੁੰਚ ਕਰਕੇ ਮਹਿਲਾਵਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਸਮੱਸਿਆਵਾਂ ਜਲਦੀ ਹੀ ਹੱਲ ਕਰਨ ਦਾ ਭਰੋਸਾ ਵੀ ਦਿੱਤਾ।



# ਗੁ: ਬੀੜ ਬਾਬਾ ਬੁੱਢਾ ਜੀ ਦੇ ਜੋੜ ਮੇਲੇ ਦੇ ਪ੍ਰਬੰਧਾਂ ਨੂੰ ਲੈ ਕੇ ਮੀਟਿੰਗ 19 ਨੂੰ



**ਝਬਾਲ, (ਹਰਜਿੰਦਰ ਸਿੰਘ ਸੋਨੀ)**- ਪੁੱਤਰਾਂ ਦੇ ਦਾਨੀ, ਮਹਾਨ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਬੁੱਢਾ ਜੀ ਦੇ ਇਤਿਹਾਸਕ ਤੇ ਮਾਝੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਬਾਬਾ ਬੁੱਢਾ ਜੀ ਬੀੜ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਹੇਠ 20, 21 ਅਤੇ 22 ਅੱਸੂ ਨਾਨਕਸ਼ਾਹੀ ਸੰਮਤ 557 ਮੁਤਾਬਕ 5,6 ਅਤੇ 7 ਅਕਤੂਬਰ ਦਿਨ ਐਤਵਾਰ, ਸੋਮਵਾਰ ਅਤੇ ਮੰਗਲਵਾਰ ਮਨਾਏ ਜਾ ਰਹੇ ਸਲਾਨਾ ਤਿੰਨ ਰੋਜ਼ਾ ਜੋੜ ਮੇਲੇ ਦੇ ਪ੍ਰਬੰਧਾਂ ਸਬੰਧੀ ਸਮੂਹ ਸਰਪੰਚਾਂ, ਪੰਚਾ, ਸਭਾ ਸੁਸਾਇਟੀਆ, ਮੋਹਤਬਰਾਂ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਦੀ ਅਹਿਮ ਮੀਟਿੰਗ 19 ਸਤੰਬਰ ਦਿਨ ਨੂੰ ਮੀਰੀ ਪੀਰੀ ਹਾਲ ਵਿਖੇ ਠੀਕ 11 ਵਜੇ ਰੱਖੀ ਗਈ ਹੈ।ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਬੀੜ ਸਾਹਿਬ ਦੇ ਮੈਨੇਜਰ ਭਾਈ ਸਰਬਦਿਆਲ ਸਿੰਘ ਘਰਿਆਲਾ ਵੱਲੋਂ ਸਮੂਹ ਸੰਗਤਾਂ ਨੂੰ ਮੀਟਿੰਗ ਵਿੱਚ ਸ਼ਾਮਿਲ ਹੋ ਕੇ ਮੇਲੇ ਦੇ ਪੁਖਤਾ ਪ੍ਰਬੰਧਾਂ ਸਬੰਧੀ ਆਪਣੇ ਵਿਚਾਰ ਰੱਖਣ ਦੀ ਅਪੀਲ ਕੀਤੀ ਗਈ।ਇਸ ਸਮੇਂ ਮੀਤ ਮੈਨੇਜਰ ਗੁਰਜੀਤ ਸਿੰਘ ਠੱਠਾ, ਹੈੱਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਕਥਾਵਾਚਕ ਭਾਈ ਸੁਖਵੰਤ ਸਿੰਘ, ਰਿਕਾਰਡ ਕੀਪਰ ਬਿਕਰਮਜੀਤ ਸਿੰਘ ਸੁਰਸਿੰਘ, ਗੁਰਜੀਤ ਸਿੰਘ ਪੰਜਵੜ, ਸੁਪਰਵਾਈਜ਼ਰ ਪ੍ਰਿਥੀਪਾਲ ਸਿੰਘ, ਸੁਪਰਵਾਈਜ਼ਰ ਹਰਜੀਤ ਸਿੰਘ, ਖਜਾਨਚੀ ਜਗਜੀਤ ਸਿੰਘ ਪੰਜਵੜ, ਅਮਰਬੀਰ ਸਿੰਘ ਅਕਾਊਂਟੈਂਟ, ਪ੍ਰਗਟ ਸਿੰਘ ਮੰਨਣ, ਰੇਸ਼ਮ ਸਿੰਘ, ਪ੍ਰਤਾਪ ਸਿੰਘ ਚੀਮਾ, ਬਲਜੀਤ ਸਿੰਘ ਝਬਾਲ ਆਦਿ ਵੀ ਹਾਜ਼ਰ ਸਨ।

# ਸਰਕਾਰੀ ਕਾਲਜ ਗੁਰਦਾਸਪੁਰ 'ਚ ਦੋ ਦਿਨਾ ਮਾਸ ਕਮਿਊਨੀਕੇਸ਼ਨ ਵਰਕਸ਼ਾਪ ਸਮਾਪਤ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਰਕਾਰੀ ਕਾਲਜ ਗੁਰਦਾਸਪੁਰ ਦੇ ਅੰਦਰੂਨੀ ਗੁਣਵੱਤਾ ਭਰੋਸਾ ਸੈੱਲ (ਆਈ.ਕਿਊ.ਏ.ਸੀ.) ਅਤੇ ਸੰਸਥਾਤਮਕ ਇਨੋਵੇਸ਼ਨ ਕੌਂਸਲ (ਆਈ.ਆਈ.ਸੀ) ਵੱਲੋਂ ਆਯੋਜਿਤ ਦੋ-ਦਿਨਾ ਮਾਸ ਕਮਿਊਨੀਕੇਸ਼ਨ ਵਰਕਸ਼ਾਪ ਦਾ ਸਫਲਤਾਪੂਰਵਕ ਸਮਾਪਨ ਹੋਇਆ।ਇਹ ਵਰਕਸ਼ਾਪ 12 ਸਤੰਬਰ ਨੂੰ ਸ਼ੁਰੂ ਹੋਈ ਸੀ ਜਿਸਦਾ ਉਦੇਸ਼ ਵਿਦਿਆਰਥੀਆਂ ਨੂੰ ਆਧੁਨਿਕ ਮੀਡੀਆ ਨਾਲ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਪੇਸ਼ੇਵਰ ਕੁਸ਼ਲਤਾਵਾਂ ਨਾਲ ਸੰਪੰਨ ਕਰਨਾ ਸੀ। ਦੋ ਦਿਨਾਂ ਦੌਰਾਨ ਕਾਲਜ ਦੇ ਕੁੱਲ 50 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਵਿਦਿਆਰਥੀਆਂ ਨੂੰ ਸਕ੍ਰਿਪਟ ਰਾਈਟਿੰਗ, ਐਂਕਰਿੰਗ, ਨਿਊਜ਼ ਰੀਡਿੰਗ ਅਤੇ ਕੈਮਰਾ ਓਪਰੇਸ਼ਨ ਵਰਗੇ ਖੇਤਰਾਂ ਵਿੱਚ ਟ੍ਰੇਨਿੰਗ ਦਿੱਤੀ ਗਈ।ਵਰਕਸ਼ਾਪ ਦੀਆਂ ਸੈਸ਼ਨਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪ੍ਰਸਿੱਧ ਵਿਦਵਾਨਾਂ ਡਾ. ਪਲਵਿੰਦਰ ਸਿੰਘ ਭਾਟੀਆ (ਸਹਾਇਕ ਪ੍ਰੋਫੈਸਰ, ਵਿਭਾਗ ਮਾਸ ਕਮਿਊਨੀਕੇਸ਼ਨ), ਵੰਸ਼ਦੀਪ ਸਿੰਘ ਕੰਵਲ (ਰਿਸਰਚ ਫੈਲੋ ਅਤੇ ਕੈਮਰਾ ਓਪਰੇਟਰ, ਵਿਭਾਗ ਮਾਸ ਕਮਿਊਨੀਕੇਸ਼ਨ) ਅਤੇ ਮੋਹਿਤ ਰੁਬਲ (ਆਰ.ਜੇ., ਸੋਸ਼ਲ ਮੀਡੀਆ ਇਨਫਲੂਐਂਸਰ ਅਤੇ ਰਿਸਰਚ ਫੈਲੋ, ਵਿਭਾਗ ਮਾਸ ਕਮਿਊਨੀਕੇਸ਼ਨ) ਨੇ ਲੀਡ ਕੀਤਾ। ਅੰਤਿਮ ਦਿਨ ਵਿਦਿਆਰਥੀਆਂ ਨੂੰ ਹੱਥ-ਅਨੁਭਵ ਟ੍ਰੇਨਿੰਗ ਦਿੱਤੀ ਗਈ ਜਿਸ ਵਿੱਚ ਕੈਮਰਾ ਹੈਂਡਲਿੰਗ, ਵੋਇਸ ਮੋਡੂਲੇਸ਼ਨ ਅਤੇ ਪ੍ਰੈਕਟੀਕਲ ਸਕ੍ਰਿਪਟ ਰਾਈਟਿੰਗ ਉਤੇ ਵਿਸਥਾਰ ਨਾਲ ਕਲਾਸਾਂ ਹੋਈਆਂ।ਵਰਕਸ਼ਾਪ ਦਾ ਸੰਚਾਲਨ ਪ੍ਰੋ. ਜਤਿੰਦਰ ਸਿੰਘ ਅਤੇ ਪ੍ਰੋ. ਤਰਨਬੀਰ ਕੌਰ ਨੇ ਕੀਤਾ। ਸਮਾਪਨ ਸਮਾਰੋਹ ਵਿੱਚ ਪ੍ਰਿੰ. ਡਾ. ਅਸ਼ਵਨੀ ਭੱਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਵਰਕਸ਼ਾਪ ਸਾਡੇ ਵਿਦਿਆਰਥੀਆਂ ਨੂੰ ਮਾਸ ਕਮਿਊਨੀਕੇਸ਼ਨ ਦੇ ਪ੍ਰੋਫੈਸ਼ਨਲ ਵਿਦਵਾਨਾਂ ਤੋਂ ਸਿੱਧੇ ਸਿੱਖਣ ਦਾ ਵਿਲੱਖਣ ਮੌਕਾ ਦੇ ਕੇ ਗਈ ਹੈ। ਕੈਮਰਾ ਹੈਂਡਲਿੰਗ, ਵੋਇਸ ਮੋਡੂਲੇਸ਼ਨ ਅਤੇ ਸਕ੍ਰਿਪਟ ਰਾਈਟਿੰਗ ਵਰਗੀਆਂ ਪ੍ਰੈਕਟੀਕਲ ਟ੍ਰੇਨਿੰਗ ਨਾਲ ਉਨ੍ਹਾਂ ਦਾ ਗਿਆਨ ਹੀ ਨਹੀਂ ਵਧਿਆ, ਸਗੋਂ ਮੀਡੀਆ ਵਿੱਚ ਕੈਰੀਅਰ ਬਣਾਉਣ ਲਈ ਪ੍ਰੇਰਨਾ ਵੀ ਮਿਲੀ ਹੈ।ਇਹ ਵਰਕਸ਼ਾਪ ਵਿਦਿਆਰਥੀਆਂ ਲਈ ਇਕ ਪ੍ਰੇਰਕ ਅਤੇ ਬਦਲਾਅਕਾਰੀ ਅਨੁਭਵ ਸਾਬਤ ਹੋਈ ਹੈ, ਜਿਸ ਨਾਲ ਉਨਾਂ ਦੇ ਸੰਚਾਰਕ ਹੁਨਰ ਮਜ਼ਬੂਤ ਹੋਏ ਹਨ।



# ਨਾਟਕਕਾਰ ਗੁਰਸ਼ਰਨ ਸਿੰਘ ਇਨਕਲਾਬੀ ਰੰਗਮੰਚ ਦੀ ਵਡਮੁੱਲੀ ਵਿਰਾਸਤ : ਡਾ. ਅਤੁਲ

## ● ਭਾਅ ਜੀ ਗੁਰਸ਼ਰਨ ਸਿੰਘ ਦੇ 96ਵੇਂ ਜਨਮ ਦਿਵਸ ਮੌਕੇ ਪੁਸਤਕ 'ਫਲਸਤੀਨ ਦੀ ਆਵਾਜ਼' ਲੋਕ ਅਰਪਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਗੁਰਸ਼ਰਨ ਸਿੰਘ ਯਾਦਗਰ ਟਰੱਸਟ ਵੱਲੋਂ ਪ੍ਰਸਿੱਧ ਲੋਕ ਪੱਖੀ ਇਨਕਲਾਬੀ ਨਾਟਕਕਾਰ ਅਤੇ ਚਿੰਤਕ ਭਾਅ ਜੀ ਗੁਰਸ਼ਰਨ ਸਿੰਘ ਦੇ 96ਵੇਂ ਜਨਮ ਦਿਹਾੜੇ ਤੇ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਰਣਜੀਤਪੁਰਾ ਸਥਿਤ ਜੱਦੀ ਘਰ ਗੁਰੂ ਖਾਲਸਾ ਨਿਵਾਸ ਵਿਖੇ ਇਕ ਯਾਦਗਾਰੀ ਸਮਾਗਮ ਕੀਤਾ ਗਿਆ ਜਿਸ ਵਿੱਚ ਗੁਰਸ਼ਰਨ ਭਾਅ ਜੀ ਵੱਲੋਂ ਇਨਕਲਾਬੀ ਰੰਗਮੰਚ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਾਰੇ ਗੰਭੀਰ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਸਹਿਯੋਗੀ ਸੰਸਥਾਵਾਂ ਦੇ ਆਗੂਆਂ ਵੱਲੋਂ ਅਮੋਲਕ ਸਿੰਘ ਅਤੇ ਚਿੰਤਕ ਯਸ਼ ਪਾਲ ਵੱਲੋਂ ਫਲਸਤੀਨ ਦੇ ਲੋਕਾਂ ਦੀ ਨਸਲਕੁਸ਼ੀ ਵਿਰੁੱਧ ਚੇਤਨ ਕਰਦੀ ਸੰਪਾਦਤ ਪੁਸਤਕ 'ਫਲਸਤੀਨ ਦੀ ਆਵਾਜ਼' ਲੋਕ ਅਰਪਣ ਕੀਤੀ ਗਈ।ਇਸ ਸਮਾਗਮ ਦਾ ਆਗਾਜ਼ ਹੜ੍ਹਾਂ ਵਿੱਚ ਮਾਰੇ ਗਏ ਅਤੇ ਉਜਾੜੇ ਮੂੰਹ ਆਏ ਪਰਿਵਾਰਾਂ ਨਾਲ ਦੁੱਖ ਅਤੇ ਹਮਦਰਦੀ ਦਾ ਖੜ੍ਹੇ ਹੋ ਕੇ ਇਜਹਾਰ ਕਰਨ ਨਾਲ ਕੀਤਾ ਗਿਆ।ਸਮਾਗਮ ਦੇ ਮੁੱਖ ਵਕਤਾ ਲੋਕ ਪੱਖੀ ਬੁੱਧੀਜੀਵੀ ਅਤੇ ਜੇਐੱਨਯੂ ਦੇ ਪ੍ਰੋ. ਡਾ. ਅਤੁਲ ਨੇ ਗੁਰਸ਼ਰਨ ਭਾਅ ਜੀ ਵੱਲੋਂ ਇਨਕਲਾਬੀ ਰੰਗਮੰਚ ਅਤੇ ਸਮਾਜਕ ਜਮਹੂਰੀ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਗੁਰਸ਼ਰਨ ਭਾਅ ਜੀ ਨੇ ਲੋਕ ਪੱਖੀ ਰੰਗਮੰਚ ਦੇ ਮਾਧਿਅਮ ਰਾਹੀਂ ਇਨਕਲਾਬੀ ਸਿਧਾਂਤਾਂ ਉਤੇ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਆਪਣਾ ਸਮੁੱਚਾ ਜੀਵਨ ਦੱਬੇ ਕੁਚਲੇ ਮਿਹਨਤਕਸ਼ ਲੋਕਾਂ, ਕਿਸਾਨਾਂ, ਮਜ਼ਦੂਰਾਂ, ਔਰਤਾਂ, ਨੌਜਵਾਨਾਂ ਅਤੇ ਪਿਛੜੇ ਵਰਗਾਂ ਨੂੰ ਜਮਹੂਰੀ ਹੱਕਾਂ ਲਈ ਚੇਤਨ ਅਤੇ ਜੱਥੇਬੰਦ ਕਰਨ ਲਈ ਸਮਰਪਿਤ ਕੀਤਾ।ਮਨੁੱਖੀ ਅਧਿਕਾਰਾਂ ਦੇ ਨਾਮਵਰ ਕਾਰਕੁਨ ਡਾ. ਨਵਸ਼ਰਨ ਨੇ ਕਿਹਾ ਕਿ ਮੌਜੂਦਾ ਹਕੂਮਤਾਂ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਤੇ ਸਖ਼ਤ ਰੋਕਾਂ ਲਾ ਰਹੀਆਂ ਹਨ ਅਤੇ ਉਮਰ ਖਾਲਿਦ, ਸ਼ਰਜੀਲ ਇਮਾਮ ਅਤੇ ਗੁਲਫ਼ਿਸ਼ਾ ਫਾਤਿਮਾ ਸਮੇਤ ਸਮਾਜਿਕ ਕਾਰਕੁੰਨ ਯੂਏਪੀਏ ਦੇ ਸਖ਼ਤ ਕਾਨੂੰਨ ਤਹਿਤ ਬਿਨਾਂ ਕਿਸੇ ਦੋਸ਼ ਅਤੇ ਸਬੂਤਾਂ ਦੇ ਪਿਛਲੇ ਪੰਜ ਸਾਲਾਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ ਅਤੇ ਉਨ੍ਹਾਂ ਨੂੰ ਇਕ ਸਾਜਿਸ਼ ਹੇਠ ਜ਼ਮਾਨਤ ਨਹੀਂ ਦਿੱਤੀ ਜਾ ਰਹੀ।ਇਸੇ ਤਰਾਂ ਭੀਮਾ ਕੋਰੇਗਾਂਵ ਕਥਿਤ ਹਿੰਸਾ ਕੇਸ ਵਿੱਚ ਦੇਸ਼ ਦੇ ਨਾਮਵਰ ਬੁੱਧੀਜੀਵੀ, ਪੱਤਰਕਾਰ, ਲੇਖਕ,ਵਕੀਲ, ਪਿਛਲੇ ਸੱਤ ਸਾਲਾਂ ਤੋਂ ਜੇਲ੍ਹਾਂ ਵਿੱਚ ਡੱਕੇ ਹੋਏ ਹਨ ਜਿਸਦੇ ਖਿਲਾਫ ਸਾਨੂੰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।ਇਸ ਮੌਕੇ ਉਘੇ ਜਮਹੂਰੀ ਚਿੰਤਕ ਡਾ.ਪਰਮਿੰਦਰ ਨੇ ਕਿਹਾ ਕਿ ਗੁਰਸ਼ਰਨ ਭਾਅ ਜੀ ਨੇ ਪੂਰੇ ਪੰਜ ਦਹਾਕੇ ਲੋਕ ਪੱਖੀ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਦੇ ਬਿਖੜੇ ਤੇ ਔਖੇ ਰਾਹਾਂ ਉਤੇ ਚਲਦਿਆਂ ਫਿਰਕੂ ਦਹਿਸ਼ਤਗਰਦੀ ਅਤੇ ਹਕੂਮਤੀ ਜਬਰ ਦਾ ਪੂਰੀ ਨਿਡਰਤਾ ਨਾਲ ਟਾਕਰਾ ਕੀਤਾ ਅਤੇ ਸਾਨੂੰ ਵੀ ਦੇਸੀ ਵਿਦੇਸ਼ੀ ਹਕੂਮਤਾਂ ਵੱਲੋਂ ਆਦਿਵਾਸੀਆਂ, ਫ਼ਲਸਤੀਨੀਆਂ, ਮਾਓਵਾਦੀਆਂ, ਦਲਿਤਾਂ, ਕਿਸਾਨਾਂ, ਮਜ਼ਦੂਰਾਂ ਨਾਲ ਕੀਤੇ ਜਾ ਰਹੇ ਜ਼ਬਰ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਬੜੇ ਹੀ ਭਾਵੁਕ ਅੰਦਾਜ਼ ਵਿੱਚ ਭਾਅ ਜੀ ਨਾਲ ਕੀਤੇ ਰੰਗਮੰਚ ਦੀਆਂ ਯਾਦਾਂ ਸਾਂਝੀਆਂ ਕੀਤੀਆਂ।ਉਨ੍ਹਾਂ ਦੱਸਿਆ ਕਿ ਕਿਵੇਂ ਉਹ ਭਾਅ ਜੀ ਦੇ ਕੰਮ ਕਰਨ ਦੇ ਤਰੀਕੇ ਤੋਂ ਪ੍ਰਭਾਵਿਤ ਹੋਏ ਅਤੇ ਰੰਗਮੰਚ ਦੇ ਖੇਤਰ ਨਾਲ ਜੁੜ ਗਏ।ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਕਿਹਾ ਕਿ ਸਾਨੂੰ ਗੁਰਸ਼ਰਨ ਭਾਅ ਜੀ ਦੇ ਇਨਕਲਾਬੀ ਰੰਗਮੰਚ ਦੀ ਵਿਰਾਸਤ ਨੂੰ ਅੱਗੇ ਲਿਜਾਂਦੇ ਹੋਏ ਸਮੂਹ ਲੋਕ ਪੱਖੀ ਜਨਤਕ ਤੇ ਜਮਹੂਰੀ ਸੰਘਰਸ਼ਾਂ ਦਾ ਹਿੱਸਾ ਬਣਕੇ ਲੋਕ ਵਿਰੋਧੀ ਅਤੇ ਫਿਰਕੂ ਰਾਜ ਪ੍ਰਬੰਧ ਨੂੰ ਬਦਲਣ ਲਈ ਆਪਣਾ ਬਣਦਾ ਹਿੱਸਾ ਪਾਉਣਾ ਚਾਹੀਦਾ ਹੈ।ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਜਮਹੂਰੀ ਫਰੰਟ ਦੇ ਬਾਨੀ ਕਨਵੀਨਰ ਗੁਰਸ਼ਰਨ ਸਿੰਘ ਦੀਆਂ ਸ਼ਾਨਦਾਰ ਇਨਕਲਾਬੀ ਪਿਰਤਾਂ ਨੂੰ ਬੁਲੰਦ ਰੱਖਦੇ ਹੋਏ ਜਨਤਕ ਜਮਹੂਰੀ ਸੰਸਥਾਵਾਂ ਵਿੱਚ ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਕਤਲੇਆਮ ਦੇ ਵਿਰੁੱਧ ਆਵਾਜ਼ ਉੱਠਣਾ ਸੁਲੱਖਣਾ ਵਰਤਾਰਾ ਹੈ। ਸਮਾਗਮ ਦੇ ਸ਼ੁਰੂ ਵਿੱਚ ਮੰਚ ਰੰਗਮੰਚ ਅੰਮ੍ਰਿਤਸਰ ਦੇ ਕਲਾਕਾਰਾਂ ਕੁਸ਼ਾਗਰ ਕਾਲੀਆ, ਹਰਸ਼ਿਤਾ, ਧਰਮਿੰਦਰ ਮਸਾਣੀ, ਜਗਸੀਰ ਜੀਦਾ ਵੱਲੋਂ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਗੁਰਸ਼ਰਨ ਭਾਅ ਜੀ ਦੀ ਬੇਟੀ ਡਾ.ਅਰੀਤ ਨੇ ਗੁਰਸ਼ਰਨ ਸਿੰਘ ਯਾਦਗਾਰ ਟਰੱਸਟ ਵੱਲੋਂ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਅਤੇ ਵੱਖ ਵੱਖ ਸਹਿਯੋਗੀ ਸੰਸਥਾਵਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।ਇਸ ਮੌਕੇ ਪ੍ਰੀਤ ਨਗਰ ਤੋਂ ਹਿਰਦੇਪਾਲ ਸਿੰਘ, ਪਰਵੀਨ ਕੌਰ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਤੋਂ ਸੁਰਿੰਦਰ ਕੁਮਾਰੀ ਕੋਛੜ, ਰੰਗ ਮੰਚ ਅਦਾਕਾਰਾ ਜਤਿੰਦਰ ਕੌਰ, ਅਦਾਕਾਰ ਇਕੱਤਰ ਸਿੰਘ, ਸੂਬਾਈ ਤਰਕਸ਼ੀਲ ਆਗੂ ਸੁਮੀਤ ਸਿੰਘ ਤੇ ਰਾਮ ਸਵਰਨ ਲੱਖੇਵਾਲੀ, ਮਜ਼ਦੂਰ ਆਗੂ ਹਰਮੇਸ਼ ਮਾਲੜੀ, ਔਰਤ ਆਗੂ ਰਾਜਿੰਦਰ ਪਾਲ ਕੌਰ, ਕਿਸਾਨ ਆਗੂ ਗੁਰਬਚਨ ਸਿੰਘ, ਕਿਸਾਨ ਆਗੂ ਡਾ. ਪਰਮਿੰਦਰ ਪੰਡੋਰੀ, ਯਸ਼ਪਾਲ ਝਬਾਲ, ਮੁਲਾਜ਼ਮ ਆਗੂ ਕਿਸ਼ਨ ਸਿੰਘ,ਮਲਕੀਤ ਸਿੰਘ ਸੈਂਸਰਾ, ਡਾ. ਇਕਬਾਲ ਕੌਰ ਸੌਂਦ, ਡਾ. ਇੰਦਰਾ ਵਿਰਕ, ਐਡਵੋਕੇਟ ਅਮਰਜੀਤ ਬਾਈ, ਪ੍ਰੋ. ਅਮਰਜੀਤ ਸਿੱਧੂ, ਜਗਤਾਰ ਕਰਮਪੁਰਾ, ਬਲਦੇਵ ਰਾਜ ਵੇਰਕਾ, ਅਮਰਜੀਤ ਵੇਰਕਾ, ਪ੍ਰਿੰ. ਮੇਲਾ ਰਾਮ, ਡਾ. ਕੁਲਦੀਪ ਸਿੰਘ, ਰਾਜ ਕੁਮਾਰ ਵੇਰਕਾ, ਦਮਨਜੀਤ ਕੌਰ, ਹਰਜੀਤ ਸੰਧੂ, ਗੁਰਤੇਜ ਮਾਨ, ਪਵਨਦੀਪ, ਕੁਲਬੀਰ ਜੇਠੂਵਾਲ, ਜਸਵੰਤ ਜੱਸ, ਗੁਰਪ੍ਰੀਤ ਲਲਕਾਰ, ਕਰਤਾਰ ਸਿੰਘ ਐੱਮ ਏ, ਅਮਰਜੀਤ ਆਦਮਪੁਰ, ਗੁਰਪਾਲ ਗੁਰੀ, ਪ੍ਰੇਮ ਚੰਦ ਸਮੇਤ ਕਿਸਾਨ, ਮਜ਼ਦੂਰ, ਮੁਲਾਜ਼ਮ, ਤਰਕਸ਼ੀਲ ਜੱਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਸਾਬਕਾ ਸਰਪੰਚ ਦਰਸ਼ਨ ਸਿੰਘ ਧਾਲੀਵਾਲ ਦਾ ਦਿਹਾਂਤ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਪਿੰਡ ਠੱਠੀ ਸੋਹਲ ਦੇ ਨੌਜਵਾਨ ਸਿਆਸੀ ਆਗੂ ਗੁਰਸੇਵਕ ਸਿੰਘ ਧਾਲੀਵਾਲ ਠੱਠੀ ਨੂੰ ਉਸ ਵੇਲੇ ਡੂੰਘਾ ਸਦਮਾ ਪੁੱਜਾ ਜਦ ਉਨ੍ਹਾਂ ਦੇ ਪਿਤਾ ਸਾਬਕਾ ਸਰਪੰਚ ਸ੍ਰ: ਦਰਸ਼ਨ ਸਿੰਘ ਧਾਲੀਵਾਲ ਠੱਠੀ ਦਾ ਬੀਤੇ ਦਿਨ ਅਚਾਨਕ ਦਿਹਾਂਤ ਹੋ ਗਿਆ।ਸੈਂਕੜੇ ਸੇਜਲ ਅੱਖਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ।ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਮਨੀ ਚੋਣ ਦੇ ਉਮੀਦਵਾਰ ਹਰਜੀਤ ਸਿੰਘ ਸੰਧੂ, ਹਰਪ੍ਰੀਤ ਸਿੰਘ ਸਿੰਦਬਾਦ, ਸ਼ਿਵ ਕੁਮਾਰ ਸੋਨੀ, ਸੁਰਜੀਤ ਸਾਗਰ, ਨਿਸ਼ਾਨ ਸਿੰਘ, ਮਾਸਟਰ ਬਲਦੇਵ ਸਿੰਘ, ਡਾ. ਰਣਜੀਤ ਸਿੰਘ ਰਾਣਾ, ਚੇਅਰਮੈਨ ਰਮਨ ਕੁਮਾਰ ਝਬਾਲ, ਸਰਪੰਚ ਜਗਜੀਤ ਸਿੰਘ ਠੱਠੀ, ਸਕੱਤਰ ਸਿੰਘ ਫੌਜੀ ਠੱਠੀ, ਸੋਨੂੰ ਸਿੰਘ, ਪੱਤਰਕਾਰ ਹਰਦੀਪ ਸਿੰਘ ਝਬਾਲ, ਪ੍ਰੈੱਸ ਫੀਲਡ ਜਰਨਲਿਸਟ ਐਸੋਸੀਏਸ਼ਨ ਸਰਕਲ ਪ੍ਰਧਾਨ ਝਬਾਲ, ਪੱਤਰਕਾਰ ਹਰਜਿੰਦਰ ਸਿੰਘ, ਪੱਤਰਕਾਰ ਸੁਖਜਿੰਦਰ ਸਿੰਘ, ਪੱਤਰਕਾਰ ਪ੍ਰਗਟ ਸਿੰਘ ਪੰਡੋਰੀ ਸਿੱਧਵਾਂ ਸਮੇਤ ਸੱਜਣਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਨੇ ਸਰਪੰਚ ਦਰਸ਼ਨ ਸਿੰਘ ਦੇ ਭਰਾ ਮੇਜਰ ਸਿੰਘ ਧਾਲੀਵਾਲ, ਸਪੁੱਤਰ ਗੁਰਸੇਵਕ ਸਿੰਘ ਧਾਲੀਵਾਲ, ਗੁਰਦੇਵ ਸਿੰਘ ਧਾਲੀਵਾਲ, ਸਤਨਾਮ ਸਿੰਘ, ਸੁਖਵਿੰਦਰ ਸਿੰਘ, ਜਗਜੀਤ ਸਿੰਘ, ਬਚਿੱਤਰ ਸਿੰਘ, ਪੋਤਰੇ ਹਰਜੀਤ ਸਿੰਘ ਧਾਲੀਵਾਲ ਨਾਲ ਡੂੰਘਾ ਦੁੱਖ ਪ੍ਰਗਟਾਇਆ।



ਨਵਾਂ ਜ਼ਮਾਨਾ
ਸੋਮਵਾਰ 15 ਸਤੰਬਰ 2025

# ਇੱਕ ਹੋਰ ਵਾਅਦਾ

*ਮਨੀਪੁਰ 'ਚ ਲਗਭਗ ਢਾਈ ਸਾਲ ਪਹਿਲਾਂ 3 ਮਈ 2023 ਨੂੰ ਹਾਈ ਕੋਰਟ ਵੱਲੋਂ ਮੈਤੇਈ ਭਾਈਚਾਰੇ ਨੂੰ ਅਨੁਸੂਚਿਤ ਜਨਜਾਤੀਆਂ ਦੀ ਸੂਚੀ 'ਚ ਸ਼ਾਮਲ ਕਰਨ 'ਤੇ ਵਿਚਾਰ ਕਰਨ ਲਈ ਸੂਬਾ ਸਰਕਾਰ ਨੂੰ ਦਿੱਤੇ ਹੁਕਮ ਦੇ ਬਾਅਦ ਸਥਾਨਕ ਕੁੱਕੀ ਤੇ ਮੈਤੇਈ ਸਮੂਹਾਂ ਵਿਚਾਲੇ ਜਾਤੀ ਹਿੰਸਾ ਦੀ ਸ਼ੁਰੂਆਤ ਹੋਈ ਸੀ। ਨਾਕਾਮ ਪ੍ਰਸ਼ਾਸਨ ਦੇ ਲਗਭਗ ਦੋ ਸਾਲ ਗੁਜ਼ਰ ਜਾਣ ਦੇ ਬਾਅਦ ਮੁੱਖ ਮੰਤਰੀ ਬੀਰੇਨ ਸਿੰਘ ਨੇ ਅਸਤੀਫਾ ਦਿੱਤਾ ਅਤੇ ਸੂਬੇ ਵਿੱਚ ਫਰਵਰੀ 2025 'ਚ ਰਾਸ਼ਟਰਪਤੀ ਸ਼ਾਸਨ ਲਾਇਆ ਗਿਆ। ਇਸ ਦੌਰਾਨ ਭਾਜਪਾ ਸਰਕਾਰ ਹਿੰਸਾ, ਬਲਾਤਕਾਰ, ਅਗਜ਼ਨੀ ਤੇ ਉਜਾੜਾ ਰੋਕਣ 'ਚ ਪੂਰੀ ਤਰ੍ਹਾਂ ਨਾਕਾਮ ਰਹੀ। 260 ਲੋਕ ਹਿੰਸਾ ਦੀ ਭੇਟ ਚੜ੍ਹ ਗਏ ਤੇ 60 ਹਜ਼ਾਰ ਉਜੜ ਗਏ। ਏਨਾ ਸਮਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੂਬੇ ਵੱਲ ਮੂੰਹ ਨਹੀਂ ਕੀਤਾ। ਉਹ 864 ਦਿਨਾਂ ਬਾਅਦ ਸਨਿੱਚਰਵਾਰ ਮਨੀਪੁਰ ਗਏ। ਪੀੜਤਾਂ ਨੂੰ ਉਮੀਦਾਂ ਸਨ ਕਿ ਉਹ ਉਨ੍ਹਾ ਦੇ ਜ਼ਖਮਾਂ 'ਤੇ ਮਰਹਮ ਲਾਉਣਗੇ, ਪਰ ਉਹ ਹਜ਼ਾਰਾਂ ਕਰੋੜਾਂ ਦਾ ਵਿਕਾਸ ਕਰਨ ਦੀਆਂ ਬਾਤਾਂ ਪਾ ਕੇ ਆ ਗਏ।*

*ਸੂਬਾ ਢਾਈ ਸਾਲਾਂ ਤੋਂ ਮਹਿਲਾਵਾਂ ਨਾਲ ਯੌਨ ਅਪਰਾਧਾਂ ਦੀਆਂ ਨਿਰੰਤਰ ਘਟਨਾਵਾਂ ਦੇਖ ਰਿਹਾ ਹੈ, ਜਿਸ ਧੱਬੇ ਨੂੰ ਮਿਟਾਉਣਾ ਕਈ ਪੀੜ੍ਹੀਆਂ ਤੱਕ ਮੁਮਕਿਨ ਨਹੀਂ ਹੋਵੇਗਾ। ਉਸ ਘਟਨਾ ਨੂੰ ਭੁਲਾਇਆ ਨਹੀਂ ਜਾ ਸਕਦਾ, ਜਦੋਂ ਭੀੜ ਨੇ ਮਹਿਲਾਵਾਂ ਨੂੰ ਨਿਰਵਸਤਰ ਕਰਕੇ ਪਰੇਡ ਕਰਵਾਈ ਤੇ ਉਨ੍ਹਾਂ ਨਾਲ ਬਲਾਤਕਾਰ ਕੀਤਾ। ਕਈ ਮਹੀਨਿਆਂ ਬਾਅਦ ਜਦ ਇਸ ਘਟਨਾ ਦੀ ਵੀਡੀਓ ਵਾਇਰਲ ਹੋਈ ਤਾਂ ਪ੍ਰਧਾਨ ਮੰਤਰੀ ਨੂੰ ਅਫਸੋਸ ਜ਼ਾਹਰ ਕਰਨਾ ਪਿਆ। ਜੇ ਵੀਡੀਓ ਵਾਇਰਲ ਨਾ ਹੁੰਦੀ ਤਾਂ ਮੋਦੀ ਇਸ ਘਿਨਾਉਣੀ ਘਟਨਾ ਨੂੰ ਵੀ ਪਚਾ ਜਾਂਦੇ। ਆਖਰ ਉਨ੍ਹਾ ਨੂੰ ਕਹਿਣਾ ਪਿਆ ਸੀ—ਇਸ ਘਟਨਾ ਨੇ ਪੂਰੇ ਦੇਸ਼ ਦਾ ਸਿਰ ਝੁਕਾ ਦਿੱਤਾ ਹੈ। ਦੋਸ਼ੀਆਂ ਨੂੰ ਹਰ ਹਾਲ ਵਿੱਚ ਸਜ਼ਾ ਮਿਲੇਗੀ। ਮੈਂ ਪੂਰੇ ਰਾਸ਼ਟਰ ਨੂੰ ਭਰੋਸਾ ਦਿੰਦਾ ਹਾਂ ਕਿ ਕਾਨੂੰਨ ਆਪਣੀ ਪੂਰੀ ਸ਼ਕਤੀ ਨਾਲ ਇਨਸਾਫ ਕਰੇਗਾ। ਮਨੀਪੁਰ ਦੀਆਂ ਬੇਟੀਆਂ ਨਾਲ ਹੋਇਆ ਅਪਰਾਧ ਨਾਕਾਬਲੇ ਮੁਆਫੀ ਹੈ।*

*ਸਵਾਲ ਉਠਦਾ ਹੈ ਕਿ ਮੋਦੀ ਦਾ ਉਹ ਵਾਅਦਾ ਕਿੱਥੇ ਗਿਆ। ਕੀ ਮਨੀਪੁਰ ਦੀਆਂ ਬੇਟੀਆਂ ਨੂੰ ਇਨਸਾਫ ਮਿਲਿਆ। ਜਿਸ ਘਟਨਾ ਨੇ ਦੇਸ਼ ਦਾ ਸਿਰ ਝੁਕਾ ਦਿੱਤਾ ਸੀ, ਉਸ ਘਟਨਾ ਨਾਲ ਤੀਜੀ ਵਾਰ ਪ੍ਰਧਾਨ ਮੰਤਰੀ ਬਣੇ ਮੋਦੀ ਨੇ ਕਿਵੇਂ ਨਜਿੱਠਿਆ? ਮੋਦੀ ਨੇ ਇਹ ਅਫਸੋਸ ਜੁਲਾਈ 2023 ਵਿੱਚ ਕੀਤਾ ਸੀ ਤੇ ਉਸ ਦੇ ਬਾਅਦ ਦੋ ਸਾਲ ਬੀਤ ਗਏ, ਪਰ ਪ੍ਰਧਾਨ ਮੰਤਰੀ ਨੂੰ ਉਹ ਘਟਨਾ ਦੁਬਾਰਾ ਯਾਦ ਨਹੀਂ ਆਈ। ਅਜੇ ਤੱਕ ਉਨ੍ਹਾ ਨਹੀਂ ਦੱਸਿਆ ਕਿ ਮਨੀਪੁਰ ਦੀਆਂ ਬੇਟੀਆਂ ਨੂੰ ਕੀ ਇਨਸਾਫ ਦਿਵਾਇਆ। ਮੋਦੀ ਨੇ ਕੁੱਕੀ ਬਹੁ-ਗਿਣਤੀ ਵਾਲੇ ਚੁਰਾਚਾਂਦਪੁਰ ਜ਼ਿਲ੍ਹੇ ਵਿੱਚ ਬੋਲਦਿਆਂ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਇੱਥੇ ਹਿੰਸਾ ਹੋਈ। ਅੱਜ ਉਹ ਤੁਹਾਡੇ ਨਾਲ ਵਾਅਦਾ ਕਰਨਾ ਚਾਹੁੰਦੇ ਹਨ ਕਿ ਭਾਰਤ ਸਰਕਾਰ ਤੁਹਾਡੇ ਨਾਲ ਹੈ ਤੇ ਉਹ ਖੁਦ ਤੁਹਾਡੇ ਨਾਲ ਹਨ। ਮਨੀਪੁਰ ਦੇ ਲੋਕਾਂ ਨੂੰ ਉਮੀਦਾਂ ਸਨ ਕਿ ਪ੍ਰਧਾਨ ਮੰਤਰੀ ਉਨ੍ਹਾਂ ਦੇ ਜ਼ਖਮਾਂ 'ਤੇ ਮਰਹਮ ਲਾ ਕੇ ਜਾਣਗੇ, ਪਰ ਉਹ ਪਿਛਲਾ ਵਾਅਦਾ ਭੁਲਾ ਕੇ ਇੱਕ ਹੋਰ ਵਾਅਦਾ ਕਰਕੇ ਆ ਗਏ।*

# ਕੁਦਰਤ ਦਾ ਕਹਿਰ ਨਹੀਂ ਹਨ ਹੜ੍ਹ


ਡਾ. ਬਲਜਿੰਦਰ ਸਿੰਘ

*'ਸੱਪ ਤੋਂ ਨ੍ਹੀਂ ਡਰਦੀ, ਸ਼ੀਂਹ ਤੋਂ ਨ੍ਹੀਂ ਡਰਦੀ, ਮਾਰੀ ਤੁਪਕੇ ਦੀ।'*

ਪੰਜਾਬੀ ਜ਼ੁਬਾਨ ਦੀ ਇਹ ਮਸ਼ਹੂਰ ਕਹੌਤ ਆਪਣੇ ਆਪ 'ਚ ਡੂੰਘੇ ਅਰਥ ਸਮੋਈ ਬੈਠੀ ਹੈ। ਜਦ ਕਦੇ ਵੀ ਉੱਪਰ ਅਸਮਾਨੀ ਕਾਲੇ ਬੱਦਲ ਮੰਡਰਾਉਂਦੇ ਨਜ਼ਰੀਂ ਪੈਂਦੇ ਹਨ ਤਾਂ ਗ਼ਰੀਬ ਘਰਾਂ ਨੂੰ ਆਪਣੇ ਭਾਂਡੇ-ਟੀਂਡੇ ਸਾਂਭਣ ਦਾ ਫ਼ਿਕਰ ਸਤਾਉਣ ਲੱਗਦਾ ਹੈ । ਬਿਲਕੁੱਲ ਇਸੇ ਨੂੰ ਰੂਪਮਾਨ ਕਰਦੀ ਸਥਿਤੀ ਅੱਜ ਪੰਜਾਬ ਦੀ ਹੈ, ਪਰ ਪੰਜਾਬ ਅੰਦਰ ਤਾਂ ਗੱਲ ਹੁਣ ਤੁਪਕੇ ਤੋਂ ਬਚਣ ਦੀ ਨਾ ਰਹਿ ਕੇ ਆਪਣੀ ਜਾਨ ਨੂੰ ਬਚਾਉਣ ਦੀ ਆਣ ਬਣੀ ਹੈ ਅਤੇ ਬੇਪਰਵਾਹ ਵਹਿੰਦੇ ਪਾਣੀ ਸਰਹੱਦਾਂ ਦੀ ਕੋਈ ਪਰਵਾਹ ਨਹੀਂ ਕਰਦੇ, ਉਹ ਹੱਦਾਂ-ਬੰਨਿਆਂ ਨੂੰ ਤੋੜ ਆਪਣੇ ਮਾਰਗ ਵਹਿੰਦੇ ਰਹਿੰਦੇ ਹਨ। ਖ਼ਬਰਾਂ ਮੁਤਾਬਕ ਇਨ੍ਹਾਂ ਮੀਂਹਾਂ ਨਾਲ ਨਾ ਸਿਰਫ਼ ਚੜ੍ਹਦੇ ਪੰਜਾਬ ਅੰਦਰ ਬਲਕਿ ਲਹਿੰਦੇ ਪੰਜਾਬ ਯਾਨੀ ਕਿ ਪਾਕਿਸਤਾਨ ਵਿਚਲੇ ਪੰਜਾਬ ਅੰਦਰ ਵੀ ਲੋਕ ਇਸ ਤ੍ਰਾਸਦੀ ਨੂੰ ਹੰਢਾ ਰਹੇ ਹਨ। ਪਾਵਨ ਸਥਾਨ ਕਰਤਾਰਪੁਰ ਸਾਹਿਬ ਦਾ ਹਾਲ ਸਭ ਨੇ ਮੀਡੀਆ 'ਤੇ ਦੇਖਿਆ ਹੀ ਹੈ। ਪੰਜਾਬ ਅੰਦਰ ਵੀ ਜਦੋਂ ਕਿਤੇ ਮੀਂਹਾਂ ਦਾ ਰੈੱਡ ਅਲਰਟ ਯਾਨੀ ਕਿ ਖ਼ਤਰੇ ਦੀ ਘੰਟੀ ਦਾ ਐਲਾਨ ਜਾਰੀ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸੂਬੇ ਦੇ ਨੀਵੇਂ ਖੇਤਰਾਂ ਤੇ ਖਾਸ ਕਰ ਦਰਿਆਵਾਂ ਦੇ ਕਿਨਾਰਿਆਂ ਦੇ ਲੋਕਾਂ ਨੂੰ ਆਪਣੀ ਹੋਣੀ ਸਾਹਮਣੇ ਨਜ਼ਰ ਆਉਣ ਲੱਗ ਜਾਂਦੀ ਹੈ। ਅਗਸਤ ਦੇ ਆਖ਼ਰੀ ਅੱਧ 'ਚ ਪਈਆਂ ਤੇਜ਼ ਬਰਸਾਤਾਂ ਨੇ ਪੰਜਾਬ ਸਮੇਤ ਉੱਤਰੀ ਭਾਰਤ ਦੇ ਹੋਰਨਾਂ ਸੂਬਿਆਂ ਨੂੰ ਗੰਭੀਰ ਹੜ੍ਹਾਂ ਦੀ ਮਾਰ ਹੇਠ ਲੈ ਆਂਦਾ ਹੈ। ਅੱਜ ਪੰਜਾਬ ਦੇ ਕਰੀਬ 13 ਜ਼ਿਲ੍ਹਿਆਂ ਦੇ 2100 ਪਿੰਡਾਂ ਦੇ ਲੱਖਾਂ ਲੋਕ ਤੇ ਡੰਗਰ ਤੇ ਫਸਲਾਂ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਬਹੁਤੇ ਪਿੰਡਾਂ ਵਿੱਚ 3 ਤੋਂ 10 ਫੁੱਟ ਤੱਕ ਪਾਣੀ ਭਰਿਆ ਹੋਇਆ ਹੈ ।

ਪੰਜਾਬ ਅੰਦਰ ਮੀਂਹਾਂ ਦੇ ਸੰਬੰਧ 'ਚ ਰੈੱਡ ਅਲਰਟ ਤਾਂ ਭਾਵੇਂ ਜਾਰੀ ਕਰ ਦਿੱਤਾ ਗਿਆ, ਪਰ ਹੇਠਾਂ ਜ਼ਮੀਨੀ ਪੱਧਰ 'ਤੇ ਪੰਜਾਬ ਪੁਲਸ, ਪੰਜਾਬ ਸਰਕਾਰ ਦੇ ਆਪਦਾ ਰੋਕੂ ਮਹਿਕਮੇ ਜਾਂ ਐੱਨ ਡੀ ਆਰ ਐੱਫ ਵਰਗੀ ਕਿਸੇ ਹੋਰ ਏਜੰਸੀ ਨੂੰ ਸਰਗਰਮ ਕਰਕੇ ਹੜ੍ਹ ਪੀੜਤਾਂ ਨੂੰ ਅਗਾਊਂ ਆਗਾਹ ਕਰਨ, ਕੋਈ ਰਾਹਤ ਪਹੁੰਚਾਉਣ ਦੀ ਕੋਈ ਵੀ ਸਰਗਰਮੀ ਧਿਆਨ 'ਚ ਨਹੀਂ ਆਈ ।

ਇੱਕ ਹੋਰ ਨੁਕਤਾ ਧਿਆਨ ਦੀ ਮੰਗ ਕਰਦਾ ਹੈ ਕਿ ਇਹਨਾਂ ਹੜ੍ਹਾਂ ਬਾਰੇ ਸੋਸ਼ਲ ਮੀਡੀਏ ਰਾਹੀਂ ਤਾਂ ਬਹੁਤ ਵਿਸਥਾਰ 'ਚ ਜਾਣਕਾਰੀ ਮਿਲੀ ਹੈ, ਪਰ ਇਸ ਮਸਲੇ ਨੂੰ ਮੁਲਕ ਪੱਧਰ 'ਤੇ ਨਾ ਤਾਂ ਗੋਦੀ ਮੀਡੀਆ ਨਾ ਹੀ ਕੇਂਦਰ ਦੀ ਮੋਦੀ ਹਕੂਮਤ ਮੁਖ਼ਾਤਿਬ ਹੋਈ ਹੈ। ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਦੀ ਬਾਂਹ ਨਾ ਫੜਣ ਵਾਲੀ ਮੋਦੀ ਦੀ ਹਕੂਮਤ ਪੰਜਾਬ ਦੇ ਡੈਮਾਂ ਅਤੇ ਹੋਰ ਅਧਿਕਾਰਾਂ ਨੂੰ ਆਪਣੇ ਹੱਥ ਲੈਣ ਦੀ ਕਾਰਵਾਈ ਇੱਕ ਧੱਕੜ ਕਾਰਵਾਈ।

ਹੜ੍ਹਾਂ ਵਰਗੀ ਤ੍ਰਾਸਦੀ ਨੂੰ ਦੋ ਪੱਖਾਂ ਤੋਂ ਘੋਖਿਆ ਜਾਣਾ ਚਾਹੀਦਾ ਹੈ। ਪਹਿਲੀ, ਹੜ੍ਹ ਆਉਂਦੇ ਹੀ ਕਿਉਂ ਹਨ ਅਤੇ ਦੂਜਾ ਹੜ੍ਹਾਂ ਦੀ ਰੋਕਥਾਮ ਲਈ ਢੁਕਵੇਂ ਪ੍ਰਬੰਧ ਕਿਉਂ ਨਹੀਂ ਕੀਤੇ ਜਾਂਦੇ? ਇਹ ਲਿਖਤ ਭਰਵੇਂ ਰੂਪ 'ਚ ਹੜ੍ਹਾਂ ਬਾਰੇ ਵਿਸ਼ਲੇਸ਼ਣ ਕਰਨ ਵਾਲੀ ਲਿਖਤ ਨਾ ਹੋ ਕੇ ਇੱਕ ਸੰਖੇਪ ਲਿਖਤ ਹੀ ਹੈ, ਸੋ ਇਸ 'ਚ ਮੋਟੇ ਰੂਪ 'ਚ ਹੀ ਕੁਝ ਵਿਚਾਰ ਕੀਤਾ ਗਿਆ ਹੈ। ਹੋਰਨਾਂ ਕਾਰਨਾਂ ਦੇ ਨਾਲ-ਨਾਲ ਅੱਜ ਦੀ ਹਾਲਤ 'ਚ ਹੜ੍ਹਾਂ ਦੇ ਆਉਣ ਦਾ ਸਭ ਤੋਂ ਵੱਡਾ ਕਾਰਨ ਹੈ-ਵਾਤਾਵਰਣ ਵਿਗਾੜ, ਵਾਤਾਵਰਣ ਵਿਗਾੜ ਦਾ ਕਾਰਨ ਹੈ ਸਾਮਰਾਜੀ ਕਾਰਪੋਰੇਟ ਵਿਕਾਸ। ਜਿਸ ਵਿੱਚ ਮੁਨਾਫ਼ਾ ਕਮਾਉਣ ਦੀ ਅੰਨ੍ਹੀ ਹੋੜ ਲੱਗੀ ਰਹਿੰਦੀ ਹੈ। ਵਾਤਾਵਰਣ ਪੱਖੀ ਕੁਦਰਤੀ ਵਿਕਾਸ ਸਰਕਾਰਾਂ ਦੇ ਏਜੰਡੇ ਤੋਂ ਤਾਂ ਹਮੇਸ਼ਾ ਗਾਇਬ ਹੀ ਰਹਿੰਦਾ ਹੈ। ਅਕਸਰ ਹੀ ਜਦੋਂ ਗੰਭੀਰ ਹੜ੍ਹਾਂ ਦੀ ਹਾਲਤ ਬਣਦੀ ਹੈ ਤਾਂ ਸਰਕਾਰਾਂ ਅੱਭੜਵਾਹੇ ਹੀ ਕੁੰਭਕਰਨੀ ਨੀਂਦ 'ਚੋਂ ਜਾਗਦੀਆਂ ਹਨ ਅਤੇ ਸਭ ਤੋਂ ਪਹਿਲਾ ਕੰਮ ਇਹ ਕਰਦੀਆਂ ਹਨ ਕਿ ਹੜ੍ਹਾਂ ਨੂੰ ਬਾਰ-ਬਾਰ ਹੋਣ ਤੋਂ ਰੋਕਣ ਲਈ ਇੱਕ ਕਮਿਸ਼ਨ ਦਾ ਗਠਨ ਕਰ ਦਿੱਤਾ ਜਾਂਦਾ ਹੈ। ਜਿਹਾ ਕਿ 2011 ਵਿੱਚ ਹੜ੍ਹਾਂ ਦੀ ਰੋਕਥਾਮ ਲਈ ਪ੍ਰੋ. ਮਾਧਵ ਗਾਡਗਿਲ ਦੀ ਅਗਵਾਈ 'ਚ ਬਣਾਇਆ ਸੀ, ਪਰ ਹਾਲਾਤ ਇਹ ਹਨ ਕਿ ਇਸ ਕਮਿਸ਼ਨ ਦੀ ਰਿਪੋਰਟ ਹਾਲੇ ਤੱਕ ਵੀ ਫਾਈਲਾਂ ਦੀ ਧੂੜ ਹੀ ਫੱਕ ਰਹੀ ਹੈ। ਉਸ ਤੋਂ ਬਾਅਦ ਰੰਗਾਨਾਥਨ ਕਮਿਸ਼ਨ ਬਣਾਇਆ ਗਿਆ, ਉਸ ਨੇ ਪ੍ਰੋ. ਗਾਡਗਿਲ ਵੱਲੋਂ ਕੀਤੀਆਂ ਗਈਆਂ ਵਾਤਾਵਰਣ ਪੱਖੀ ਸਿਫਾਰਸ਼ਾਂ ਨੂੰ ਰੱਦ ਹੀ ਕਰ ਦਿੱਤਾ । ਇਸ ਤਰ੍ਹਾਂ ਹੀ ਹਿਮਾਚਲ, ਉੱਤਰਾਖੰਡ ਤੇ ਕਸ਼ਮੀਰ ਵਰਗੇ ਪਹਾੜੀ ਇਲਾਕਿਆਂ ਅੰਦਰ ਬੱਦਲ ਫਟਣ ਦੀਆਂ ਘਟਨਾਵਾਂ 'ਚ ਹੋਇਆ ਵਾਧਾ ਵੀ ਸੰਵੇਦਨਸ਼ੀਲ ਖੇਤਰ ਅੰਦਰ ਅੰਧਾਧੁੰਦ ਕੀਤੀਆਂ ਉਸਾਰੀਆਂ, ਉਸਾਰੇ ਜਾ ਰਹੇ ਚਾਰ-ਮਾਰਗੀ ਸੜਕੀ ਜਾਲ ਰਾਹੀਂ ਕੀਤੇ ਜਾ ਰਹੇ ਅੰਧਾਧੁੰਦ ਪਹਾੜਾਂ ਅਤੇ ਦਰੱਖਤਾਂ ਦੀ ਕਟਾਈ, ਪਹਾੜਾਂ ਨੂੰ ਕੱਟ ਕੇ ਬਣਾਈਆਂ ਜਾ ਰਹੀਆਂ ਸੁਰੰਗਾਂ ਅਤੇ ਡੈਮ ਵਾਤਾਵਰਣ ਸੰਤੁਲਨ ਵਿਗਾੜ ਪੱਖ ਤੋਂ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ, ਜਿਸ ਨਾਲ ਲੋਕਾਂ ਦੇ ਪੈਸੇ ਨਾਲ ਉਸਾਰੀਆਂ ਜਰਨੈਲੀ ਸੜਕਾਂ ਤੇ ਪੁਲ ਅੱਖ ਦੇ ਫੋਰ 'ਚ ਹੀ ਪਾਣੀ ਦੇ ਨਾਲ ਕੰਕਰ-ਪੱਥਰ ਬਣ ਵਹਿ ਤੁਰਦੇ ਹਨ।

ਹੜ੍ਹਾਂ ਦੀ ਰੋਕਥਾਮ ਲਈ ਸਭ ਤੋਂ ਪਹਿਲੀ ਬੁਨਿਆਦੀ ਸ਼ਰਤ ਇਹ ਬਣਦੀ ਹੈ ਕਿ ਹਕੂਮਤੀ ਗੱਦੀਆਂ 'ਤੇ ਬਿਰਾਜਮਾਨ ਸਿਆਸੀ ਪਾਰਟੀਆਂ ਦੇ ਏਜੰਡੇ ਵਿੱਚ ਲੋਕ ਹੋਣ । ਤ੍ਰਾਸਦੀ ਇਹ ਹੈ ਕਿ ਸੱਤਾ ਉੱਪਰ ਜਿਹੜੇ ਵੀ ਮਰਜ਼ੀ ਰੰਗ ਦੀ ਹਕੂਮਤ ਆ ਜਾਵੇ, ਸਭ ਨੇ ਲਾਗੂ ਤਾਂ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਨੂੰ ਕਰਨਾ ਹੁੰਦਾ ਹੈ। ਹੁਣ ਗੱਲ ਆਉਂਦੀ ਹੈ ਹੜ੍ਹ ਪੀੜਤ ਲੋਕਾਂ ਨੂੰ ਰਾਹਤ ਪ੍ਰਦਾਨ ਕਰਨੀ। ਦੂਸਰਾ ਪੱਖ ਹੜ੍ਹਾਂ ਦੀ ਰੋਕਥਾਮ ਲਈ ਕੀਤੇ ਗਏ ਢੁਕਵੇਂ ਪ੍ਰਬੰਧਾਂ ਦਾ।

ਪੰਜਾਬ ਵਿੱਚੋਂ ਲੰਘਦੇ ਸਤਲੁਜ, ਬਿਆਸ ਅਤੇ ਰਾਵੀ ਦਰਿਆ ਭਾਰੀ ਮੀਂਹਾਂ ਦੇ ਮੌਸਮ ਵਿੱਚ ਤਬਾਹੀ ਦਾ ਕਾਰਨ ਬਣਦੇ ਹਨ। ਹਿਮਾਚਲ ਵਿੱਚ ਜ਼ਿਆਦਾ ਮੀਂਹ ਪੈਣ ਨਾਲ ਡੈਮ ਨੱਕੋ-ਨੱਕ ਭਰ ਜਾਂਦੇ ਹਨ ਤਾਂ ਲੱਖਾਂ ਕਿਊਸਿਕ ਪਾਣੀ ਇਨ੍ਹਾਂ ਦਰਿਆਵਾਂ ਵਿੱਚ ਛੱਡਿਆ ਜਾਂਦਾ ਹੈ, ਜਿਹੜਾ ਅੱਗੇ ਜਾ ਕੇ ਦਰਿਆਵਾਂ ਦੇ ਕੰਢੇ ਵਸਦੇ ਲੋਕਾਂ ਲਈ ਤ੍ਰਾਸਦੀ ਬਣ ਜਾਂਦਾ ਹੈ । ਇਸ ਸੰਬੰਧ 'ਚ ਨੋਟ ਕਰਨ ਵਾਲੀ ਗੱਲ ਹੈ ਕਿ ਮੀਂਹ ਅਤੇ ਮੌਸਮ ਨਾਲ ਸੰਬੰਧਤ ਅਗਾਊਂ ਹੀ ਬਹੁਤ ਹੀ ਸਟੀਕ ਜਾਣਕਾਰੀ ਮੁਹੱਈਆ ਕਰਵਾਉਣ ਵਾਲੇ ਬਹੁਤ ਸਾਰੇ ਉੱਚ ਤਕਨੀਕ ਵਾਲੇ ਯੰਤਰ ਅੱਜਕੱਲ੍ਹ ਹਾਸਲ ਹਨ, ਇਨ੍ਹਾਂ ਦੀ ਮਦਦ ਨਾਲ ਅਜਿਹੀ ਜਾਣਕਾਰੀ ਨੂੰ ਲੋਕਾਂ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ ਅਤੇ ਤ੍ਰਾਸਦੀ ਦੀ ਰੋਕਥਾਮ ਲਈ ਅਗਾਊਂ ਲੋੜੀਂਦੇ ਪ੍ਰਬੰਧ ਕਰ ਲਏ ਜਾਣੇ ਚਾਹੀਦੇ ਹਨ। ਡੈਮਾਂ ਦੀ ਸਮਰੱਥਾ ਮੁਤਾਬਕ ਉਨ੍ਹਾਂ ਦੇ ਪਾਣੀ ਦੇ ਵਹਾਅ ਨੂੰ ਨਿਗਰਾਨੀ ਹੇਠ ਕਰਨ ਦੇ ਪ੍ਰਬੰਧ ਕੀਤੇ ਜਾ ਸਕਦੇ ਹਨ, ਪਰ ਸਰਕਾਰਾਂ ਐਧਰ ਧਿਆਨ ਨਾ ਦੇ ਕੇ ਫੋਕੀ ਵਾਹਵਾ ਖੱਟਣ ਲਈ ਉਹ ਕੁਝ ਕਰਦੀਆਂ ਹਨ, ਜਿਨ੍ਹਾਂ 'ਚੋਂ ਉਹਨਾਂ ਨੂੰ ਫੋਕੀ ਵਾਹਵਾ ਮਿਲਦੀ ਹੋਵੇ ਅਤੇ ਉਹ ਇਸ ਵਾਹਵਾ ਨੂੰ ਵੋਟਾਂ 'ਚ ਕੈਸ਼ ਕਰਾ ਸਕਣ।

ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਭਾਰੀ ਮੀਂਹ ਦੇ ਪਾਣੀ ਦੇ ਨਿਕਾਸ ਲਈ 1955-56 ਤੋਂ ਪੰਜਾਬ ਅੰਦਰ ਡਰੇਨਾਂ ਦੀ ਉਸਾਰੀ ਕੀਤੀ ਹੋਈ ਹੈ, ਪਰ ਇਨ੍ਹਾਂ ਡਰੇਨਾਂ ਦੀ ਸਾਫ਼-ਸਫ਼ਾਈ ਅਤੇ ਕਿਨਾਰਿਆਂ ਨੂੰ ਮਜ਼ਬੂਤ ਕਰਨ ਲਈ ਆਉਂਦੀ ਰਕਮ ਸਿਆਸੀ ਆਗੂਆਂ ਅਤੇ ਉੱਚ ਅਫ਼ਸਰਸ਼ਾਹੀ ਦੀ ਮਿਲੀਭੁਗਤ ਨਾਲ ਇਨ੍ਹਾਂ ਦੇ ਢਿੱਡਾਂ ਵਿੱਚ ਪੈ ਜਾਂਦੀ ਹੈ । ਦਰਿਆਵਾਂ, ਨਹਿਰਾਂ, ਸੂਇਆਂ, ਕੱਸੀਆਂ, ਡਰੇਨਾਂ ਆਦਿ ਦੀ ਸਾਫ਼-ਸਫ਼ਾਈ ਲਈ ਰੱਖੇ ਮੇਟ, ਬੇਲਦਾਰ ਨਵੀਂ ਨੀਤੀ ਦੀ ਭੇਟ ਚੜ੍ਹਾ ਕੇ ਲੱਭਦਿਆਂ ਵੀ ਨਹੀਂ ਲੱਭਦੇ। ਪਿਛਲੇ ਸਾਲ ਘੱਗਰ ਦਰਿਆ ਨੇ ਮਾਨਸਾ ਜ਼ਿਲ੍ਹੇ ਵਿੱਚ ਥਾਂ-ਥਾਂ ਬੰਨ੍ਹ ਟੁੱਟਣ ਨਾਲ ਵੱਡੀ ਤਬਾਹੀ ਮਚਾਉਂਦਿਆਂ ਦਹਿ ਹਜ਼ਾਰਾਂ ਏਕੜ ਫ਼ਸਲ ਬਰਬਾਦ ਕਰ ਦਿੱਤੀ ਸੀ। ਇਸ ਵਾਰ ਸਰਕਾਰੀ ਰਿਪੋਰਟਾਂ ਮੁਤਾਬਕ 7 ਲੱਖ ਏਕੜ ਫ਼ਸਲ ਦੀ ਬਰਬਾਦੀ ਹੋ ਗਈ ਹੈ। ਹੜ੍ਹਾਂ ਦੀ ਰੋਕਥਾਮ ਅਤੇ ਇਨ੍ਹਾਂ ਤੋਂ ਹੋਣ ਵਾਲੀ ਤਬਾਹੀ ਨੂੰ ਰੋਕਣ ਲਈ ਇੱਕ ਹੋਰ ਕਾਰਗਰ ਸਾਧਨ ਢੁਕਵੀਂਆਂ ਥਾਵਾਂ ਦੀ ਸ਼ਨਾਖਤ ਕਰਦਿਆਂ ਉਨ੍ਹਾਂ ਥਾਵਾਂ 'ਤੇ ਝੀਲਾਂ ਦੀ ਉਸਾਰੀ ਕਰਵਾਈ ਜਾ ਸਕਦੀ ਹੈ ਅਤੇ ਇਸ ਜਮ੍ਹਾਂ ਪਾਣੀ ਨੂੰ ਬਾਅਦ 'ਚ ਸਿੰਜਾਈ ਤੇ ਹੋਰ ਕੰਮਾਂ ਲਈ ਵਰਤਿਆ ਜਾ ਸਕਦਾ ਹੈ।

ਕਾਰਪੋਰੇਟੀ ਵਿਕਾਸ ਮਾਡਲ ਤਹਿਤ ਭਾਰਤ ਮਾਲਾ ਪ੍ਰਾਜੈਕਟਾਂ ਰਾਹੀਂ ਵਿਛਾਇਆ ਸੜਕਾਂ ਦਾ ਜਾਲ ਵੀ ਪੰਜਾਬ ਅੰਦਰ ਆਏ ਹੜ੍ਹਾਂ ਲਈ ਜ਼ਿੰਮੇਵਾਰ ਹੈ, ਜਿਸ ਨਾਲ ਪਾਣੀ ਦੇ ਕੁਦਰਤੀ ਵਹਾਅ ਨੂੰ ਬੰਨ੍ਹ ਮਾਰ ਕੇ 20-20 ਫੁੱਟ ਉੱਚੀਆਂ ਸੜਕਾਂ ਦੀ ਉਸਾਰੀ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਪੰਜਾਬ ਦੇ ਕਿਸਾਨ ਤਾਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਫ਼ਸਲੀ ਬੀਮਾ ਦੇ ਸ਼੍ਰੀਗਣੇਸ਼ ਕੀਤੇ ਜਾਣ ਦੀ ਉਡੀਕ ਕਰ ਰਹੇ ਹਨ। ਇਸ ਵੱਡੀ ਤ੍ਰਾਸਦੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲੀਆ ਦੌਰੇ ਮੌਕੇ 1600 ਕਰੋੜ ਰੁਪਏ ਦੀ ਮਾਮੂਲੀ ਸਹਾਇਤਾ ਐਲਾਨ ਕੇ ਪੰਜਾਬ ਨਾਲ ਕੋਝਾ ਮਜ਼ਾਕ ਕੀਤਾ ਹੈ। ਪੰਜਾਬ ਅਤੇ ਕੇਂਦਰ ਸਰਕਾਰਾਂ ਦੇ ਆਪਣੇ ਸਿਆਸੀ ਕਾਟੋ-ਕਲੇਸ਼ ਦਾ ਖਮਿਆਜ਼ਾ ਪੰਜਾਬ ਦੇ ਲੋਕ ਭੁਗਤ ਰਹੇ ਹਨ।

ਇਸ ਦੇ ਮੁਕਾਬਲੇ ਹੜ੍ਹਾਂ ਦੀ ਤ੍ਰਾਸਦੀ ਵਾਲੇ ਹਾਲਾਤ ਅੰਦਰ ਇੱਕ ਬਹੁਤ ਹੀ ਹਾਂ-ਪੱਖੀ ਵਰਤਾਰਾ ਦੇਖਣ ਨੂੰ ਮਿਲਿਆ ਕਿ ਸਰਕਾਰੀ ਇਮਦਾਦ ਦੀ ਉਡੀਕ ਕੀਤਿਆਂ ਭਰਾਤਰੀਭਾਵ ਨਾਲ ਲੈਸ ਪੰਜਾਬ ਦੀ ਲੋਕਾਈ ਨੇ ਇੱਕ-ਦੂਜੇ ਨੂੰ ਮਦਦ ਦੇਣ ਦੀ ਮਿਸਾਲੀ ਸਾਂਝ ਨਿਭਾਈ ਹੈ। ਹਿੰਦ-ਪਾਕਿ ਦੀਆਂ ਦੀਵਾਰਾਂ ਭਲੇ ਹੀ ਹਾਕਮਾਂ ਖੜ੍ਹੀਆਂ ਕਰ ਦਿੱਤੀਆਂ, ਪਰ ਜਦੋਂ ਬਾਰਡਰ ਦੇ ਪਿੰਡ ਮਹਿਦੀਪੁਰ ਦੇ ਬੰਨ੍ਹ ਨੂੰ ਤੇਜ਼ ਰਫ਼ਤਾਰ ਪਾਣੀ ਰੋੜ੍ਹ ਕੇ ਲੈ ਗਿਆ ਤਾਂ ਦੋਨੋਂ ਪਾਸਿਆਂ ਤੋਂ ਲੋਕਾਂ ਨੇ ਰਲ ਕੇ ਬੰਨ੍ਹ ਮਾਰਨ ਦੀ ਮਿਸਾਲ ਪੈਦਾ ਕਰ ਦਿਖਾਈ । ਅਖ਼ਬਾਰਾਂ ਅਜਿਹੀਆਂ ਮਿਸਾਲੀ ਘਟਨਾਵਾਂ ਨੂੰ ਨਹੀਂ ਉਭਾਰਕੇ ਪੇਸ਼ ਨਹੀਂ ਕਰ ਰਹੀਆਂ। ਉਹ ਸਿਰਫ਼ ਸਰਕਾਰੀ ਨੁਮਾਇੰਦਿਆਂ ਦੇ ਗੇੜੇ-ਦਰ-ਗੇੜਿਆਂ ਨੂੰ ਉਭਾਰ ਰਹੀਆਂ ਹਨ, ਜਦੋਂ ਕਿ ਲੋਕਾਂ ਦਾ ਮੁੱਖ ਬਚਾਅ ਆਪਸੀ ਭਾਈਚਾਰਕ ਸਾਂਝ ਕਰਕੇ ਹੋ ਰਿਹਾ ਹੈ । ਹਰਿਆਣਾ, ਯੂਪੀ, ਰਾਜਸਥਾਨ, ਦਿੱਲੀ ਤੱਕ ਦੇ ਕਿਸਾਨ ਪੰਜਾਬ ਦੇ ਲੋਕਾਂ ਦੀ ਮਦਦ ਲਈ ਅੱਗੇ ਆਏ ਹਨ । ਨੁਕਸਾਨ ਸਰਕਾਰਾਂ ਦੀ ਲੁਟੇਰੀ ਖ਼ਸਲਤ ਕਰਕੇ ਹੋ ਰਿਹਾ ਹੈ । ਦੂਜਾ ਇਸ ਨੁਕਸਾਨ ਨੇ ਦੱਸ ਦਿੱਤਾ ਕਿ ਪਾਣੀਆਂ ਉੱਤੇ ਅਧਿਕਾਰ ਦਾ ਸਵਾਲ ਮੁੱਖ ਤੌਰ ਉਤੇ ਰਿਪੇਰੀਅਨ ਕਾਨੂੰਨ ਮੁਤਾਬਿਕ ਕਿਉਂ ਹੱਲ ਹੋਣਾ ਚਾਹੀਦਾ ਹੈ। ਡੈਮਾਂ ਦੇ ਪ੍ਰਬੰਧ ਉੱਪਰ ਕੇਂਦਰੀ ਹਕੂਮਤ ਦੇ ਕਬਜ਼ੇ ਦੀ ਨੀਤ ਸਪੱਸ਼ਟ ਰੂਪ 'ਚ ਸਾਹਮਣੇ ਹੈ।

ਇਸ ਨੀਤੀ ਦਾ ਡਟਵਾਂ ਵਿਰੋਧ ਕਰਦਿਆਂ ਇਹ ਮੰਗ ਕਰਨੀ ਚਾਹੀਦੀ ਹੈ ਕਿ ਅਗਰ ਸਰਕਾਰਾਂ ਲੋਕਾਂ ਨੂੰ ਦਰਪੇਸ਼ ਹੜ੍ਹਾਂ ਵਰਗੀਆਂ ਤ੍ਰਾਸਦੀਆਂ ਅੰਦਰ ਕੋਈ ਸਹਾਇਤਾ ਹੀ ਮੁਹੱਈਆ ਨਹੀਂ ਕਰਦੀਆਂ ਤਾਂ ਉਨ੍ਹਾਂ ਨੂੰ ਲੋਕਾਂ ਪਾਸੋਂ ਟੈਕਸ ਉਗਰਾਹੁਣ ਦਾ ਵੀ ਕੋਈ ਹੱਕ ਨਹੀਂ। ਚਿਤਾਰਿਆ ਜਾਣਾ ਚਾਹੀਦਾ ਹੈ ਕਿ ਹੜ੍ਹਾਂ ਵਰਗੀਆਂ ਆਫ਼ਤਾਂ ਨਾਲ ਨਜਿੱਠਣਾ ਅੱਜ ਕੋਈ ਬਹੁਤਾ ਔਖਾ ਨਹੀਂ । ਸੰਸਾਰ ਭਰ ਦੇ ਇਨਕਲਾਬੀ ਲੋਕਾਂ ਨੇ ਆਪਣੇ ਬਾਹੂਬਲ ਦੇ ਆਸਰੇ ਇਨ੍ਹਾਂ ਦਰਿਆਵਾਂ ਦੇ ਮੂੰਹ ਆਪਣੀ ਸਹੂਲਤ ਅਨੁਸਾਰ ਮੋੜੇ ਹਨ ਅਤੇ ਇਹਨਾਂ ਨੂੰ ਸਮੂਹ ਲੋਕਾਈ ਦੀਆਂ ਜ਼ਰੂਰਤਾਂ ਲਈ ਵਰਤਿਆ ਹੈ। ਇਸ ਲਈ ਇਨਕਲਾਬੀ ਵਿਚਾਰਾਂ ਨਾਲ ਹੋਰ ਵੱਧ ਲੈਸ ਤੇ ਜਥੇਬੰਦ ਹੋਏ ਲੋਕ ਇਕੱਠੇ ਹੋ ਕੇ ਅਜਿਹੀਆਂ ਕੁਦਰਤੀ ਆਫ਼ਤਾਂ ਦਾ ਮੁਕਾਬਲਾ ਕਿਤੇ ਵੱਧ ਸੰਘਰਸ਼ਮਈ ਢੰਗ ਨਾਲ ਕਰ ਸਕਦੇ ਹਨ ਅਤੇ ਸਰਕਾਰ ਕੋਲੋਂ ਆਪਣੇ ਲਈ ਬਣਦੀ ਹੱਕੀ ਸਹਾਇਤਾ ਵੀ ਹਾਸਲ ਕਰ ਸਕਦੇ ਹਨ। ਹੋਰਨਾਂ ਮੰਗਾਂ-ਮਸਲਿਆਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਜੱਦੋਜਹਿਦ ਕਰਨ ਦੇ ਨਾਲ-ਨਾਲ ਆਪਣੇ ਸੰਘਰਸ਼ ਦੀ ਧਾਰ ਨੂੰ ਹੜ੍ਹਾਂ, ਸੋਕਿਆਂ, ਡੋਬਿਆਂ ਦੇ ਹਕੀਕੀ ਜ਼ਿੰਮੇਵਾਰ ਇਸ ਲੋਕ ਦੋਖੀ ਪ੍ਰਬੰਧ ਖਿਲਾਫ਼ ਅਤੇ ਢੁਕਵੇ ਲੋਕ-ਪੱਖੀ ਹੱਲਾਂ ਵੱਲ ਸੇਧਤ ਕਰਦਿਆਂ ਕਰ ਸਕਦੇ ਹਨ ।ਅਜਿਹੇ ਭੀੜ ਭਰੇ ਹਾਲਾਤ ਅੰਦਰ ਲੋਕ ਕਵੀ ਸੰਤ ਰਾਮ ਉਦਾਸੀ ਦੀ ਕਲਮ 'ਚੋਂ ਨਿਕਲੀਆਂ ਇਹ ਸਤਰਾਂ ਲੋਕਾਂ ਦੇ ਖਾਜਾ ਬਣਦੇ ਹੋਣ ਦਾ ਤੱਤ ਪੇਸ਼ ਕਰਦੀਆਂ ਹਨ-

*'ਜੇ ਸੋਕਾ ਇਹ ਹੀ ਸੜਦੇ ਨੇ*
*ਜੇ ਡੋਬਾ ਇਹ ਹੀ ਮਰਦੇ ਨੇ*
*ਸਭ ਕਹਿਰ ਇਹਨਾਂ ਸਿਰ ਵਰ੍ਹਦੇ ਨੇ*
*ਜਿੱਥੇ ਫ਼ਸਲਾਂ ਨੇ ਛੱਡ ਜਾਂਦੀਆਂ ਅਰਮਾਨ ਤਰੇੜੇ*
*ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।'*

# ਸੰਪਰਕ : 941-707-9720

# ਪੰਜਾਬ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਨ ਲਈ ਉਠ ਪਏ ਪੰਜਾਬੀ


ਮਹਿਕ ਅਰੋੜਾ

ਕਲਪਨਾ ਕਰੋ ਉਸ ਕਿਸਾਨ ਦੀ, ਜਿਸ ਨੇ ਮਹੀਨਿਆਂ ਤੱਕ ਆਪਣੇ ਖ਼ੂਨ-ਪਸੀਨੇ ਨਾਲ ਖੇਤ ਨੂੰ ਸਿੰਜਿਆ ਸੀ, ਅਤੇ ਅੱਜ ਉਹ ਉਸੇ ਖੇਤ ਦੇ ਕੰਢੇ ਬੇਵੱਸੀ ਨਾਲ ਖੜ੍ਹਾ ਹੈ, ਜਿੱਥੋਂ ਤੱਕ ਨਜ਼ਰ ਜਾਂਦੀ ਹੈ, ਸਿਰਫ਼ ਪਾਣੀ ਹੀ ਪਾਣੀ ਹੈ। ਕਲਪਨਾ ਕਰੋ ਉਸ ਮਾਂ ਦੀ, ਜੋ ਆਪਣੀ ਛੋਟੀ ਜਿਹੀ ਬੱਚੀ ਨੂੰ ਗੋਦ ਵਿੱਚ ਚੁੱਕੀ, ਇੱਕ ਟੁੱਟੀ ਹੋਈ ਛੱਤ 'ਤੇ ਬੈਠੀ ਅਸਮਾਨ ਵੱਲ ਵੇਖ ਰਹੀ ਹੈ, ਇਸ ਉਮੀਦ ਵਿੱਚ ਕਿ ਸ਼ਾਇਦ ਕੋਈ ਮਦਦ ਆ ਜਾਵੇ । ਉਸ ਦਾ ਘਰ, ਜਿਸ ਵਿੱਚ ਉਸ ਦੀ ਪੂਰੀ ਦੁਨੀਆ ਵੱਸਦੀ ਸੀ, ਹੁਣ ਇੱਕ ਜਲ-ਸਮਾਧੀ ਬਣ ਚੁੱਕਾ ਹੈ।

ਇਹ ਕੋਈ ਫਿਲਮੀ ਦ੍ਰਿਸ਼ ਨਹੀਂ, ਇਹ ਅੱਜ ਦੇ ਪੰਜਾਬ ਦੀ ਇੱਕ ਦਿਲ ਦਹਿਲਾ ਦੇਣ ਵਾਲੀ ਹਕੀਕਤ ਹੈ। ਸਤਲੁਜ, ਬਿਆਸ ਅਤੇ ਰਾਵੀ, ਜੋ ਕਦੇ ਪੰਜਾਬ ਦੀਆਂ ਜੀਵਨ ਰੇਖਾਵਾਂ ਮੰਨੀਆਂ ਜਾਂਦੀਆਂ ਸਨ, ਅੱਜ ਆਪਣਾ ਭਿਆਨਕ ਰੂਪ ਦਿਖਾ ਰਹੀਆਂ ਹਨ। ਭਾਖੜਾ ਅਤੇ ਪੌਂਗ ਡੈਮਾਂ ਤੋਂ ਛੱਡੇ ਗਏ ਪਾਣੀ ਨੇ ਇਸ ਨੂੰ ਹੋਰ ਵੀ ਭਿਆਨਕ ਬਣਾ ਦਿੱਤਾ ਹੈ। ਅਸਮਾਨ ਤੋਂ ਵਰ੍ਹਦੀ ਆਫ਼ਤ ਅਤੇ ਟੁੱਟੇ ਬੰਨ੍ਹਾਂ ਨੇ ਮਿਲ ਕੇ ਇੱਕ ਅਜਿਹੀ ਤਬਾਹੀ ਮਚਾਈ ਹੈ, ਜਿਸ ਨੂੰ ਪੰਜਾਬ ਨੇ ਪਿਛਲੇ ਚਾਰ ਦਹਾਕਿਆਂ ਵਿੱਚ ਨਹੀਂ ਦੇਖਿਆ। ਇਹ ਸਿਰਫ਼ ਹੜ੍ਹ ਨਹੀਂ ਹੈ, ਇਹ ਸੁਪਨਿਆਂ ਦਾ ਡੁੱਬਣਾ ਹੈ, ਇਹ ਭਵਿੱਖ ਦਾ ਹਨੇਰੇ ਵਿੱਚ ਗੁਆਚ ਜਾਣਾ ਹੈ। ਹਰ ਪਾਸੇ ਚੀਕ-ਚਿਹਾੜਾ ਹੈ, ਹਰ ਚਿਹਰੇ 'ਤੇ ਇੱਕ ਅਣਕਿਹਾ ਡਰ ਅਤੇ ਹਰ ਦਿਲ ਵਿੱਚ ਇੱਕ ਸਵਾਲ - 'ਹੁਣ ਅੱਗੇ ਕੀ ਹੋਵੇਗਾ?'

ਭਾਵਨਾਵਾਂ ਤੋਂ ਪਰੇ ਜਦੋਂ ਅਸੀਂ ਅੰਕੜਿਆਂ 'ਤੇ ਨਜ਼ਰ ਮਾਰਦੇ ਹਾਂ, ਤਾਂ ਤਬਾਹੀ ਦੀ ਤਸਵੀਰ ਹੋਰ ਵੀ ਭਿਆਨਕ ਹੋ ਜਾਂਦੀ ਹੈ। ਇਹ ਕੋਈ ਸਥਾਨਕ ਆਫ਼ਤ ਨਹੀਂ, ਸਗੋਂ ਪੂਰੇ ਰਾਜ 'ਤੇ ਆਇਆ ਇੱਕ ਬੇਮਿਸਾਲ ਸੰਕਟ ਹੈ। ਪੰਜਾਬ ਸਰਕਾਰ ਨੂੰ ਅਧਿਕਾਰਤ ਤੌਰ 'ਤੇ ਸਾਰੇ 23 ਜ਼ਿਲ੍ਹਿਆਂ ਨੂੰ 'ਆਫ਼ਤ-ਗ੍ਰਸਤ' ਘੋਸ਼ਿਤ ਕਰਨਾ ਪਿਆ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਪੂਰਾ ਰਾਜ ਇੱਕੋ ਸਮੇਂ ਇੱਕ ਹੀ ਆਫ਼ਤ ਦੀ ਲਪੇਟ ਵਿੱਚ ਆਇਆ ਹੋਵੇ । 2000 ਤੋਂ ਵੱਧ ਪਿੰਡ ਸਿੱਧੇ ਤੌਰ 'ਤੇ ਹੜ੍ਹ ਦੇ ਪਾਣੀ ਵਿੱਚ ਡੁੱਬ ਚੁੱਕੇ ਹਨ। ਕਈ ਪਿੰਡਾਂ ਦਾ ਤਾਂ ਹੁਣ ਨਾਮੋ-ਨਿਸ਼ਾਨ ਤੱਕ ਨਹੀਂ ਬਚਿਆ, ਉਹ ਬਸ ਪਾਣੀ ਦੇ ਹੇਠਾਂ ਵਸੇ ਇੱਕ ਗੁੰਮਨਾਮ ਟਾਪੂ ਬਣ ਕੇ ਰਹਿ ਗਏ ਹਨ ।

ਸਰਕਾਰੀ ਅੰਕੜਿਆਂ ਅਨੁਸਾਰ 50 ਤੋਂ ਵੱਧ ਲੋਕ ਇਸ ਹੜ੍ਹ ਵਿੱਚ ਆਪਣੀ ਜਾਨ ਗੁਆ ਚੁੱਕੇ ਹਨ ਅਤੇ ਇਹ ਗਿਣਤੀ ਵਧਣ ਦਾ ਖਦਸ਼ਾ ਹੈ। ਲਗਭਗ 4 ਲੱਖ ਲੋਕ ਸਿੱਧੇ ਤੌਰ 'ਤੇ ਪ੍ਰਭਾਵਤ ਹੋਏ ਹਨ। ਇਹ ਹੜ੍ਹ ਪੰਜਾਬ ਦੀ ਖੇਤੀ ਆਰਥਿਕਤਾ 'ਤੇ ਇੱਕ ਸਿੱਧਾ ਹਮਲਾ ਹੈ। ਅਨੁਮਾਨ ਹੈ ਕਿ 4 ਲੱਖ ਏਕੜ ਤੋਂ ਵੱਧ ਖੜ੍ਹੀ ਫਸਲ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੀ ਹੈ। ਇਹ ਅੰਕੜੇ ਸਿਰਫ਼ ਗਿਣਤੀਆਂ ਨਹੀਂ ਹਨ, ਇਹ ਹਜ਼ਾਰਾਂ ਉੱਜੜੇ ਹੋਏ ਪਰਵਾਰ ਹਨ, ਲੱਖਾਂ ਟੁੱਟੇ ਹੋਏ ਦਿਲ ਹਨ ਅਤੇ ਅਰਬਾਂ ਰੁਪਏ ਦਾ ਨੁਕਸਾਨ ਹੈ, ਜਿਸ ਦੀ ਭਰਪਾਈ ਵਿੱਚ ਸ਼ਾਇਦ ਸਾਲਾਂ ਲੱਗ ਜਾਣਗੇ।

ਆਓ, ਹੁਣ ਉਸ ਮੁੱਦੇ 'ਤੇ ਗੱਲ ਕਰੀਏ, ਜੋ ਇਸ ਤਬਾਹੀ ਤੋਂ ਵੀ ਜ਼ਿਆਦਾ ਗਹਿਰਾ ਅਤੇ ਦਰਦਨਾਕ ਰਿਹਾ ਹੈ। ਇਹ ਉਹੀ ਪੰਜਾਬ ਹੈ, ਜਿਸ ਨੂੰ ਕੁਝ ਸਾਲ ਪਹਿਲਾਂ ਤੱਕ ਪੂਰੇ ਦੇਸ਼ ਵਿੱਚ ਇੱਕ ਨਕਾਰਾਤਮਕ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ। 'ਉੜਤਾ ਪੰਜਾਬ' ਵਰਗੇ ਸ਼ਬਦਾਂ ਨੇ ਇਸ ਦੀ ਪਛਾਣ 'ਤੇ ਇੱਕ ਅਜਿਹਾ ਦਾਗ਼ ਲਗਾਇਆ, ਜਿਸ ਨੂੰ ਮਿਟਾਉਣਾ ਮੁਸ਼ਕਲ ਲੱਗ ਰਿਹਾ ਸੀ। ਪੰਜਾਬ ਦੇ ਨੌਜਵਾਨਾਂ ਨੂੰ 'ਨਸ਼ੇੜੀ', 'ਭਟਕਿਆ ਹੋਇਆ' ਅਤੇ 'ਦਿਸ਼ਾਹੀਣ' ਕਹਿ ਕੇ ਉਨ੍ਹਾਂ ਦੀ ਪੂਰੀ ਪੀੜ੍ਹੀ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਗਿਆ। ਦੇਸ਼ ਦੇ ਮੀਡੀਆ ਤੋਂ ਲੈ ਕੇ ਸਿਨੇਮਾ ਤੱਕ, ਹਰ ਜਗ੍ਹਾ ਇੱਕ ਅਜਿਹੀ ਛਵੀ ਬਣਾਈ ਗਈ ਕਿ ਪੰਜਾਬ ਦੀ ਆਤਮਾ ਮਰ ਚੁੱਕੀ ਹੈ।

ਅੱਜ ਜਦੋਂ ਪੰਜਾਬ ਆਪਣੀ ਸਭ ਤੋਂ ਕਠਿਨ ਪ੍ਰੀਖਿਆ ਵਿੱਚੋਂ ਗੁਜ਼ਰ ਰਿਹਾ ਹੈ, ਤਾਂ ਸਵਾਲ ਉੱਠਦਾ ਹੈ-ਕਿੱਥੇ ਹਨ ਉਹ ਲੋਕ, ਜੋ ਕੱਲ੍ਹ ਤੱਕ ਪੰਜਾਬ ਨੂੰ ਬਦਨਾਮ ਕਰ ਰਹੇ ਸਨ? ਕਿੱਥੇ ਹਨ ਉਹ ਜੋ ਕਹਿੰਦੇ ਸਨ ਕਿ ਪੰਜਾਬ ਦਾ ਨੌਜਵਾਨ ਖ਼ਤਮ ਹੋ ਚੁੱਕਾ ਹੈ? ਇਸ ਦਾ ਜਵਾਬ ਅੱਜ ਪੰਜਾਬ ਦੀ ਧਰਤੀ ਖੁਦ ਦੇ ਰਹੀ ਹੈ । ਇਸ ਦਾ ਜਵਾਬ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਦੇ ਪਸੀਨੇ ਅਤੇ ਹਿੰਮਤ ਨਾਲ ਲਿਖਿਆ ਜਾ ਰਿਹਾ ਹੈ, ਜੋ ਅੱਜ ਇਸ ਆਫ਼ਤ ਵਿੱਚ ਸਭ ਤੋਂ ਅੱਗੇ ਖੜ੍ਹੇ ਹਨ। ਅੱਜ ਜਦੋਂ ਸਰਕਾਰੀ ਤੰਤਰ ਦੀਆਂ ਸੀਮਾਵਾਂ ਉਜਾਗਰ ਹੋ ਰਹੀਆਂ ਹਨ, ਜਦੋਂ ਹਰ ਜਗ੍ਹਾ ਮਦਦ ਪਹੁੰਚਾਉਣਾ ਮੁਸ਼ਕਲ ਹੋ ਰਿਹਾ ਹੈ, ਉਦੋਂ ਇਹੀ ਨੌਜਵਾਨ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਇਨਸਾਨੀਅਤ ਦੀ ਸਭ ਤੋਂ ਵੱਡੀ ਮਸ਼ਾਲ ਲੈ ਕੇ ਨਿਕਲੇ ਹਨ।


ਇਨ੍ਹਾਂ ਨੌਜਵਾਨਾਂ ਨੇ ਕਿਸੇ ਸਰਕਾਰੀ ਹੁਕਮ ਜਾਂ ਕਿਸੇ ਨੇਤਾ ਦੇ ਸੱਦੇ ਦਾ ਇੰਤਜ਼ਾਰ ਨਹੀਂ ਕੀਤਾ। ਜਿਵੇਂ ਹੀ ਉਨ੍ਹਾਂ ਨੂੰ ਖ਼ਤਰੇ ਦਾ ਅਹਿਸਾਸ ਹੋਇਆ, ਉਹ ਆਪਣੇ ਟਰੈਕਟਰ, ਆਪਣੀਆਂ ਟਰਾਲੀਆਂ ਅਤੇ ਆਪਣੀ ਹਿੰਮਤ ਲੈ ਕੇ ਨਿਕਲ ਪਏ। ਸੋਸ਼ਲ ਮੀਡੀਆ, ਜੋ ਕੱਲ੍ਹ ਤੱਕ ਮਨੋਰੰਜਨ ਦਾ ਸਾਧਨ ਸੀ, ਅੱਜ ਰਾਹਤ ਕਾਰਜਾਂ ਲਈ ਸਭ ਤੋਂ ਵੱਡਾ ਵਾਰ-ਰੂਮ ਬਣ ਗਿਆ ਹੈ। ਵਟਸਐਪ ਗਰੁੱਪਾਂ 'ਤੇ ਸੁਨੇਹੇ ਭੇਜੇ ਜਾ ਰਹੇ ਹਨ ਕਿ ਕਿਸ ਪਿੰਡ ਵਿੱਚ ਕਿਸ਼ਤੀ ਦੀ ਲੋੜ ਹੈ ਅਤੇ ਕਿੱਥੇ ਬੰਨ੍ਹ ਟੁੱਟਣ ਦਾ ਖ਼ਤਰਾ ਹੈ। ਖਾਲਸਾ ਏਡ, ਯੂਨਾਈਟਿਡ ਸਿੱਖਸ ਵਰਗੀਆਂ ਵਿਸ਼ਵ-ਪ੍ਰਸਿੱਧ ਸੰਸਥਾਵਾਂ ਦੇ ਨਾਲ-ਨਾਲ ਹਜ਼ਾਰਾਂ ਗੁੰਮਨਾਮ ਸਥਾਨਕ ਕਲੱਬ ਅਤੇ ਨੌਜਵਾਨ ਦਿਨ-ਰਾਤ ਲੰਗਰ ਚਲਾ ਰਹੇ ਹਨ। ਉਹ ਸਿਰਫ਼ ਖਾਣਾ ਨਹੀਂ, ਸਗੋਂ ਦਵਾਈਆਂ, ਸਾਫ਼ ਪਾਣੀ, ਤਰਪਾਲਾਂ ਅਤੇ ਪਸ਼ੂਆਂ ਲਈ ਚਾਰਾ ਵੀ ਉਨ੍ਹਾਂ ਇਲਾਕਿਆਂ ਤੱਕ ਪਹੁੰਚਾ ਰਹੇ ਹਨ, ਜਿੱਥੇ ਪਹੁੰਚਣਾ ਲਗਭਗ ਨਾਮੁਮਕਿਨ ਹੈ। ਇਹ ਨੌਜਵਾਨ ਅੱਜ ਪੰਜਾਬ ਦੀ ਅਸਲੀ ਜੀਵਨ ਰੇਖਾ ਹਨ।

ਹੜ੍ਹ ਦੇ ਪਾਣੀ ਨੇ ਜਾਤ, ਧਰਮ ਅਤੇ ਅਮੀਰੀ-ਗਰੀਬੀ ਦੀਆਂ ਸਾਰੀਆਂ ਕੰਧਾਂ ਢਾਹ ਦਿੱਤੀਆਂ ਹਨ। ਕੋਈ ਇਹ ਨਹੀਂ ਪੁੱਛ ਰਿਹਾ ਕਿ ਤੂੰ ਕੌਣ ਹੈਂ, ਸਭ ਬੱਸ ਇੱਕ-ਦੂਜੇ ਦਾ ਹੱਥ ਫੜ ਰਹੇ ਹਨ। ਗੁਰਦੁਆਰਿਆਂ ਨੇ ਆਪਣੇ ਦਰਵਾਜ਼ੇ ਅਤੇ ਆਪਣੀਆਂ ਤਿਜੌਰੀਆਂ ਖੋਲ੍ਹ ਦਿੱਤੀਆਂ ਹਨ। ਇਹ ਉਹੀ ਸੇਵਾ ਭਾਵ ਹੈ, ਜੋ ਗੁਰੂ ਨਾਨਕ ਦੇਵ ਜੀ ਨੇ ਸਿਖਾਇਆ ਸੀ। ਅੱਜ ਹਰ ਪੰਜਾਬੀ ਉਸ ਪਰੰਪਰਾ ਨੂੰ ਜੀਅ ਰਿਹਾ ਹੈ। ਇਹ ਸਮੂਹਿਕ ਚੇਤਨਾ ਦਾ ਹੀ ਸਬੂਤ ਹੈ ਕਿ ਸੰਕਟ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਪੰਜਾਬੀ ਇੱਕ-ਦੂਜੇ ਨੂੰ ਇਕੱਲਾ ਨਹੀਂ ਛੱਡਦੇ। ਉੱਥੇ ਦੂਜੇ ਪਾਸੇ ਕੁਝ ਸਿਆਸੀ ਦਲ ਅਤੇ ਅਖੌਤੀ ਸੰਗਠਨ ਇਸ ਆਫ਼ਤ ਵਿੱਚ ਵੀ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੋਂ ਬਾਜ਼ ਨਹੀਂ ਆ ਰਹੇ। ਕੈਮਰਿਆਂ ਦੀ ਚਕਾਚੌਂਧ ਵਿੱਚ ਰਾਹਤ ਸਮੱਗਰੀ ਵੰਡਣ ਦਾ ਦਿਖਾਵਾ ਕਰਨਾ, ਝੂਠੇ ਵਾਅਦੇ ਕਰਨਾ ਅਤੇ ਰਾਹਤ ਕਾਰਜਾਂ ਵਿੱਚ ਆਪਣੀ ਪਾਰਟੀ ਦਾ ਝੰਡਾ ਲਗਾ ਕੇ ਸਿਹਰਾ ਲੈਣ ਦੀ ਹੋੜ ਲਗਾਉਣਾ, ਇਹ ਸਭ ਵੀ ਦੇਖਣ ਨੂੰ ਮਿਲ ਰਿਹਾ ਹੈ। ਇਹ ਮਨੁੱਖਤਾ ਨਾਲ ਇੱਕ ਭੱਦਾ ਮਜ਼ਾਕ ਹੈ, ਪਰ ਪੰਜਾਬ ਦੀ ਜਨਤਾ ਹੁਣ ਏਨੀ ਸਿਆਣੀ ਹੋ ਚੁੱਕੀ ਹੈ ਕਿ ਉਹ ਦਿਖਾਵੇ ਅਤੇ ਸੱਚੀ ਸੇਵਾ ਵਿਚਲਾ ਫ਼ਰਕ ਚੰਗੀ ਤਰ੍ਹਾਂ ਸਮਝਦੀ ਹੈ।

ਜਦੋਂ ਹੜ੍ਹ ਦਾ ਇਹ ਪਾਣੀ ਉਤਰੇਗਾ, ਤਾਂ ਆਪਣੇ ਪਿੱਛੇ ਵਿਨਾਸ਼ ਅਤੇ ਬਰਬਾਦੀ ਦਾ ਇੱਕ ਲੰਮਾ ਨਿਸ਼ਾਨ ਛੱਡ ਜਾਵੇਗਾ। ਟੁੱਟੇ ਹੋਏ ਘਰ, ਬਰਬਾਦ ਫਸਲਾਂ ਅਤੇ ਇੱਕ ਠੱਪ ਪਈ ਆਰਥਿਕਤਾ ਨੂੰ ਮੁੜ ਖੜ੍ਹਾ ਕਰਨ ਵਿੱਚ ਸਾਲਾਂ ਲੱਗਣਗੇ, ਪਰ ਇਹ ਪਾਣੀ ਆਪਣੇ ਨਾਲ ਬਹੁਤ ਕੁਝ ਵਹਾ ਕੇ ਵੀ ਲੈ ਜਾਵੇਗਾ, ਇਹ ਉਸ ਝੂਠੇ ਪ੍ਰਚਾਰ ਨੂੰ ਵਹਾ ਲਿਜਾਵੇਗਾ, ਜੋ ਪੰਜਾਬ ਦੇ ਖਿਲਾਫ਼ ਕੀਤਾ ਗਿਆ, ਇਹ ਉਸ ਨਿਰਾਸ਼ਾ ਨੂੰ ਵਹਾ ਲਿਜਾਵੇਗਾ, ਜੋ ਨੌਜਵਾਨਾਂ ਦੇ ਮਨ ਵਿੱਚ ਘਰ ਕਰ ਗਈ ਸੀ ਅਤੇ ਇਹ ਉਸ ਦਾਗ਼ ਨੂੰ ਵੀ ਧੋ ਦੇਵੇਗਾ, ਜੋ ਪੰਜਾਬ ਦੀ ਪਛਾਣ 'ਤੇ ਲਗਾਇਆ ਗਿਆ ਸੀ। ਇਹ ਹੜ੍ਹ ਆਪਣੇ ਨਾਲ ਸਿਰਫ਼ ਤਬਾਹੀ ਨਹੀਂ, ਸਗੋਂ ਪੰਜਾਬ ਲਈ ਇੱਕ ਨਵਾਂ ਆਤਮ-ਸਨਮਾਨ ਅਤੇ ਇੱਕ ਨਵੀਂ ਸਵੇਰ ਲੈ ਕੇ ਆਏ ਨੇ।

# ਸੰਪਰਕ : 78889-68545

# ਭਾਰਤ 'ਚ ਜਨਸੰਖਿਆ ਦੀ ਸਮੱਸਿਆ


ਵਿਸ਼ਵਾ ਮਿੱਤਰ

ਸਭ ਨੂੰ ਪਤਾ ਹੈ ਕਿ ਜਨਸੰਖਿਆ ਦੀ ਸਮੱਸਿਆ ਭਾਰਤ ਵਿਚ ਬੜੀ ਵਿਕਰਾਲ ਹੈ ਅਤੇ ਵੱਸੋਂ ਬਾਹਰ ਹੁੰਦੀ ਜਾ ਰਹੀ ਹੈ। ਇਸ ਤੋਂ ਪੈਦਾ ਹੋ ਰਹੀਆਂ ਸਮੱਸਿਆਵਾਂ ਬਾਰੇ ਦੱਸਣ ਦੀ ਲੋੜ ਨਹੀਂ, ਕਿਉਂਕਿ ਸਾਰੇ ਹੀ ਸੁਚੇਤ ਲੋਕ ਇਹਨਾਂ ਨੂੰ ਚੰਗੀ ਤਰਾਂ ਜਾਣਦੇ ਹਨ। ਇਸ ਵਾਧੇ ਨੂੰ ਰੋਕਣ ਜਾਂ ਕੁਝ ਘਟ ਕਰਨ ਲਈ ਸਾਨੂੰ ਇਸ ਦੀਆਂ ਸਮੱਸਿਆਵਾਂ ਜਾਨਣ ਦੇ ਨਾਲ ਇਸ ਦੇ ਵਧਣ ਦੇ ਕਾਰਣ ਜਾਣਨੇ ਪੈਣਗੇ । ਵਾਧੇ ਦਾ ਇੱਕ ਕਾਰਨ ਧਾਰਮਿਕ ਹੈ, ਜਿਸ ਅਨੁਸਾਰ ਹਿੰਦੂ ਜਾਂ ਹਿੰਦੂਆਂ ਨਾਲ ਮਿਲਦੇ-ਜੁਲਦੇ ਵਿਚਾਰਾਂ ਵਾਲੇ ਪਰਵਾਰਾਂ ਦੀ ਇਹ ਖਾਹਿਸ਼ ਹੁੰਦੀ ਹੈ ਕਿ ਸਾਡੇ ਪਰਵਾਰ ਦੀ ਜਾਂ ਇਸ ਦੀ ਜਾਤ ਚਲਦੀ ਰਹੇ, ਇਸ ਲਈ ਉਹ ਘਰ ਵਿਚ ਇੱਕ ਬੇਟਾ ਜ਼ਰੂਰ ਚਾਹੁੰਦੇ ਹਨ। ਇਹ ਵੀ ਚਾਹੁੰਦੇ ਹਨ ਕਿ ਸਾਡੇ ਮਰਨ 'ਤੇ ਸਾਡਾ ਬੇਟਾ ਸਾਡਾ ਦਾਹ ਸੰਸਕਾਰ ਕਰੇ । ਇਸ ਲਈ ਕਈ ਪਰਵਾਰਾਂ ਵਿਚ ਭਾਵੇਂ ਛੇ ਬੇਟੀਆਂ ਹੋ ਜਾਣ, ਉਹ ਫਿਰ ਵੀ ਇਸ ਆਸ ਨਾਲ ਹੋਰ ਬੱਚਾ ਚਾਹੁੰਦੇ ਹਨ, ਜਿਹੜਾ ਕਿ ਬੇਟਾ ਹੋਵੇ । ਕਈ ਐਸੇ ਪਰਵਾਰ ਵੀ ਹਨ, ਜਿਨ੍ਹਾਂ ਦੇ ਇੱਕ ਬੇਟਾ ਹੈ, ਉਹ ਵੀ ਜੇਕਰ ਦੂਜੇ ਨੰਬਰ 'ਤੇ ਬੇਟੀ ਹੋ ਜਾਵੇ ਤਾਂ ਤੀਜੇ ਨੰਬਰ 'ਤੇ ਬੇਟਾ ਪੈਦਾ ਕਰਨ ਦੀ ਆਸ ਨਾਲ ਤੀਜਾ ਬੱਚਾ ਪੈਦਾ ਕਰਦੇ ਹਨ। ਦੋ ਬੇਟੇ ਇਸ ਲਈ ਰੱਖਣਾ ਚਾਹੁੰਦੇ ਹਨ ਕਿ ਅੱਜਕੱਲ੍ਹ ਬੇਨਿਯਮੀ ਟਰੈਫਿਕ ਕਾਰਨ ਸੜਕਾਂ ਵੀ ਮੌਤ ਦਾ ਘਰ ਬਣੀਆਂ ਹੋਈਆਂ ਹਨ ਅਤੇ ਇਹ ਵੀ ਨਹੀਂ ਪਤਾ ਕਿ ਕਦੋਂ ਕੋਈ ਨੌਜਵਾਨ ਦੀ ਮੌਤ ਦਾ ਕਾਰਨ ਗੁੰਡਾ ਗਰੋਹ ਜਾਂ ਨਸ਼ੇ ਨੇ ਬਣ ਜਾਣਾ ਹੈ।

ਜਨਸੰਖਿਆ ਦੇ ਵਾਧੇ ਦਾ ਦੂਸਰਾ ਕਾਰਨ ਮਜ਼ਦੂਰ ਜਮਾਤ ਦੀ ਆਰਥਿਕਤਾ ਹੈ। ਮਜ਼ਦੂਰ ਆਪਣੇ ਬੱਚਿਆਂ ਨੂੰ ਠੀਕ ਤਰ੍ਹਾਂ ਪੜ੍ਹਾ-ਲਿਖਾ ਨਹੀਂ ਸਕਦੇ, ਕਿਉਂਕਿ ਸਰਕਾਰੀ ਸਕੂਲਾਂ ਵਿਚ ਮਾੜਾ ਇਨਫਰਾਸਟਰਕਚਰ ਅਤੇ ਸਟਾਫ ਦੀ ਘਾਟ ਕਾਰਨ ਪੜ੍ਹਾਈ ਦੀ ਗੁਣਵੱਤਾ ਚੰਗੀ ਨਹੀਂ ਰਹਿੰਦੀ ਅਤੇ ਚੰਗੇ ਇਨਫਰਾਸਟਰਕਚਰ ਅਤੇ ਪੂਰੇ ਸਟਾਫ ਵਾਲੇ ਨਿੱਜੀ ਸਕੂਲਾਂ ਦੀਆਂ ਫੀਸਾਂ ਉਹ ਭਰ ਨਹੀਂ ਸਕਦੇ। ਆਮ ਤੌਰ 'ਤੇ ਗਰੀਬ ਅਤੇ ਪੱਛੜੇ ਮਜ਼ਦੂਰ ਦਾ ਬੱਚਾ ਵੱਡਾ ਹੋ ਕੇ ਮਜ਼ਦੂਰ ਹੀ ਬਣਦਾ ਹੈ। ਇਕ ਮਜ਼ਦੂਰ ਅਪਣੀ ਪਤਨੀ, ਬੱਚਿਆਂ ਅਤੇ ਬੁੱਢੇ ਮਾਂ-ਬਾਪ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦਾ, ਇਸ ਲਈ ਮਜ਼ਦੂਰ ਇਹੋ ਚਾਹੁੰਦਾ ਹੈ ਕਿ ਉਸ ਦੇ ਬੱਚੇ ਐਨੇ ਜ਼ਿਆਦਾ ਹੋਣ ਤਾਂ ਕਿ ਉਹ ਸਾਰੇ ਮਿਲ ਕਿ ਬੁਢਾਪੇ ਵਿਚ ਸਾਡੀਆਂ ਲੋੜਾਂ ਅਸਾਨੀ ਨਾਲ ਪੂਰੀਆਂ ਕਰ ਸਕਣ।

ਆਬਾਦੀ ਦੇ ਵਾਧੇ ਦਾ ਤੀਜਾ ਕਾਰਨ ਧਰਮ ਅਤੇ ਸਿਆਸਤ ਦਾ ਮਿਲਗੋਭਾ ਹੈ। ਜ਼ਿਆਦਾਤਰ ਖੇਤਰੀ ਪਾਰਟੀਆਂ ਅਤੇ ਕੁਝ ਇੰਡੀਆ ਪੱਧਰ ਦੀਆਂ ਪਾਰਟੀਆਂ ਧਾਰਮਕ ਆਧਾਰ 'ਤੇ ਚੱਲ ਰਹੀਆਂ ਹਨ । ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਸਾਡੇ ਧਰਮ ਦੇ ਲੋਕਾਂ ਦੀ ਗਿਣਤੀ ਕਿਤੇ ਘਟ ਨਾ ਜਾਵੇ, ਜੇਕਰ ਗਿਣਤੀ ਘਟ ਗਈ ਤਾਂ ਸਾਡੇ ਵਿਧਾਇਕ ਅਤੇ ਸਾਂਸਦ ਘਟ ਜਾਣਗੇ ਅਤੇ ਸਾਡਾ ਮੁੱਖ ਮੰਤਰੀ ਜਾਂ ਸਾਡਾ ਪ੍ਰਧਾਨ ਮੰਤਰੀ ਨਹੀਂ ਬਣ ਸਕੇਗਾ ਅਤੇ ਸਾਡੀ ਸਰਕਾਰ ਨਹੀਂ ਹੋਵੇਗੀ । ਇਸ ਘਟੀਆ ਸੋਚ ਦੇ ਮੱਦੇਨਜ਼ਰ ਧਾਰਮਿਕ ਅਤੇ ਸਿਆਸੀ ਲੀਡਰ ਆਪਣੇ ਆਪਣੇ ਧਰਮਾਂ ਵਾਲੇ ਲੋਕਾਂ ਨੂੰ ਕਹਿੰਦੇ ਹਨ ਕਿ ਬੱਚੇ ਵੱਧ ਤੋਂ ਵੱਧ ਪੈਦਾ ਕਰੋ। ਤੁਸੀ ਕੁਝ ਧਰਮ ਅਧਾਰਤ ਪਾਰਟੀਆਂ ਦੇ ਨੇਤਾਵਾਂ ਜਾਂ ਧਾਰਮਕ ਮੁਖੀਆਂ ਦੇ ਮੂੰਹੋਂ ਕਈ ਵਾਰ ਸੁਣ ਚੁੱਕੇ ਹੋ ਕਿ ਹਰ ਔਰਤ ਘੱਟੋ-ਘੱਟ ਚਾਰ ਬੱਚੇ ਜ਼ਰੂਰ ਪੈਦਾ ਕਰੇ। ਇਹਨਾਂ ਦੀਆਂ ਧਾਰਮਿਕ ਪੁਸਤਕਾਂ ਭਾਵੇਂ ਔਰਤ ਦਾ ਸਤਿਕਾਰ ਕਰਨ ਜਾਂ ਉਸ ਦੀ ਪੂਜਾ ਕਰਨ ਲਈ ਕਹਿੰਦੀਆਂ ਹੋਣ, ਪਰ ਇਹ ਲੀਡਰ ਔਰਤ ਨੂੰ ਕੇਵਲ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਸਮਝਦੇ ਹਨ।

ਇਸ ਸਮੱਸਿਆ ਨੂੰ ਨਜਿੱਠਿਆ ਕਿਵੇਂ ਜਾਏ। ਜੇਕਰ ਕਿਸੇ ਦੇਸ਼ ਵਿਚ ਜਨਮ ਦਰ 2.1% ਹੋਵੇ ਤਾਂ ਜਨਸੰਖਿਆ ਸਥਿਰ ਰਹਿੰਦੀ ਹੈ। ਜਨਮ ਦਰ 2.1% ਤੋਂ ਵੱਧ ਹੋਣ 'ਤੇ ਜਨਸੰਖਿਆ ਵਧਣੀ ਸ਼ੁਰੂ ਹੋ ਜਾਂਦੀ ਹੈ ਅਤੇ 2.1% ਤੋਂ ਘੱਟ ਹੋਣ 'ਤੇ ਆਬਾਦੀ ਘਟਣੀ ਸ਼ੁਰੂ ਹੋ ਜਾਂਦੀ ਹੈ। ਭਾਰਤ ਵਿਚ ਕੁੱਲ ਜਨਮ ਦਰ ਘਟ ਕੇ 1.9% ਰਹਿ ਗਈ ਹੈ, ਜਿਹੜੀ 2.1 ਤੋਂ ਘਟ ਹੈ, ਪਰ ਫੇਰ ਵੀ ਆਬਾਦੀ ਵਧ ਰਹੀ ਹੈ, ਕਿਉਂਕਿ ਨੌਜਵਾਨ ਜ਼ਿਆਦਾ ਹਨ । ਅਜੇ ਤਾਂ ਅਗਲੇ 40 ਸਾਲਾਂ ਵਿਚ ਭਾਰਤ ਦੀ ਆਬਾਦੀ ਵਧਦੀ-ਵਧਦੀ 170 ਕਰੋੜ ਹੋ ਜਾਵੇਗੀ ਅਤੇ ਉਸ ਤੋਂ ਬਾਅਦ ਆਬਾਦੀ ਘਟਣੀ ਸ਼ੁਰੂ ਹੋ ਜਾਵੇਗੀ। ਜਨਮ ਦਰ ਵਧਣਾ ਅਤੇ ਘਟਣਾ ਦੋਵੇਂ ਸਮੱਸਿਆਵਾਂ ਪੈਦਾ ਕਰਦੇ ਹਨ । ਜਨਮ ਦਰ ਘਟਣ ਨਾਲ ਵੀ ਸਮੱਸਿਆਵਾਂ ਆ ਖੜ੍ਹੀਆਂ ਹੁੰਦੀਆਂ ਹਨ, ਜਿਸ ਦਾ ਪਤਾ ਚੀਨ ਵੱਲੋਂ ਜਨਮ ਦਰ ਘਟਾਉਣ 'ਤੇ ਲੱਗਾ। ਚੀਨ ਨੇ ਜਨਮ ਦਰ 2.1% ਤੋਂ ਕਾਫੀ ਘਟਾ ਦਿੱਤੀ । ਅਠਾਰਾਂ-ਵੀਹ ਸਾਲਾਂ ਬਾਅਦ ਪਤਾ ਲੱਗਾ ਕਿ ਕੰਮ ਕਰਨ ਯੋਗ ਨੌਜਵਾਨ ਬਹੁਤ ਘਟ ਰਹਿ ਗਏ ਅਤੇ ਚੰਗੀਆਂ ਸਿਹਤ ਸਹੂਲਤਾਂ ਕਰਕੇ ਬੁੱਢਿਆਂ ਦੀ ਸੰਖਿਆ ਬਹੁਤ ਵਧ ਗਈ । ਇਸ ਲਈ ਚੀਨ ਨੇ ਹਾਲ ਦੀ ਘੜੀ ਜਨਮ ਦਰ 2.1% ਤੋਂ ਵਧਾ ਦਿੱਤੀ ਹੈ, ਹੌਲੀ ਹੌਲੀ 2.1% 'ਤੇ ਲਿਆ ਕੇ ਫੇਰ ਅੱਗੇ ਦੀ ਯੋਜਨਾਬੰਦੀ ਕਰੇਗਾ।

ਜਨਮ ਦਰ ਭਾਰਤ ਦੀ ਸਾਰੀ ਆਬਾਦੀ ਦੀ ਇੱਕੋ ਜਿੰਨੀ ਨਹੀਂ ਹੈ । ਸੁਚੇਤ ਮਾਪਿਆਂ ਨੇ ਜਨਮ ਦਰ ਘੱਟ ਰੱਖੀ ਹੁੰਦੀ ਹੈ, ਕਿਉਂਕਿ ਉਹ ਜਾਣਦੇ ਹਨ ਕਿ ਮਹਿੰਗਾਈ ਦੇ ਯੁੱਗ ਵਿਚ ਇੱਕ ਜਾਂ ਦੋ ਬੱਚਿਆਂ ਦਾ ਚੰਗਾ ਪਾਲਣ-ਪੋਸ਼ਣ ਅਤੇ ਚੰਗੀ ਸਕੂਲ, ਕਾਲੇਜ ਦੀ ਪੜ੍ਹਾਈ ਕਰਾਉਣੀ ਮੁਸ਼ਕਲ ਨਾਲ ਹੀ ਹੁੰਦੀ ਹੈ, ਪਰ ਜਿਹੜੇ ਤਬਕੇ ਘਟ ਪੜ੍ਹੇ-ਲਿਖੇ ਹੋਣ ਕਾਰਨ ਜ਼ਿਆਦਾ ਸੁਚੇਤ ਨਹੀਂ, ਉਹਨਾਂ ਵਿੱਚ ਮਾਪੇ ਜਨਮ ਦਰ ਬਾਰੇ ਨਾ ਜਾਣਦੇ ਹਨ ਅਤੇ ਨਾ ਸੋਚਦੇ ਹਨ। ਅਜਿਹੇ ਲੋਕਾਂ ਦੀ ਜਨਮ ਦਰ ਵੱਧ ਹੁੰਦੀ ਹੈ। ਇਸ ਪ੍ਰਕਾਰ ਸਮਾਜ ਜਾਂ ਰਾਜਨੀਤੀ ਤੋਂ ਅਣਜਾਣ ਵਿਅਕਤੀ ਵਧ ਜਾਂਦੇ ਹਨ, ਜਿਨ੍ਹਾਂ ਦੀਆਂ ਵੋਟਾਂ ਨਾਲ ਸਿਆਸੀ ਲੀਡਰ ਜਾਤ, ਇਲਾਕੇ ਜਾਂ ਬੋਲੀ ਦੇ ਨਾਂਅ 'ਤੇ ਉਹ ਜਿੱਤ ਜਾਂਦੇ ਹਨ, ਜਿਹੜੇ ਨਾਜਾਇਜ਼ ਢੰਗਾਂ ਨਾਲ ਆਪਣੇ ਲਈ ਧਨ ਇੱਕਠਾ ਕਰਨ ਤੋਂ ਇਲਾਵਾ ਲੋਕਾਂ ਦਾ ਕੁਝ ਵੀ ਨਹੀਂ ਸੁਆਰਦੇ । ਅਜਿਹੇ ਲੀਡਰ ਆਪਣੀਆਂ ਵੋਟਾਂ ਵਧਾਉਣ ਲਈ ਭਿੰਨ-ਭਿੰਨ ਧਰਮਾਂ ਦੇ ਲੋਕਾਂ ਵਿਚ ਨਫ਼ਰਤ ਫੈਲਾਉਂਦੇ ਹਨ । ਹਿੰਦੂ-ਮੁਸਲਿਮ ਵੋਟਾਂ ਦਾ ਧਰੁਵੀਕਰਣ ਵੀ ਅਜਿਹੇ ਲੀਡਰਾਂ ਨੇ ਕੀਤਾ ਹੋਇਆ ਹੈ ।ਇਸੇ ਲਈ ਸਰਕਾਰਾਂ ਵੀ ਇਹੋ ਚਾਹੁੰਦੀਆਂ ਹਨ ਕਿ ਚੰਗੀ ਵਿੱਦਿਆ ਦੇ ਮੌਕੇ ਘੱਟ ਲੋਕਾਂ ਨੂੰ ਹੀ ਮਿਲਣ, ਤਾਂ ਕਿ ਲੋਕਾਂ ਦਾ ਧਿਆਨ ਚੰਗੇ ਜੀਵਨ ਲਈ ਅਸਲ ਲੋੜਾਂ ਤੋਂ ਹਟ ਕੇ ਮੰਦਰ, ਮਸਜਿਦ, ਚਰਚ ਜਾਂ ਜਾਤਪਾਤ ਦੁਆਲੇ ਹੀ ਰਹੇ।

ਪੰਜਾਬ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ ਅਤੇ ਵਿੱਦਿਆ ਦਾ ਪਸਾਰ ਵੀ ਹੋਇਆ ਹੈ, ਭਾਵੇਂ ਕਿ ਗੁਣਵੱਤਾ ਵਿਚ ਫਰਕ ਨਹੀਂ ਪਿਆ। ਲੋਕ ਵੱਡੀ ਉਮਰ ਵਿਚ ਵਿਆਹ ਕਰਵਾਉਂਦੇ ਹਨ ਅਤੇ ਕੰਟਰਾਸੈਪਟਿਵ ਵੀ ਵਰਤਦੇ ਹਨ। ਕਾਫੀ ਲੋਕ ਚੰਗੇ ਰੁਜ਼ਗਾਰ ਲਈ ਵਿਦੇਸ਼ ਜਾ ਰਹੇ ਹਨ। ਇਸ ਤੋਂ ਇਲਾਵਾ ਨਸ਼ਿਆਂ ਦੇ ਸੇਵਨ ਨੇ ਜਨਮ ਦਰ ਕਾਫੀ ਘਟਾ ਦਿੱਤੀ ਹੈ। ਫੈਕਟਰੀਆਂ ਅਤੇ ਖੇਤਾਂ ਵਿਚ ਕੰਮ ਕਰਨ ਯੋਗ ਪੰਜਾਬੀ ਨੌਜਵਾਨ ਮਿਲ ਨਹੀਂ ਰਹੇ ਅਤੇ ਇਸ ਕਮੀ ਨੂੰ ਪੂਰਾ ਕਰਨ ਲਈ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਲੋਕ ਆ ਰਹੇ ਹਨ। ਪੰਜਾਬ ਵਿੱਚ ਕਿਸੇ ਸਾਜ਼ਿਸ਼ ਅਧੀਨ ਜਾਂ ਵੱਧ ਕਮਾਈ ਦੇ ਲਾਲਚ ਵਸ ਨਸ਼ੇ ਬਹੁਤ ਆ ਰਹੇ ਹਨ, ਜਿਨ੍ਹਾਂ ਦੀ ਵਰਤੋਂ ਨਾਲ ਨੌਜਵਾਨਾਂ ਦੇ ਸਰੀਰ ਖੋਖਲੇ ਹੋ ਰਹੇ ਹਨ ਅਤੇ ਕੁਝ ਮਰ ਵੀ ਰਹੇ ਹਨ ।

ਵਾਸਤਵ ਵਿਚ ਸਮੱਸਿਆ ਦਾ ਹੱਲ ਨਾ ਤਾਂ ਜਨਮ ਦਰ ਵਧਾਉਣ ਵਿਚ ਹੈ ਅਤੇ ਨਾ ਹੀ ਕੇਵਲ ਘਟਾਉਣ ਵਿਚ ਹੈ । ਭਾਰਤ ਵਿਚ ਜਨਸੰਖਿਆ ਦੇ ਵਾਧੇ ਦਾ ਇੱਕ ਹੱਲ ਹੋ ਸਕਦਾ ਹੈ, ਜੇਕਰ ਇਸ ਨੂੰ ਕਾਰਗਰ ਰਹਿਣ ਦਿੱਤਾ ਜਾਵੇ । ਹੱਲ ਇਹ ਹੈ ਕਿ ਜਨਮ ਦਰ ਤਾਂ 1.9% ਤੋਂ ਘੱਟ ਰੱਖੀ ਜਾਵੇ ਪਰ ਨਾਲ ਚੰਗੀ ਵਿੱਦਿਆ, ਚੰਗੀ ਖੁਰਾਕ ਅਤੇ ਚੰਗੀਆਂ ਡਾਕਟਰੀ ਸਹੂਲਤਾਂ ਆਮ ਲੋਕਾਂ ਦੀ ਪਹੁੰਚ ਵਿਚ ਹੋਣ। ਇਸ ਨਾਲ ਨੌਜਵਾਨਾਂ ਦੀ ਸਿਹਤ ਐਨੀ ਚੰਗੀ ਹੋਵੇਗੀ ਕਿ ਉਹ ਛੇਤੀ ਬੁੱਢੇ ਨਹੀਂ ਹੋਣਗੇ । ਇਸ ਗੱਲ ਦੇ ਕਾਰਗਰ ਰਹਿਣ ਵਿਚ ਸਭ ਤੋਂ ਵੱਡੀ ਸਮੱਸਿਆ ਸਰਮਾਏਦਾਰੀ ਹੈ। ਭਾਰਤ ਵਿਚ ਸਿਹਤਮੰਦ ਅਤੇ ਹੁਨਰਮੰਦ ਨੌਜਵਾਨ ਮਿਲਣ ਦੇ ਬਾਵਜੂਦ ਸਰਮਾਏਦਾਰੀ ਜਾਣਬੁਝ ਕੇ ਬੇਰੁਜ਼ਗਾਰੀ ਵੱਧ ਤੋਂ ਵੱਧ ਰੱਖ ਕੇ ਉਜਰਤਾਂ ਜਾਂ ਤਨਖਾਹਾਂ ਘੱਟ ਰਖੇਗੀ ਅਤੇ ਜਵਾਨੀ ਨੂੰ ਨਕਾਰਾ ਬਣਾਉਣ ਵਾਲੇ ਨਸ਼ਿਆਂ ਦਾ ਕਾਰੋਬਾਰ ਵੀ ਜਾਰੀ ਰੱਖੇਗੀ।

# ਸੰਪਰਕ : 94176-32228

# ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੰਘਰਸ਼ ਦੀ ਹੋਈ ਅੰਸ਼ਕ ਜਿੱਤ : ਚੌਹਾਨ

## ਸਰਕਾਰ ਵੱਲੋਂ ਹੜ੍ਹਾਂ, ਬਾਰਸ਼ਾਂ ਕਾਰਨ ਡਿੱਗੇ ਘਰਾਂ ਲਈ ਮੁਆਵਜ਼ੇ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਪੰਜਾਬ ਭਰ 'ਚ ਵਿੱਢੇ ਸਾਂਝੇ ਸੰਘਰਸ਼ ਨੂੰ ਮਜ਼ਦੂਰਾਂ ਤੇ ਵੱਖ-ਵੱਖ ਹਿੱਸਿਆਂ ਵੱਲੋਂ ਮਿਲੀ ਹਮਾਇਤ ਕਾਰਨ ਆਖ਼ਰ ਤਿੰਨ ਹਫ਼ਤਿਆਂ ਬਾਅਦ ਮੁੱਖ ਮੰਤਰੀ ਦੀ ਜ਼ੁਬਾਨ ਖੁੱਲ੍ਹੀ ਤੇ ਮੁੱਖ ਮੰਤਰੀ ਵੱਲੋਂ ਢਹਿ ਗਏ ਘਰਾਂ ਲਈ 1 ਲੱਖ 20 ਹਜ਼ਾਰ ਤੇ ਨੁਕਸਾਨੇ ਗਏ ਘਰਾਂ ਲਈ 40 ਹਜ਼ਾਰ ਰੁਪਏ ਦੇਣ ਦਾ ਐਲਾਨ ਕਰਨਾ ਪਿਆ, ਜੋ ਕਿ ਬਹੁਤ ਹੀ ਨਿਗੂਣਾ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਕ੍ਰਿਸ਼ਨ ਸਿੰਘ ਚੌਹਾਨ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ।ਉਨ੍ਹਾ ਕਿਹਾ ਕਿ ਸਾਂਝੇ ਮਜ਼ਦੂਰ ਮੋਰਚੇ ਨੇ ਸੂਬਾ ਸਰਕਾਰ ਦੇ ਇਸ ਐਲਾਨ ਨੂੰ ਆਪਣੇ ਸਾਂਝੇ ਸੰਘਰਸ਼ ਦੀ ਅੰਸ਼ਕ ਜਿੱਤ ਕਰਾਰ ਦਿੰਦੇ ਹੋਏ ਕਿਹਾ ਜੇਕਰ ਨੁਕਸਾਨ ਦੀ 100 ਫ਼ੀਸਦੀ ਭਰਪਾਈ ਤੇ ਬਾਕੀ ਮੰਗਾਂ ਨਾ ਮੰਨੀਆਂ ਗਈਆਂ ਤਾਂ ਤਿੱਖੇ ਸੰਘਰਸ਼ ਲਈ ਮਜਬੂਰ ਹੋਵਾਂਗੇ।ਜ਼ਿਕਰਯੋਗ ਹੈ ਕਿ ਹੜ੍ਹਾਂ, ਬਾਰਸ਼ਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਤੇ ਹੋਰ ਮੰਗਾਂ ਸੰਬੰਧੀ ਪੰਜਾਬ ਭਰ 'ਚ ਜ਼ਿਲ੍ਹਾ, ਤਹਿਸੀਲ ਕੇਂਦਰਾਂ 'ਤੇ ਵਿਸ਼ਾਲ ਮੁਜ਼ਾਹਰੇ ਜਥੇਬੰਦ ਕਰਕੇ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਮੰਗ ਪੱਤਰ ਭੇਜੇ ਗਏ ਹਨ।

ਇਸ ਮੌਕੇ ਉਨ੍ਹਾਂ ਕਿਹਾ ਕਿ ਆਪਣੇ ਹੁਣ ਤੱਕ ਦੇ ਕਾਰਜਕਾਲ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਮਜ਼ਦੂਰ ਮਸਲਿਆਂ ਪ੍ਰਤੀ ਚੁੱਪ ਧਾਰੀ ਹੋਈ ਸੀ।ਹੜ੍ਹਾਂ ਤੇ ਬਾਰਿਸ਼ ਵਿੱਚ ਹੋਏ ਜਾਨੀ ਤੇ ਮਾਲੀ ਨੁਕਸਾਨ ਦੇ ਹੁਣ ਤੱਕ ਕੀਤੇ ਗਏ ਮੁਆਵਜ਼ੇ ਦੇ ਐਲਾਨ ਪੀੜਤ ਲੋਕਾਂ ਦੇ ਜ਼ਖਮਾਂ ਉੱਤੇ ਮੱਲਮ ਲਗਾਉਣ ਦੀ ਥਾਂ ਲੂਣ ਭੁੱਕਣ ਵਾਲੇ ਐਲਾਨ ਹਨ।ਉਨ੍ਹਾਂ ਕਿਹਾ ਕਿ ਨੁਕਸਾਨ ਦੀ ਭਰਪਾਈ ਕਰਨ ਵਿੱਚ ਸੂਬਾ ਤੇ ਕੇਂਦਰ ਸਰਕਾਰ ਪੂਰੀ ਤਰ੍ਹਾਂ ਅਸਫਲ ਰਹੀਆਂ ਹਨ।ਦੋਨੇ ਹੀ ਸਰਕਾਰਾਂ ਲੋਕਾਂ ਦੇ ਟੈਕਸਾਂ ਤੋਂ ਇਕੱਠਾ ਹੋਇਆ ਪੈਸਾ ਲੋਕਾਂ ਦੀ ਭਲਾਈ ਉੱਤੇ ਖਰਚਣ ਦੀ ਥਾਂ ਇੱਕ ਦੂਸਰੇ ਨਾਲ ਮਿਹਣੋਂ ਮੇਹਣੀਂ ਹੋ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਸਾਂਝੇ ਮੋਰਚੇ ਵੱਲੋਂ ਪੰਜਾਬ ਭਰ ਵਿੱਚ ਕੀਤੇ ਗਏ ਧਰਨਿਆਂ ਮੁਜ਼ਾਹਰਿਆਂ ਦੌਰਾਨ ਕੇਂਦਰ ਤੇ ਪੰਜਾਬ ਸਰਕਾਰ ਨੂੰ ਭੇਜੇ ਗਏ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਸੀ ਕਿ ਪੰਜਾਬ ਤੇ ਹੋਰਨਾਂ ਰਾਜਾਂ 'ਚ ਭਾਰੀ ਵਰਖਾ ਤੇ ਹੜ੍ਹਾਂ ਕਾਰਨ ਵੱਡੇ ਪੱਧਰ 'ਤੇ ਇਨਸਾਨੀ ਮੌਤਾਂ ਤੋਂ ਇਲਾਵਾ ਘਰਾਂ, ਪਸ਼ੂਆਂ, ਅਨਾਜ, ਫਸਲਾਂ ਤੇ ਜ਼ਮੀਨਾਂ ਦੀ ਵੱਡੇ ਪੱਧਰ 'ਤੇ ਬਰਬਾਦੀ ਹੋਈ ਹੈ।ਹੜ੍ਹਾਂ ਤੇ ਬਾਰਸਾਂ ਦੀ ਮਾਰ ਸਦਕਾ ਹੋਈਆਂ ਇਨਸਾਨੀ ਮੌਤਾਂ ਲਈ ਘੱਟੋ ਘੱਟ 25 ਲੱਖ ਰੁਪਏ, ਮਜ਼ਦੂਰਾਂ ਦੇ ਤਬਾਹ ਹੋਏ ਘਰਾਂ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦੀ ਰਾਸ਼ੀ ਗਰਾਂਟ ਵਜੋਂ ਦਿੱਤੀ ਜਾਵੇ, ਮੀਂਹ ਕਾਰਨ ਮਜ਼ਦੂਰਾਂ ਦੀਆਂ ਟੁੱਟੀਆਂ ਦਿਹਾੜੀਆਂ ਦੀ ਭਰਪਾਈ ਲਈ 50000/- ਰੁਪਏ ਪ੍ਰਤੀ ਪਰਵਾਰ ਮੁਆਵਜ਼ਾ ਦਿੱਤਾ ਜਾਵੇ, ਖਾਧ ਖੁਰਾਕ ਦੀਆਂ ਸਭਨਾਂ ਵਸਤਾਂ ਤੇ ਦਵਾਈਆਂ ਆਦਿ ਦੇ ਪੁਖਤਾ ਪ੍ਰਬੰਧ ਕੀਤੇ ਜਾਣ, ਫੌਰੀ ਰਾਹਤ ਵਜੋਂ ਸਭਨਾਂ ਪ੍ਰਭਾਵਿਤ ਲੋਕਾਂ ਲਈ ਤਰਪਾਲਾਂ ਵਗੈਰਾ ਦਾ ਪ੍ਰਬੰਧ ਕੀਤਾ ਜਾਵੇ, ਮੌਜੂਦਾ ਸਮੇਂ ਨੁਕਸਾਨੀਆਂ ਸੜਕਾਂ, ਸਕੂਲਾਂ, ਕਾਲਜਾਂ ਦੀ ਮੁੜ ਉਸਾਰੀ ਤੇ ਮੁਰੰਮਤ ਤੋਂ ਇਲਾਵਾ ਦਰਿਆਵਾਂ ਨਦੀਆਂ ਨਾਲਿਆਂ ਆਦਿ ਦੇ ਬੰਨਾਂ ਦੀ ਮੁਰੰਮਤ ਆਦਿ ਦੇ ਕੰਮ ਮਨਰੇਗਾ ਵਰਕਰਾਂ ਰਾਹੀਂ ਕਰਵਾਏ ਜਾਣ ਤੇ ਮਜ਼ਦੂਰਾਂ ਦੀ ਦਿਹਾੜੀ ਪ੍ਰਤੀ ਦਿਨ 1000/- ਰੁਪਏ ਕੀਤੀ ਜਾਵੇ। ਮਜ਼ਦੂਰਾਂ ਕਿਸਾਨਾਂ ਤੇ ਔਰਤਾਂ ਸਿਰ ਚੜ੍ਹੇ, ਸਰਕਾਰੀ, ਸਹਿਕਾਰੀ ਤੇ ਮਾਈਕਰੋ ਫਾਈਨਾਂਸ ਕੰਪਨੀਆਂ ਸਮੇਤ ਸਭਨਾਂ ਕਰਜ਼ਿਆਂ ਨੂੰ ਮਾਫ਼ ਕੀਤਾ ਜਾਵੇ, ਹੜ੍ਹਾਂ, ਬਾਰਸ਼ਾਂ ਕਾਰਨ ਪੈਦਾ ਹੋ ਸਕਣ ਵਾਲੀਆਂ ਤੇ ਵੱਡੇ ਪੱਧਰ ਤੇ ਫ਼ੈਲਣ ਵਾਲੀਆਂ ਬੀਮਾਰੀਆਂ ਦੀ ਅਗਾਊਂ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਜਾਣ।

ਇਸ ਤੋਂ ਇਲਾਵਾ ਇਹ ਮੰਗ ਵੀ ਕੀਤੀ ਗਈ ਕਿ ਐੱਸ ਸੀ ਕੋਟੇ ਦੀ ਜ਼ਮੀਨ, ਜਿਸ 'ਤੇ ਦਲਿਤ ਭਾਈਚਾਰਾ ਖੇਤੀ ਕਰ ਰਿਹਾ ਹੈ, ਇਸ ਤਰ੍ਹਾਂ ਨਜ਼ੂਲ ਜ਼ਮੀਨਾਂ ਦਾ ਠੇਕਾ ਮਾਫ਼ ਕੀਤਾ ਜਾਵੇ ਅਤੇ ਫ਼ਸਲਾਂ ਦੇ ਹੋਏ ਨੁਕਸਾਨ ਦੀ ਸੌ ਫ਼ੀਸਦੀ ਭਰਪਾਈ ਕੀਤੀ ਜਾਵੇ, ਭਾਰੀ ਬਾਰਸ਼ਾਂ ਹੋਣ ਦੀ ਪੇਸ਼ੀਨਗੋਈ ਦੇ ਬਾਵਜੂਦ ਦਰਿਆਵਾਂ, ਡਰੇਨਾਂ, ਧੁੱਸੀ ਬੰਨ੍ਹ ਤੇ ਫਲੱਡ ਗੇਟਾਂ ਵਗੈਰਾ ਦੀ ਕੀਤੀ ਜਾਣ ਵਾਲੀ ਪਰਖ ਪੜਤਾਲ, ਸਫਾਈ, ਮੁਰੰਮਤ ਵਗੈਰਾ ਕਰਨ ਵਿੱਚ ਭਾਰੀ ਅਣਗਹਿਲੀ ਤੇ ਕੋਤਾਹੀ ਕਰਨ ਵਾਲੀ ਸਿਆਸੀ ਲੀਡਰਸ਼ਿਪ ਤੇ ਅਫ਼ਸਰਸ਼ਾਹੀ ਦੀ ਪਛਾਣ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਸਮਾਓਂ, ਜਨਰਲ ਸਕੱਤਰ ਸੀਤਾਰਾਮ ਗੋਬਿੰਦਪੁਰਾ ਤੇ ਮੀਤ ਪ੍ਰਧਾਨ ਗੁਰਪਿਆਰ ਸਿੰਘ ਫੱਤਾ ਨੇ ਮਜ਼ਦੂਰ ਜਮਾਤ ਨੂੰ ਆਪਣੇ ਹੱਕਾਂ ਦੀ ਰਾਖੀ ਤੇ ਪ੍ਰਾਪਤੀਆਂ ਲਈ ਜਥੇਬੰਦ ਹੋਣਾ ਸਮੇਂ ਦੀ ਮੁੱਖ ਲੋੜ ਹੈ।

# ਧੂਰੀ ਰੇਲਵੇ ਬਰਿੱਜ ਦੀ ਉਸਾਰੀ 'ਚ ਰਵਨੀਤ ਬਿੱਟੂ ਵੱਡੀ ਰੁਕਾਵਟ : ਘੁੱਲੀ

## ਆਪ ਵਰਕਰ ਅੱਜ ਫੂਕਣਗੇ ਰਵਨੀਤ ਬਿੱਟੂ ਦਾ ਪੁਤਲਾ

ਧੂਰੀ (ਮੋਹਿਤ ਗਰਗ, ਬਿੰਨੀ ਗਰਗ)-ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਤੇ ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਧੂਰੀ ਰੇਲਵੇ ਓਵਰ ਬਰਿੱਜ ਦੀ ਮਨਜ਼ੂਰੀ ਵਿੱਚ ਕੇਂਦਰੀ ਰੇਲ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਸਭ ਤੋਂ ਵੱਡੀ ਰੁਕਾਵਟ ਕਰਾਰ ਦਿੱਤਾ ਹੈ। ਘੁੱਲੀ ਨੇ ਦੋ ਟੁਕ ਸ਼ਬਦਾਂ ਵਿੱਚ ਕਿਹਾ ਕਿ ਧੂਰੀ ਰੇਲਵੇ ਓਵਰ ਬਰਿੱਜ ਬਾਰੇ ਬਿੱਟੂ ਦੇ ਅੱਜ ਦੇ ਬਿਆਨ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਕੇਂਦਰ ਸਰਕਾਰ ਇਰਾਦਤਨ ਧੂਰੀ ਦੇ ਲੋਕਾਂ ਨਾਲ ਧੋਖਾ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਬਿੱਟੂ ਦਾ ਇਹ ਕਹਿਣਾ ਕਿ 'ਧੂਰੀ ਵਾਲੇ ਪੁਲ ਦੀ ਮਨਜ਼ੂਰੀ ਉਸੇ ਦਿਨ ਦੇਵਾਂਗੇ, ਜਿਸ ਦਿਨ ਦੋਰਾਹਾ ਰੇਲਵੇ ਪੁਲ ਦੀ ਮਨਜ਼ੂਰੀ ਮਿਲੇਗੀ', ਪੂਰੀ ਤਰ੍ਹਾਂ ਨਿੰਦਣਯੋਗ ਤੇ ਲੋਕਾਂ ਦੀ ਭਾਵਨਾਵਾਂ ਨਾਲ ਖਿਲਵਾੜ ਹੈ।ਘੁੱਲੀ ਨੇ ਦਲੀਲ ਦਿੱਤੀ ਕਿ ਧੂਰੀ ਰੇਲਵੇ ਪੁਲ ਸੈਂਕੜਿਆਂ ਪਿੰਡਾਂ ਦੇ ਵਸਨੀਕਾਂ ਲਈ ਜ਼ਿੰਦਗੀ ਤੇ ਮੌਤ ਦਾ ਸਵਾਲ ਬਣਿਆ ਹੋਇਆ ਹੈ।ਰੋਜ਼ਾਨਾ ਲੱਖਾਂ ਲੋਕ ਇਸ ਪਟੜੀ ਨੂੰ ਪਾਰ ਕਰਦੇ ਹਨ ਅਤੇ ਇਸ ਪੁਲ ਨੇ ਧੂਰੀ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ ਅਤੇ ਇਸ ਲਈ ਇਸ ਪੁਲ ਦੀ ਉਸਾਰੀ ਵਿੱਚ ਦੇਰੀ ਕਰਨਾ ਲੋਕਾਂ ਨਾਲ ਜਾਣ-ਬੁੱਝ ਕੇ ਵੈਰ ਰੱਖਣ ਦੇ ਬਰਾਬਰ ਹੈ।

ਘੁੱਲੀ ਨੇ ਬਿੱਟੂ ਉੱਤੇ ਪੰਜਾਬ ਵਿਰੋਧੀ ਹੋਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਦਾ ਪੁੱਤਰ ਹੋ ਕੇ ਜਦੋਂ ਕੇਂਦਰ ਵਿੱਚ ਜਾ ਕੇ ਪੰਜਾਬੀਆਂ ਦੀ ਹੱਕੀ ਮੰਗਾਂ ਨੂੰ ਰੋਕਣ ਦੀ ਸਾਜ਼ਿਸ਼ ਕਰਦਾ ਹੈ ਤਾਂ ਇਹ ਧਰੋਹ ਤੋਂ ਘੱਟ ਨਹੀਂ।ਉਨ੍ਹਾਂ ਕਿਹਾ ਕਿ ਬਿੱਟੂ ਦੇ ਇਸ ਰਵੱਈਏ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਕੇਂਦਰ ਸਰਕਾਰ ਤੇ ਉਸ ਦੇ ਨੁਮਾਇੰਦਿਆਂ ਨੂੰ ਪੰਜਾਬ ਦੇ ਹੱਕਾਂ ਨਾਲ ਕੋਈ ਲੈਣਾ-ਦੇਣਾ ਨਹੀਂ।

ਉਨ੍ਹਾਂ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਦੇ ਸਾਰੇ ਵਰਕਰ ਤੇ ਧੂਰੀ ਵਾਸੀ ਅੱਜ ਕੱਕੜਵਾਲ ਚੌਕ ਧੂਰੀ ਵਿੱਚ ਇਕੱਠੇ ਹੋ ਕੇ ਰਵਨੀਤ ਸਿੰਘ ਬਿੱਟੂ ਦਾ ਪੁਤਲਾ ਫੂਕਣਗੇ।ਇਹ ਪ੍ਰਦਰਸ਼ਨ ਇਸ ਗੱਲ ਦੀ ਨਿਸ਼ਾਨੀ ਹੋਵੇਗਾ ਕਿ ਧੂਰੀ ਦੇ ਲੋਕ ਆਪਣੇ ਹੱਕ ਲਈ ਚੁੱਪ ਨਹੀਂ ਬੈਠਣਗੇ ਤੇ ਕਿਸੇ ਵੀ ਰਾਜਨੀਤਕ ਦਬਾਅ ਅੱਗੇ ਝੁਕਣ ਵਾਲੇ ਨਹੀਂ।ਘੁੱਲੀ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਤੁਰੰਤ ਧੂਰੀ ਰੇਲਵੇ ਬਰਿੱਜ ਦੀ ਮਨਜ਼ੂਰੀ ਨਹੀਂ ਦਿੱਤੀ ਤਾਂ ਵੱਡੇ ਪੱਧਰ 'ਤੇ ਅੰਦੋਲਨ ਕੀਤਾ ਜਾਵੇਗਾ।

# ਸ਼੍ਰੋਮਣੀ ਅਕਾਲੀ ਦਲ (ਅ) ਅੱਜ ਅੰਮ੍ਰਿਤਸਰ 'ਚ ਮਨਾਵੇਗਾ ਜਮਹੂਰੀਅਤ ਦਿਵਸ : ਸਿਮਰਨਜੀਤ ਮਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-1925 ਵਿੱਚ ਅੰਗਰੇਜ਼ ਨੇ ਐੱਸ.ਜੀ.ਪੀ.ਸੀ ਦਾ ਕਾਨੂੰਨ ਬਣਾ ਕੇ ਹਰ ਪੰਜ ਸਾਲ ਬਾਅਦ ਇਲੈਕਸ਼ਨ ਕਰਨ ਦਾ ਕਾਨੂੰਨ ਬਣਾਇਆ ਸੀ, ਪਰ ਹੁਣ ਇੰਡੀਆ ਤੇ ਹਿੰਦੁਤਵ ਨੇ ਪਿਛਲੇ 14 ਸਾਲ ਸਿੱਖ ਪਾਰਲੀਮੈਂਟ ਦੀ ਚੋਣ ਨਹੀਂ ਹੋਣ ਦਿੱਤੀ, ਜੋ ਸਾਡੀ ਸਿੱਖ ਜਮਹੂਰੀਅਤ ਖਤਮ ਕਰਨ ਦੀ ਫਿਰਾਕ ਵਿੱਚ ਹੈ, ਜਿਸ ਨੂੰ ਸਿੱਖ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੋਗਾ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜੇ ਸਰਕਾਰ ਇਲੈਕਸ਼ਨ ਕਰਵਾਉਂਦੀ ਤਾਂ ਫੇਰ ਜਮਹੂਰੀਅਤ ਕਾਇਮ ਰਹਿੰਦੀ ਹੈ।ਇਸੇ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ 15 ਸਤੰਬਰ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਮਹੂਰੀਅਤ ਦਿਵਸ ਮਨਾਇਆ ਜਾਵੇਗਾ ਤੇ ਅਸੀਂ ਦਰਬਾਰ ਸਾਹਿਬ ਵੀ ਜਾ ਕੇ ਅਰਦਾਸ ਕਰਾਂਗੇ ਕਿ ਹੇ ! ਗੁਰੂ ਸਾਹਿਬ ਸਾਨੂੰ ਅਮਨ ਪਸੰਦ ਤਰੀਕੇ ਦੇ ਨਾਲ ਸਾਡੀ ਜਮਹੂਰੀਅਤ ਬਹਾਲ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਮੈਂ ਦੁਨੀਆ 'ਚ ਵਸਦੇ ਸਿੱਖ ਨੂੰ ਅਪੀਲ ਕਰਦਾ ਹਾਂ ਕਿ ਮੋਦੀ ਸਾਹਿਬ ਨੇ ਨਿਊਯਾਰਕ ਨੇਸ਼ਨ ਅਸੈਂਬਲੀ ਵਿੱਚ ਜਾਣਾ ਹੈ ਤੇ ਉੱਥੇ ਵੱਡਾ ਮੁਜ਼ਾਹਰਾ ਕੀਤਾ ਜਾਵੇ ਅਤੇ ਅਮਰੀਕਾ ਨੂੰ ਕਿਹਾ ਜਾਵੇ ਕਿ ਮੋਦੀ ਸਾਹਿਬ ਤੇ ਇਨ੍ਹਾਂ ਦੀ ਜੁੰਡਲੀ ਦੀ ਪੁੱਛਗਿੱਛ ਕਰੇ।

ਹੜ੍ਹਾਂ 'ਤੇ ਪੁੱਛੇ ਸਵਾਲਾਂ ਦੇ ਜਵਾਬ ਦਿੰਦਿਆਂ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਭਾਰਤ ਸਰਕਾਰ ਦੀ ਸੋਚੀ ਸਮਝੀ ਸਾਜ਼ਿਸ਼ ਤਹਿਤ ਪਹਿਲਾਂ ਡੈਮਾਂ ਵਿੱਚ ਪਾਣੀ ਇਕੱਤਰ ਕੀਤਾ ਗਿਆ, ਉਸ ਤੋਂ ਬਾਅਦ ਉਸ ਨੂੰ ਬੇਤਰਤੀਬ ਛੱਡ ਕੇ ਚੜ੍ਹਦੇ ਤੇ ਲਹਿੰਦੇ ਪੰਜਾਬ ਨੂੰ ਡੋਬਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਸਮੁੱਚੇ ਡੈਮਾਂ ਦਾ ਪ੍ਰਬੰਧ ਯੂਐੱਨਓ ਵੱਲੋਂ ਆਪਣੇ ਹੱਥ ਵਿੱਚ ਲੈ ਕੇ ਆਪਣੀਆਂ ਫੋਰਸਾਂ ਲਾ ਕੇ ਉਨ੍ਹਾਂ ਦੀ ਰਾਖੀ ਕਰਨੀ ਚਾਹੀਦੀ ਹੈ ਤਾਂ ਜੋ ਇਸ ਤਰ੍ਹਾਂ ਬੇਦੋਸ਼ੇ ਲੋਕਾਂ ਦਾ ਨੁਕਸਾਨ ਨਾ ਹੋ ਸਕੇ। ਉਹਨਾਂ ਕਿਹਾ ਕਿ ਜੋ ਪਿਛਲੇ ਦਿਨੀ ਪ੍ਰਵਾਸੀ ਵੱਲੋਂ ਪੰਜਾਬੀ ਬੱਚੇ ਦਾ ਕਤਲ ਕੀਤਾ ਗਿਆ ਹੈ, ਉਹ ਅਤਿਅੰਤ ਮੰਦ ਭਾਗਾ ਹੈ। ਉਨ੍ਹਾਂ ਸਮੁੱਚੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਜੋ ਵੀ ਪ੍ਰਵਾਸੀ ਉਨ੍ਹਾਂ ਕੋਲ ਕੰਮ ਕਰਨ ਲਈ ਆਉਂਦਾ ਹੈ, ਉਸ ਦੀ ਸ਼ਨਾਖਤ ਤੇ ਉਸ ਦਾ ਆਧਾਰ ਕਾਰਡ ਹਾਸਲ ਕਰਕੇ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ ਤਾਂ ਜੋ ਅਜਿਹੀ ਮੰਦਭਾਗੀ ਘਟਨਾ ਅੱਗੇ ਤੋਂ ਨਾ ਵਾਪਰੇ।

## ਕਾਤਰਾਂ

### ਡੀ ਸੀ ਵੱਲੋਂ ਕਿਸਾਨਾਂ ਨੂੰ ਮੰਡੀਆਂ 'ਚ ਸੁੱਕਾ ਝੋਨਾ ਲਿਆਉਣ ਦੀ ਅਪੀਲ

**ਸਮਰਾਲਾ (ਸੁਰਜੀਤ ਸਿੰਘ)**-ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਨੇ ਕਿਸਾਨਾਂ ਨੂੰ 16 ਸਤੰਬਰ ਤੋਂ ਸ਼ੁਰੂ ਹੋ ਰਹੀ ਝੋਨੇ ਦੀ ਸੁਚਾਰੂ ਖਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਅਨਾਜ ਮੰਡੀਆਂ ਵਿੱਚ ਸਿਰਫ਼ 17 ਫ਼ੀਸਦੀ ਜਾਂ ਇਸ ਤੋਂ ਘੱਟ ਨਮੀ ਵਾਲਾ ਸੁੱਕਾ ਝੋਨਾ ਲਿਆਉਣ ਲਈ ਕਿਹਾ। ਹਿਮਾਂਸ਼ੂ ਜੈਨ ਨੇ ਕਿਹਾ ਕਿ ਝੋਨੇ ਦੇ ਸੁਚਾਰੂ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਕੰਬਾਈਨ ਹਾਰਵੈਸਟਰਾਂ ਨੂੰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਚਲਾਉਣ ਦੇ ਆਦੇਸ਼ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪ੍ਰਸ਼ਾਸਨ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਸਖ਼ਤ ਕਾਰਵਾਈ ਕਰੇਗਾ ਤੇ ਕੰਬਾਈਨਾਂ ਨੂੰ ਜ਼ਬਤ ਕਰ ਲਿਆ ਜਾਵੇਗਾ।ਉਨ੍ਹਾਂ ਨੇ 17 ਫ਼ੀਸਦੀ ਜਾਂ ਇਸ ਤੋਂ ਘੱਟ ਨਮੀ ਵਾਲਾ ਝੋਨਾ ਅਨਾਜ ਮੰਡੀਆਂ ਵਿੱਚ ਲਿਆਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਝੋਨਾ ਵੇਚਣ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਖਰੀਦ ਸੀਜ਼ਨ ਦੌਰਾਨ ਝੋਨੇ ਦੇ ਇੱਕ-ਇੱਕ ਦਾਣੇ ਨੂੰ ਸੁਚਾਰੂ ਤੇ ਮੁਸ਼ਕਲ ਰਹਿਤ ਢੰਗ ਨਾਲ ਚੁੱਕੇਗੀ।

### ਪੰਜਾਬ ਤੋਂ ਕੈਨੇਡਾ ਗਏ ਨੌਜਵਾਨ ਨਾਲ ਹੋਇਆ ਵੱਡਾ ਧੋਖਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ (ਪੰਜਾਬ) ਤੋਂ ਕੈਨੇਡਾ ਗਏ ਇੱਕ ਨੌਜਵਾਨ ਨੂੰ ਕੈਨੇਡਾ ਭੇਜਣ ਦੇ ਬਹਾਨੇ ਉਸ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕੀਤੀ ਗਈ। ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਨੌਜਵਾਨ ਦੀ ਪਤਨੀ, ਸੱਸ ਤੇ ਸਹੁਰੇ ਖਿਲਾਫ 420, 465, 467, 468, 471 ਤੇ 120-ਬੀ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਦੇ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 521858/ਯੂਆਈਡੀ ਮਿਤੀ 4 ਫਰਵਰੀ 2025, 523809/ਯੂਆਈਡੀ ਮਿਤੀ 6 ਫਰਵਰੀ 2025 ਵੱਲੋਂ ਜਗਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਗੁਰੂ ਰਾਮ ਦਾਸ ਨਗਰ, ਬਾਹਰਵਾਰ ਜ਼ੀਰਾ ਗੇਟ, ਫਿਰੋਜ਼ਪੁਰ ਸ਼ਹਿਰ ਦਵਿੰਦਰ ਕੌਰ ਪੁੱਤਰੀ ਮੱਖਣ ਸਿੰਘ (ਦਰਖਾਸਤੀ ਦੀ ਨੂੰਹ) ਉਸ ਦੀ ਮਾਤਾ ਪਰਮਜੀਤ ਕੌਰ ਪਤਨੀ ਮੱਖਣ ਸਿੰਘ ਅਤੇ ਪਿਤਾ ਮੱਖਣ ਸਿੰਘ ਵਾਸੀਅਨ ਪਿੰਡ ਤੂਤ ਨੇ ਦਰਖਾਸਤੀ ਦੇ ਲੜਕੇ ਮਨਪ੍ਰੀਤ ਸਿੰਘ ਨਾਲ ਰਿਸ਼ਤਾ ਕਰਨ ਸਮੇਂ ਦਵਿੰਦਰ ਕੌਰ ਦੇ ਵਿਦੇਸ਼ ਸਟੱਡੀ ਦਾ ਖਰਚਾ 29 ਲੱਖ 89 ਹਜ਼ਾਰ 793 ਰੁਪਏ ਦਵਿੰਦਰ ਕੌਰ ਦੀ ਮਾਤਾ ਤੇ ਪਿਤਾ ਦੇ ਖਾਤੇ ਵਿੱਚ ਟਰਾਂਸਫਰ ਕਰਵਾ ਕੇ ਮਨਪ੍ਰੀਤ ਨੂੰ (ਦਰਖਾਸਤੀ ਦਾ ਲੜਕਾ) ਨੂੰ ਕੈਨੇਡਾ ਵਿੱਚ 4 ਮਹੀਨੇ ਦੇ ਵਰਕ ਵੀਜ਼ੇ 'ਤੇ ਬੁਲਾ ਕੇ ਸੋਚੀ ਸਮਝੀ ਸਾਜ਼ਿਸ਼ ਤਹਿਤ ਕੈਨੇਡਾ ਦੀ ਪੁਲਸ ਕੋਲ ਫੜਾ ਕੇ ਉਸ ਵਿਰੁੱਧ ਵੱਖ ਹੋਣ ਦਾ ਨੋਟਿਸ ਤਲਾਕ 9 ਅਪ੍ਰੈਲ 2025 ਭਿਜਵਾ ਕੇ ਧੋਖਾਧੜੀ ਕੀਤੀ ਹੈ। ਦਵਿੰਦਰ ਕੌਰ ਨੇ ਆਪਣੀ ਸਟੱਡੀ ਵੀਜ਼ਾ ਫਾਈਲ ਲਗਾਉਣ ਸਮੇਂ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਤੋਂ 2017 ਦੀ ਬੀਐੱਸਸੀ ਨਾਨ-ਮੈਡੀਕਲ ਦੀ ਇਕ ਜਾਲ੍ਹੀ ਡਿਗਰੀ ਵੀ ਪੇਸ਼ ਕੀਤੀ ਸੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਸੈਨ ਸਮਾਜ ਵੈੱਲਫੇਅਰ ਬੋਰਡ ਦੇ ਚੇਅਰਮੈਨ ਨੇ ਅਮਰੀਕ ਪ੍ਰਧਾਨ ਨਾਲ ਕੀਤਾ ਦੁੱਖ ਸਾਂਝਾ

## ਬੇਟੀ ਦੀ ਮੌਤ ਦੇ ਕਾਰਨਾਂ ਦੀ ਜਾਂਚ ਉਪਰੰਤ ਹੋਵੇਗੀ ਸਖ਼ਤ ਕਾਰਵਾਈ : ਮੱਖਣ ਪੱਲਣ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸੈਨ ਸਮਾਜ ਵੈੱਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਮੱਖਣ ਲਾਲ ਪੱਲਣ ਸ੍ਰੀ ਮੁਕਤਸਰ ਸਾਹਿਬ ਵਿਖੇ ਅਮਰੀਕ ਸਿੰਘ ਪ੍ਰਧਾਨ ਦੀ ਬੇਟੀ ਦੀ ਬੇਵਕਤੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰਨ ਪਹੁੰਚੇ।ਅਮਰੀਕ ਸਿੰਘ ਪ੍ਰਧਾਨ ਨੇ ਚੇਅਰਮੈਨ ਪੱਲਣ ਨੂੰ ਦੱਸਿਆ ਕਿ ਉਨ੍ਹਾਂ ਦੀ ਬੇਟੀ ਕੁਲਦੀਪ ਕੌਰ ਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋਈ ਹੈ ਤੇ ਉਨ੍ਹਾਂ ਨੂੰ ਸ਼ੱਕ ਹੈ ਕਿ ਉਨ੍ਹਾਂ ਦੀ ਬੇਟੀ ਦੀ ਕਥਿਤ ਤੌਰ 'ਤੇ ਹੱਤਿਆ ਕੀਤੀ ਗਈ ਹੈ, ਜਿਸ 'ਤੇ ਚੇਅਰਮੈਨ ਮੱਖਣ ਲਾਲ ਪੱਲਣ ਨੇ ਅਮਰੀਕ ਸਿੰਘ ਪ੍ਰਧਾਨ ਤੇ ਪਰਿਵਾਰਕ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉੱਕਤ ਘਟਨਾ ਸਬੰਧੀ ਚੰਡੀਗੜ੍ਹ ਵਿਖੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਸਖ਼ਤ ਕਾਨੂੰਨੀ ਕਾਰਵਾਈ ਕਰਵਾਉਣਗੇ।ਕਿਸੇ ਨੂੰ ਵੀ ਦੋਸ਼ੀ ਪਾਏ ਜਾਣ 'ਤੇ ਬਖਸ਼ਿਆ ਨਹੀਂ ਜਾਵੇਗਾ ਤੇ ਸਖ਼ਤ ਸਜ਼ਾ ਦਿਵਾਈ ਜਾਏਗੀ।ਇਸ ਮੌਕੇ ਮੌਜੂਦ ਮੁਕਤਸਰ ਦੇ ਸੈਨ-ਸਮਾਜ ਭਾਈਚਾਰੇ ਦੇ ਲੋਕਾਂ ਨੇ ਚੇਅਰਮੈਨ ਨੂੰ ਦੱਸਿਆ ਕਿ ਜੇ ਪ੍ਰਸ਼ਾਸਨ ਨੇ ਸਾਨੂੰ ਇਨਸਾਫ਼ ਨਾ ਦਿਵਾਇਆ ਤਾਂ ਸੈਨ-ਸਮਾਜ ਭਾਈਚਾਰਾ ਪ੍ਰਸ਼ਾਸਨ ਖ਼ਿਲਾਫ਼ ਤਿੱਖਾ ਸੰਘਰਸ਼ ਕਰੇਗਾ।

ਇਸ ਮੌਕੇ ਅਮਰੀਕ ਸਿੰਘ ਪ੍ਰਧਾਨ ਨਾਲ ਅਫ਼ਸੋਸ ਕਰਨ ਵਾਲਿਆਂ ਵਿੱਚ ਚੇਅਰਮੈਨ ਸੈਨ-ਸਮਾਜ ਮੱਖਣ ਲਾਲ ਪੱਲਣ ਤੋਂ ਇਲਾਵਾ ਸਵਰਨ ਸਿੰਘ ਫੌਜੀ ਸੀਨੀਅਰ ਮੀਤ ਪ੍ਰਧਾਨ, ਮੱਖਣ ਸਿੰਘ ਮੈਂਬਰ ਪ੍ਰਤਾਪਪੁਰਾ ਜਲੰਧਰ, ਡਾ. ਪਰਗਟ ਸਿੰਘ ਧੀਰਾ ਪੱਤਰਾ ਭਾਰਤੀ ਕਿਸਾਨ ਏਕਤਾ ਸੈਨ ਵੈੱਲਫੇਅਰ, ਬੂਟਾ ਸਿੰਘ ਜਨਰਲ ਸਕੱਤਰ, ਨੀਲਾ ਸਿੰਘ ਮੀਤ ਪ੍ਰਧਾਨ, ਰੂਪ ਸਿੰਘ ਚੇਅਰਮੈਨ, ਬਿੰਦਰ ਸਿੰਘ ਮੱਤਾ, ਬੁੱਗਾ ਬਾਬਾ ਸੈਨ ਭਗਤ ਕਮੇਟੀ ਮੁਕਤਸਰ ਦੇ ਪ੍ਰਧਾਨ ਗੁਰਚਰਨ ਸਿੰਘ ਕੌਣੀ, ਅੰਗਰੇਜ਼ ਸਿੰਘ ਸੈਕਟਰੀ, ਜੋਗਿੰਦਰ ਸਿੰਘ ਕੈਸ਼ੀਅਰ, ਨਛੱਤਰ ਸਿੰਘ, ਮੁੱਖਾ ਸਿੰਘ, ਮੋਹਨ ਲਾਲ ਸੈਨ, ਮੋਹਨ ਲਾਲ ਲੰਬੂ, ਗਿੰਦਰ ਸੈਣ, ਮਨਜਿੰਦਰ ਸਿੰਘ, ਰੇਸ਼ਮ ਸਿੰਘ, ਮਾਸਟਰ ਗੁਰਚਰਨ ਸਿੰਘ ਮੁਕਤਸਰ ਆਦਿ ਨੇ ਅਮਰੀਕ ਸਿੰਘ ਪ੍ਰਧਾਨ ਦੀ ਲੜਕੀ ਕੁਲਦੀਪ ਕੌਰ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਸੜਕ ਹਾਦਸੇ 'ਚ ਪਤੀ-ਪਤਨੀ ਦੀ ਮੌਤ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਬਾਘਾ ਪੁਰਾਣਾ ਰੋਡ ਤੋਂ ਨਿਹਾਲ ਸਿੰਘ ਵਾਲਾ ਰੋਡ 'ਤੇ ਪਿੰਡ ਮਾਣੂੰਕੇ ਨਜ਼ਦੀਕ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਪਤੀ ਤੇ ਪਤਨੀ ਦੀ ਮੌਤ ਹੋ ਗਈ। ਮੌਕੇ ਦੀ ਜਾਣਕਾਰੀ ਮੁਤਾਬਿਕ ਹਰਜੀਤ ਕੁਮਾਰ (40) ਪੁੱਤਰ ਕ੍ਰਿਸ਼ਨ ਕੁਮਾਰ ਵਾਸੀ ਮਾਣੂੰਕੇ ਆਪਣੀ ਪਤਨੀ ਕੋਮਲਪ੍ਰੀਤ (35) ਨਾਲ ਬੀਤੀ ਰਾਤ ਲਗਭਗ 8 ਵਜੇ ਮੋਟਰਸਾਈਕਲ ਰਾਹੀਂ ਨਿਹਾਲ ਸਿੰਘ ਵਾਲਾ ਸਾਈਡ ਤੋਂ ਪਿੰਡ ਮਾਣੂੰਕੇ ਨੂੰ ਆ ਰਿਹਾ ਸੀ ਤੇ ਦੂਸਰੇ ਪਾਸੇ ਬਾਘਾ ਪੁਰਾਣਾ ਸਾਈਡ ਤੋਂ ਆ ਰਹੀ ਇੱਕ ਟਰੈਕਟਰ ਟਰਾਲੀ, ਜਿਸ 'ਤੇ ਲੋਹੇ ਦੀਆਂ ਪਾਣੀ ਵਾਲੀਆਂ ਪਾਈਪਾਂ ਲੱਦੀਆਂ ਹੋਈਆਂ ਸਨ ਤੇ ਅਚਾਨਕ ਟਰਾਲੀ ਦੀ ਹੁੱਕ ਟੁੱਟ ਗਈ, ਜਿਸ ਕਾਰਨ ਲੋਹੇ ਦੀਆਂ ਪਾਈਪਾਂ ਨਾਲ ਭਰੀ ਟਰਾਲੀ ਮੋਟਰਸਾਈਕਲ ਸਵਾਰ ਪਤੀ-ਪਤਨੀ 'ਤੇ ਪਲਟ ਗਈ ਤੇ ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ।ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਖਣਮੁੱਖ ਭਾਰਤੀ ਪੱਤੋਂ, ਸਮਾਜ ਸੇਵੀ ਜਸਪਾਲ ਬਾਂਸਲ ਨਿਹਾਲ ਸਿੰਘ ਵਾਲਾ, ਵੈਦ ਬੂਟਾ ਰਾਮ ਪੱਤੋਂ, ਰਾਕੇਸ਼ ਕੁਮਾਰ ਨਿਹਾਲ ਸਿੰਘ ਵਾਲਾ, ਜਗਜੀਤ ਸਿੰਘ ਮਾਣੂੰਕੇ ਨੇ ਦੱਸਿਆ ਕਿ ਮ੍ਰਿਤਕ ਮੱਧ ਵਰਗ ਪਰਵਾਰ ਨਾਲ ਸਬੰਧਤ ਹੋਣ ਕਰਕੇ ਕਿੱਤੇ ਵਜੋਂ ਡਰਾਈਵਰ ਦਾ ਕੰਮ ਕਰਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦਾ ਸੀ ਤੇ ਮ੍ਰਿਤਕ ਪਤੀ-ਪਤਨੀ ਆਪਣੇ ਪਿੱਛੇ ਦੋ ਲੜਕੀਆਂ ਨੂੰ ਛੱਡ ਗਏ ਹਨ।ਇਸ ਘਟਨਾ ਨੂੰ ਲੈ ਕੇ ਪਿੰਡ ਮਾਤਮ ਛਾ ਗਿਆ



# ਤਰਕਸ਼ੀਲ ਇਕੱਤਰਤਾ 'ਚ ਹੜ੍ਹਾਂ ਦੀ ਸਥਿਤੀ ਉੱਪਰ ਵਿਚਾਰਾਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਵੱਖ ਵੱਖ ਕਿਸਮ ਦੀਆਂ ਬਿਮਾਰੀਆਂ, ਮਹਾਂਮਾਰੀਆਂ, ਭੂਚਾਲ, ਹਾਦਸੇ ਤੇ ਹੜ੍ਹਾਂ ਵਰਗੀਆਂ ਕੁਦਰਤੀ ਆਫਤਾਂ ਤੋਂ ਬਚਣ ਲਈ ਜ਼ਰੂਰੀ ਹੈ ਕਿ ਜਨਤਾ ਦੇ ਨਜ਼ਰੀਏ ਨੂੰ ਵੱਡੀ ਪੱਧਰ ਉੱਪਰ ਵਿਗਿਆਨਕ ਬਣਾਇਆ ਜਾਵੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਤਲਵੰਡੀ ਸਾਬੋ ਦੇ ਤਰਕਸ਼ੀਲਾਂ ਨੇ ਆਪਣੀ ਇੱਕ ਇਕੱਤਰਤਾ ਕਰਕੇ ਪੰਜਾਬ ਵਿੱਚ ਆਏ ਹੜ੍ਹਾਂ ਤੋਂ ਪੈਦਾ ਹੋਈਆਂ ਤਾਜ਼ਾ ਪਰਸਥਿਤੀਆਂ ਉੱਪਰ ਚਰਚਾ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੱਖ ਵੱਖ ਮੌਕਿਆਂ 'ਤੇ ਆਉਂਦੀਆਂ ਰਹੀਆਂ ਕੁਦਰਤੀ ਜਾਂ ਗੈਰ-ਕੁਦਰਤੀ ਆਫਤਾਂ ਮੌਕੇ ਜੇਕਰ ਉਨ੍ਹਾਂ ਦਾ ਟਾਕਰਾ ਕਰਨ ਲਈ ਧਾਰਮਿਕ ਸਥਾਨਾਂ ਵਿੱਚ ਅਰਜੋਈਆਂ ਕਰਨ ਦੀ ਬਜਾਏ ਵਿਗਿਆਨਕ ਸਮਝ ਅਪਣਾ ਲਈ ਜਾਂਦੀ ਤਾਂ ਵੱਡੇ ਜਾਨੀ ਤੇ ਮਾਲੀ ਨੁਕਸਾਨ ਹੋਣ ਤੋਂ ਬਹੁਤ ਵੱਡੀ ਹੱਦ ਤੱਕ ਬਚਾਅ ਕੀਤਾ ਜਾ ਸਕਦਾ ਸੀ।ਬੁਲਾਰਿਆਂ ਨੇ ਜ਼ੋਰ ਦੇ ਕੇ ਕਿਹਾ ਕਿ ਆਜ਼ਾਦੀ ਤੋਂ ਪੌਣੀ ਸਦੀ ਬਾਅਦ ਸਾਡੇ ਦੇਸ਼ ਵਿੱਚ ਮਹਾਮਾਰੀਆਂ ਰੋਕਣ ਲਈ ਕੋਈ ਵਿਗਿਆਨਕ ਵਿਧੀ ਨਾ ਅਪਣਾਏ ਜਾਣ ਕਾਰਨ ਜਿੱਥੇ ਅਰਬਾਂ ਖਰਬਾਂ ਦਾ ਮਾਲੀ ਨੁਕਸਾਨ ਹੁੰਦਾ ਹੈ, ਉੱਥੇ ਹਰ ਵਰੇ ਹਜ਼ਾਰਾਂ ਦੇਸ਼ ਵਾਸੀਆਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣੇ ਪੈ ਰਹੇ ਹਨ। ਬੁਲਾਰਿਆਂ ਨੇ ਕਿਹਾ ਕਿ ਸਾਡੇ ਦੇਸ਼ ਦੇ ਹਾਕਮ, ਜਿਨ੍ਹਾਂ ਨੇ ਔਖੇ ਵਕਤ ਦੇਸ਼ ਵਾਸੀਆਂ ਨੂੰ ਸਹੀ ਦਿਸ਼ਾ ਪ੍ਰਦਾਨ ਕਰਵਾਉਣੀ ਹੁੰਦੀ ਹੈ, ਲਗਭਗ ਸਾਰੇ ਹੀ ਰੰਗਾਂ ਦੇ ਲੀਡਰ ਆਪਣੀਆਂ ਨਲਾਇਕੀਆਂ ਛੁਪਾਉਣ ਲਈ ਲੋਕਾਂ ਦਾ ਧਿਆਨ ਰੂੜੀਵਾਦੀ ਵਿਚਾਰਾਂ ਵੱਲ ਲਾ ਰਹੇ ਹਨ।ਇਸ ਤਰਕਸ਼ੀਲ ਇਕੱਤਰਤਾ ਵਿੱਚ ਹੋਰਨਾਂ ਤੋਂ ਇਲਾਵਾ ਸਾਬਕਾ ਪ੍ਰਿੰਸੀਪਲ ਚਾਨਣ ਸਿੰਘ ਸਿੱਧੂ, ਮਹਿਮਾ ਸਿੰਘ ਧਿੰਗੜ, ਯੁਵਰਾਜ ਸਿੰਘ ਭਾਗੀਵਾਂਦਰ, ਬਲਦੇਵ ਗਿੱਲ, ਕ੍ਰਿਸ਼ਨ ਗੁਰੂ ਸਰੀਆ, ਹਰਜਿੰਦਰ ਸਿੰਘ ਪੱਪੀ, ਜਗਦੀਪ ਗਿੱਲ ਅਤੇ ਜਸਪ੍ਰੀਤ ਸਿੰਘ ਧਿੰਗੜ ਆਦਿ ਆਗੂਆਂ ਦੇ ਨਾਂ ਸ਼ਾਮਲ ਹਨ।

# ਭੈਣ ਦੀ ਮੌਤ ਦਾ ਬਦਲਾ ਲੈਣ ਲਈ ਜੀਜੇ 'ਤੇ ਕੀਤਾ ਜਾਨਲੇਵਾ ਹਮਲਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਨਜ਼ਦੀਕੀ ਪਿੰਡ ਝੋਕ ਹਰੀਹਰ ਨੇੜੇ ਇਕ ਪਰਵਾਰ 'ਤੇ ਜਾਨਲੇਵਾ ਹਮਲਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਹ ਹਮਲਾ ਉਦੋਂ ਹੋਇਆ, ਜਦੋਂ ਪਰਵਾਰ ਅਦਾਲਤ ਵਿੱਚ ਇਕ ਪੁਰਾਣੇ ਕੇਸ ਦੀ ਤਾਰੀਖ਼ ਭੁਗਤ ਕੇ ਵਾਪਸ ਆ ਰਿਹਾ ਸੀ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਸੇਵਕ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਝੋਕ ਹਰੀਹਰ ਨੇ ਦੱਸਿਆ ਕਿ ਉਸ ਦੀ ਪਤਨੀ ਕੁਲਵਿੰਦਰ ਕੌਰ ਨੇ ਸਾਲ 2019 ਵਿੱਚ ਆਤਮ ਹੱਤਿਆ ਕਰ ਲਈ ਸੀ, ਜਿਸ 'ਤੇ ਉਹ ਤੇ ਉਸ ਦੀ ਮਾਤਾ ਤੇ ਪਿਤਾ ਖਿਲਾਫ ਥਾਣਾ ਕੁੱਲਗੜ੍ਹੀ ਮੁਕੱਦਮਾ ਦਰਜ ਹੋ ਗਿਆ ਸੀ। ਇਸ ਦਾ ਟਰਾਇਲ ਲੋਕਲ ਕੋਰਟ ਵਿਚ ਚੱਲਦਾ ਸੀ, ਜਿਸ ਦੀ ਮਿਤੀ 12 ਸਤੰਬਰ 2025 ਨੂੰ ਤਾਰੀਖ ਭੁਗਤਣ ਤੋਂ ਬਾਅਦ ਉਹ ਆਪਣੀ ਮਾਤਾ ਸਿਮਰਨਜੀਤ ਕੌਰ ਤੇ ਪਿਤਾ ਗੁਰਮੇਜ ਸਿੰਘ ਐਲਟੋ ਕਾਰ ਨੰਬਰ ਪੀਬੀ 05 ਕਿਓ 3211 'ਤੇ ਕਰੀਬ ਪੌਣੇ ਕੁ 2 ਵਜੇ ਫੱਤੂਵਾਲਾ ਦੇ ਪੁਲ ਤੋਂ ਅੱਗੇ ਮੁਤਕਸਰ ਰੋਡ ਗਏ ਤਾਂ ਇਕ ਫਾਰਚੂਨਰ ਤੇ ਇਕ ਸਵਿਫਟ ਡਿਜ਼ਾਈਰ ਕਾਰਾਂ ਆਈਆਂ, ਜਿਸ ਵਿੱਚ 7-8 ਵਿਅਕਤੀ ਹਥਿਆਰਾਂ ਸਮੇਤ ਸਨ। ਕਰੀਬ 1-ਡੇਢ ਕੁ ਕਿਲੋਮੀਟਰ ਅੱਗੇ ਜਾ ਕੇ ਸਵਿਫਟ ਡਿਜ਼ਾਈਰ ਗੱਡੀ ਨੇ ਉਵਰਟੇਕ ਕਰਕੇ ਘੇਰ ਲਈ ਤੇ ਫਾਰਚੂਨਰ ਗੱਡੀ ਨੇ ਟੱਕਰ ਮਾਰੀ, ਜਿਸ ਨਾਲ ਉਸ ਦੀ ਗੱਡੀ ਪੈਲੀ ਹੇਠਾਂ ਪਲਟ ਗਈ ਤਾਂ ਗੱਡੀਆਂ ਵਿੱਚੋਂ ਵਿਅਕਤੀ ਉਤਰੇ, ਜਿਨ੍ਹਾਂ ਵਿੱਚ ਉਸ ਦੇ ਸਾਲੇ ਕਾਰਜ ਸਿੰਘ, ਮਲਕੀਤ ਸਿੰਘ, ਕੁਲਵੰਤ ਸਿੰਘ ਪੁੱਤਰਾਨ ਜਸਵੰਤ ਸਿੰਘ ਵਾਸੀ ਗੁਲਾਮੀ ਵਾਲਾ ਸਮੇਤ 4-5 ਅਣਪਛਾਤੇ ਵਿਅਕਤੀ ਹਥਿਆਰਾਂ ਸਮੇਤ ਆਏ ਤੇ ਉਸ 'ਤੇ ਹਮਮਸ਼ਵਰਾ ਹੋ ਕੇ ਸੱਟਾਂ ਮਾਰ ਕੇ ਗੱਡੀਆਂ ਤੇ ਹਥਿਆਰਾਂ ਸਮੇਤ ਭੱਜ ਗਏ। ਵਜਾ ਰੰਜਿਸ਼ ਇਹ ਹੈ ਕਿ ਉਸ ਦੇ ਸਾਲਿਆਂ ਦੀ ਭੈਣ ਵੱਲੋਂ ਉਸ ਤੋਂ ਪ੍ਰੇਸ਼ਾਨ ਹੋ ਕੇ ਆਤਮ ਹੱਤਿਆ ਕਰਨਾ ਸੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਕਾਰਜ ਸਿੰਘ, ਮਲਕੀਤ ਸਿੰਘ, ਕੁਲਵੰਤ ਸਿੰਘ ਤੇ 4-5 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਕਾਸੋ ਅਪ੍ਰੇਸ਼ਨ ਦੌਰਾਨ ਨਸ਼ਿਆਂ ਨਾਲ ਪ੍ਰਭਾਵਿਤ ਸਥਾਨਾਂ/ਹੋਟਸਪੋਟ ਦੀ ਸਰਚ ਚੈਕਿੰਗ

## ਨਸ਼ਿਆਂ ਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਲੋਕ ਪੁਲਸ ਦਾ ਸਹਿਯੋਗ ਕਰਨ : ਏ ਡੀ ਜੀ ਪੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਗੌਰਵ ਯਾਦਵ ਡੀ.ਜੀ.ਪੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਸਮਾਜ ਦੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਾਰੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਅੱਜ ਵਿਸ਼ੇਸ਼ ਘੇਰਾਬੰਦੀ ਤੇ ਸਰਚ ਅਪ੍ਰੇਸ਼ਨ (ਕਾਸੋ) ਅਭਿਆਨ ਚਲਾਇਆ ਜਾ ਰਿਹਾ ਹੈ।ਇਸ ਮੁਹਿੰਮ ਤਹਿਤ ਏ.ਡੀ.ਜੀ.ਪੀ. ਇੰਟਰਨਲ ਸਕਿਊਰਿਟੀ ਸ਼ਿਵ ਕੁਮਾਰ ਵਰਮਾ ਤੇ ਅਜੈ ਗਾਂਧੀ, ਐੱਸ.ਐੱਸ.ਪੀ. ਮੋਗਾ ਦੀ ਯੋਗ ਅਗਵਾਈ ਵਿੱਚ ਸਵੇਰ 10:00 ਵਜੇ ਤੋਂ 12:00 ਵਜੇ ਤੱਕ ਥਾਣਾ ਸਿਟੀ ਸਾਊਥ ਦੇ ਏਰੀਆ ਤੇ ਸਬ ਡਵੀਜ਼ਨ ਧਰਮਕੋਟ ਵਿਖੇ ਡਰੱਗ ਹੋਟਸਪੌਟ ਤੇ ਹੋਰ ਸ਼ੱਕੀ ਥਾਵਾਂ 'ਤੇ ਸਰਚ ਅਪ੍ਰੇਸ਼ਨ ਚਲਾਇਆ ਗਿਆ।ਇਸ ਅਪ੍ਰੇਸ਼ਨ ਦੌਰਾਨ 150 ਦੇ ਕ੍ਰੀਬ ਪੁਲਸ ਕ੍ਰਮਚਾਰੀਆਂ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਕਾਸੋ ਅਪ੍ਰੇਸ਼ਨ ਅਧੀਨ ਚੈਕਿੰਗ ਕੀਤੀ ਗਈ। ਇਸੇ ਚੈਕਿੰਗ ਦੌਰਾਨ 40 ਸ਼ੱਕੀ ਵਿਅਕਤੀਆਂ ਦੇ ਘਰਾਂ ਤੇ ਉਨ੍ਹਾਂ ਦੇ ਸ਼ੱਕੀ ਟਿਕਾਣਿਆਂ 'ਤੇ ਤਲਾਸ਼ੀ ਅਭਿਮਾਨ ਚਲਾਇਆ ਗਿਆ।ਸ਼ੱਕੀ ਵਿਅਕਤੀਆਂ ਦੀ ਪੁੱਛਗਿੱਛ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ 20 ਦੇ ਕ੍ਰੀਬ ਸ਼ੱਕੀ ਵਹੀਕਲਾਂ ਨੂੰ ਵੀ ਚੈੱਕ ਕੀਤਾ ਗਿਆ ਹੈ।ਸ਼ਿਵ ਕੁਮਾਰ ਵਰਮਾ ਵੱਲੋਂ ਆਮ ਪਬਲਿਕ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਸ਼ਾ ਮੁਕਤ ਪੰਜਾਬ ਦੀ ਸਿਰਜਨਾ ਸਬੰਧੀ ਪੁਲਸ ਵਿਭਾਗ ਨੂੰ ਸਹਿਯੋਗ ਦੇਣ ਤੇ ਜੇਕਰ ਉਨ੍ਹਾਂ ਪਾਸ ਨਸ਼ਾ ਵੇਚਣ ਤੇ ਖ੍ਰੀਦਣ ਜਾਂ ਕਰਨ ਆਦਿ ਸਬੰਧੀ ਜਾਣਕਾਰੀ ਹੈ ਤਾਂ ਉਹ ਮੋਗਾ ਪੁਲਸ ਦੇ ਕੰਟਰੋਲ ਰੂਮ ਨੰਬਰ 96568-96568 ਜਾਂ ਸੇਫ ਪੰਜਾਬ ਹੈਲਪਲਾਈਨ ਨੰਬਰ 97791-00200 'ਤੇ ਸੂਚਿਤ ਕਰ ਸਕਦੇ ਹਨ, ਉਹਨਾਂ ਦੀ ਪਛਾਣ ਨੂੰ ਗੁਪਤ ਰੱਖਿਆ ਜਾਵੇਗਾ।

# ਹੜ੍ਹਾਂ ਲਈ ਕੇਂਦਰ ਤੇ 'ਆਪ' ਦੀਆਂ ਨੀਤੀਆਂ ਤੇ ਨਾਜਾਇਜ਼ ਮਾਈਨਿੰਗ ਜ਼ਿੰਮੇਵਾਰ : ਚੰਦੂਮਾਜਰਾ

## ਘੱਗਰ ਦੇ ਬੰਨ੍ਹ ਮਜ਼ਬੂਤ ਕਰਨ ਲਈ ਡੀ ਟੀ ਓ ਕਰਨ ਸਿੰਘ ਨੇ ਲੱਖ ਰੁਪੈ ਤੇ ਇੱਕ ਹਜ਼ਾਰ ਲੀਟਰ ਡੀਜ਼ਲ ਦਿੱਤਾ



ਅਕਾਲੀ ਦਲ ਮੁੜ ਸੁਰਜੀਤੀ ਦੇ ਆਗੂ ਜਾਣਕਾਰੀ ਦਿੰਦੇ ਹੋਏ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਘੱਗਰ ਦਰਿਆ ਦਾ ਪਾਣੀ ਘਟਣਾ ਸ਼ੁਰੂ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਲਹਿਰ ਦੇ ਆਗੂ ਸਾਬਕਾ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਕਰਨ ਸਿੰਘ ਡੀਟੀਓ, ਸੁਰਜੀਤ ਸਿੰਘ ਰੱਖੜਾ ਨੇ ਮਤੌਲੀ ਜੰਮੂ ਕਟੜਾ ਐਕਸਪ੍ਰੈੱਸ ਵੇਅ ਪੁਲ 'ਤੇ ਪਹੁੰਚ ਕੇ ਘੱਗਰ ਦਰਿਆ ਦੇ ਬੰਨ੍ਹ ਬਰਬਾਦ ਕਰਨ ਵਿਰੁੱਧ ਸਵਾ ਮਹੀਨੇ ਤੋਂ ਧਰਨੇ 'ਤੇ ਬੈਠੇ ਕਿਸਾਨਾਂ ਨਾਲ ਗੱਲਬਾਤ ਕੀਤੀ।ਇਸੇ ਦੌਰਾਨ ਕਰਨ ਸਿੰਘ ਡੀਟੀਓ ਨੇ ਘੱਗਰ ਦੇ ਬੰਨ੍ਹ ਮਜ਼ਬੂਤ ਕਰਨ ਲਈ ਇਕ ਲੱਖ ਰੁਪਏ ਨਗਦ ਤੇ ਹਜ਼ਾਰ ਲੀਟਰ ਤੇਲ ਦੇਣ ਦਾ ਭਰੋਸਾ ਦਿਵਾਉਂਦਿਆਂ ਅਕਾਲੀ ਆਗੂਆਂ ਨੇ ਪੰਜਾਬ ਦੀ ਬਰਬਾਦੀ ਲਈ ਆਮ ਆਦਮੀ ਪਾਰਟੀ ਅਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ ਹਰਿਆਣਾ ਦੇ ਮੁੱਖ ਮੰਤਰੀ ਨੂੰ ਮਿਲ ਕੇ ਹਰਿਆਣਾ ਸਰਕਾਰ ਵੱਲੋਂ ਸੈਂਟਰਲ ਵਾਟਰ ਕਮਿਸ਼ਨ ਕੋਲ ਲਾਈ ਦਰਖਾਸਤ ਨੂੰ ਵਾਪਸ ਕਰਵਾਉਣ ਵਾਸਤੇ ਦਬਾਅ ਪਾਇਆ ਜਾਵੇਗੀ। ਉਨ੍ਹਾਂ ਭਾਰਤ ਮਾਲਾ ਪ੍ਰੋਜੈਕਟ ਤਹਿਤ ਬਣ ਰਹੇ, ਐਕਸਪ੍ਰੈੱਸ ਵੇਅ ਨੂੰ ਹਲਕਾ ਸ਼ੁਤਰਾਣਾ ਦੀ ਬਰਬਾਦੀ ਦਾ ਵੱਡਾ ਕਾਰਨ ਦੱਸਿਆ ਹੈ।

ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਹੈ ਕਿ ਭਾਰਤ ਮਾਲਾ ਪ੍ਰੋਜੈਕਟ ਤਹਿਤ ਨਿਰਮਾਣ ਅਧੀਨ ਜੰਮੂ ਕਟੜਾ ਐਕਸਪ੍ਰੈੱਸ ਵੇਅ ਦਾ ਗਲਤ ਡਿਜ਼ਾਇਨ ਹਲਕਾ ਸ਼ੁਤਰਾਣਾ ਦੀ ਬਰਬਾਦੀ ਦਾ ਵੱਡਾ ਕਾਰਨ ਹੈ, ਕਿਉਂਕਿ 2023 ਵਿੱਚ ਹਲਕੇ ਦੇ ਲੋਕ ਵੱਡਾ ਸੰਤਾਪ ਭੋਗ ਚੁੱਕੇ ਹਨ।ਇਸ ਵਾਰ ਵੀ ਭੁਗਤਣਾ ਪੈਣਾ ਸੀ, ਜੇ ਲੋਕਾਂ ਵੱਲੋਂ ਸਮਾਂ ਰਹਿੰਦੇ ਘੱਗਰ ਦਰਿਆ ਦੇ ਬੰਨ੍ਹ ਮਜ਼ਬੂਤ ਨਾ ਕੀਤੇ ਜਾਂਦੇ।ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਖਨੌਰੀ ਤੋਂ ਲੈ ਕੇ ਮਕਰੌੜ ਸਾਹਿਬ ਤੱਕ ਘੱਗਰ ਚੌੜਾ, ਡੂੰਘਾ ਤੇ ਬੰਨ੍ਹ ਮਜ਼ਬੂਤ ਕਰਕੇ ਲੋਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਉਪਰਾਲੇ ਅਰੰਭੇ ਜਾਣਗੇ।ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਹੜ੍ਹਾਂ ਦੀ ਜੋ ਮਾਰ ਝੱਲੀ ਹੈ, ਇਸ ਕੁਦਰਤੀ ਆਫਤ ਦੇ ਨਾਲ-ਨਾਲ ਸਰਕਾਰ ਦੀਆਂ ਗਲਤ ਨੀਤੀਆਂ, ਨਾਜਾਇਜ਼ ਮਾਈਨਿੰਗ ਵੀ ਜ਼ਿੰਮੇਵਾਰ ਹੈ, ਜਿਸ ਨੂੰ ਆਪ ਸਰਕਾਰ ਰੋਕ ਨਹੀਂ ਸਕੀ।ਜਦੋਂ ਮੌਸਮ ਵਿਭਾਗ ਨੇ ਅਗਾਊਂ ਜਾਣਕਾਰੀ ਦਿੱਤੀ ਸੀ ਕਿ ਬਰਸਾਤਾਂ ਬਹੁਤ ਹੋਣਗੀਆਂ ਤਾਂ ਕੇਂਦਰ ਤੇ ਪੰਜਾਬ ਸਰਕਾਰ ਨੇ ਡੈਮਾਂ ਦੇ ਪਾਣੀ ਦਾ ਪੱਧਰ ਕਾਬੂ ਵਿੱਚ ਕਿਉਂ ਨਾ ਕੀਤਾ ? ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦਾ 'ਆਪ' ਸਰਕਾਰ ਲਾਭ ਨਹੀਂ ਲੈ ਸਕੇ, ਕਿਉਂਕਿ ਸੀਨੀਅਰ ਵਜ਼ੀਰ ਤੇ ਅਧਿਕਾਰੀ ਸਹੀ ਤਰੀਕੇ ਨਾਲ ਪ੍ਰਧਾਨ ਮੰਤਰੀ ਦੇ ਸਾਹਮਣੇ ਕੇਸ ਰੱਖਣ ਵਿੱਚ ਅਸਫ਼ਲ ਰਹੇ ਹਨ।ਉਨ੍ਹਾਂ ਕਿਹਾ ਕਿ ਹੋਏ ਨੁਕਸਾਨ ਦੀ ਭਰਪਾਈ ਲਈ ਪੰਜਾਬ ਦੇ ਮੁੱਖ ਮੰਤਰੀ ਨੂੰ ਆਲ ਪਾਰਟੀ ਮੀਟਿੰਗ ਸੱਦ ਕੇ ਮੁੜ ਤੋਂ ਕੇਸ ਤਿਆਰ ਕਰਨਾ ਚਾਹੀਦਾ ਹੈ।ਇਹ ਸਮਾਂ ਇੱਕ ਦੂਸਰੇ ਉੱਤੇ ਦੂਸ਼ਣਬਾਜ਼ੀ ਕਰਨ ਦਾ ਨਹੀਂ। ਉਨ੍ਹਾਂ ਇਹੀ ਸਲਾਹ ਭਾਜਪਾ ਆਗੂਆਂ ਨੂੰ ਦਿੱਤੀ ਹੈ ਕਿ ਉਹ ਕੇਂਦਰ ਦੀ ਵਕਾਲਤ ਕਰਨ ਦੀ ਥਾਂ ਪੰਜਾਬ ਦੇ ਵਕੀਲ ਬਣ ਕੇ ਲੜਨ ਤੇ ਸਮੂਹ ਪਾਰਟੀਆਂ ਦਾ ਇਕ ਵਫ਼ਦ ਲੈ ਕੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਪੰਜਾਬ ਦਾ ਪੱਖ ਰੱਖਿਆ ਜਾ ਸਕੇ।ਉਨ੍ਹਾਂ ਸ਼ੰਕਾ ਜ਼ਾਹਰ ਕੀਤੀ ਹੈ ਕਿ ਪ੍ਰਧਾਨ ਮੰਤਰੀ ਵੱਲੋਂ 1600 ਕਰੋੜ ਰੁਪਏ ਐਲਾਨੀ ਰਾਸ਼ੀ ਨਿਯਮਾਂ ਦੀ ਪਾਲਣਾ ਤੇ ਤਰੁਟੀਆਂ ਕਾਰਨ ਪੰਜਾਬ ਸਰਕਾਰ ਵਰਤ ਨਹੀਂ ਸਕੇਗੀ।ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਛੇਤੀ ਹੀ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਮਿਲ ਕੇ ਵੱਡਾ ਸਰਕਾਰ ਵੱਲੋਂ ਸੈਂਟਰਲ ਵਾਟਰ ਕਮਿਸ਼ਨ ਕੋਲ ਪਾਈ ਗਈ ਪਟੀਸ਼ਨ ਨੂੰ ਵਾਪਸ ਕਰਵਾਉਣ ਲਈ ਦਬਾਅ ਪਾਇਆ ਜਾਵੇਗਾ।ਇਸ ਪਟੀਸ਼ਨ ਦੀ ਵਾਪਸੀ ਮਗਰੋਂ ਹੀ ਘੱਗਰ ਦਰਿਆ ਦੇ ਸਥਾਈ ਹੱਲ ਦੀ ਸ਼ੁਰੂਆਤ ਹੋ ਸਕੇਗੀ।

# 17 ਨੂੰ ਮਨਾਇਆ ਜਾਵੇਗਾ ਵਿਸ਼ਵਕਰਮਾ ਦਾ ਪੂਜਾ ਦਿਵਸ : ਧੀਮਾਨ

## ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਲਗਾਇਆ ਜਾਵੇਗਾ ਅੱਖਾਂ ਦਾ ਚੈੱਕਅੱਪ ਤੇ ਖ਼ੂਨਦਾਨ ਕੈਂਪ

**ਸੰਗਰੂਰ (ਪ੍ਰਵੀਨ ਸਿੰਘ)**-ਜਗਤ ਗੁਰੂ ਭਗਵਾਨ ਸ੍ਰੀ ਵਿਸ਼ਵਕਰਮਾ ਜੀ ਮਹਾਰਾਜ ਦਾ ਪੂਜਾ ਦਿਵਸ 17 ਸਤੰਬਰ ਨੂੰ ਸਥਾਨਕ ਮੰਦਰ ਬਾਬਾ ਵਿਸ਼ਵਕਰਮਾ ਮੰਦਰ ਗੋਬਿੰਦਪੁਰਾ ਬਸਤੀ ਨਜ਼ਦੀਕ ਅਨਾਜ ਮੰਡੀ ਸੰਗਰੂਰ ਵਿਖੇ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਮਜੀਤ ਸਿੰਘ ਧੀਮਾਨ ਪ੍ਰਧਾਨ ਬਾਬਾ ਵਿਸ਼ਵਕਰਮਾ ਮੰਦਰ ਸਭਾ ਸੰਗਰੂਰ ਨੇ ਕਿਹਾ ਕਿ ਇਸ ਸ਼ੁਭ ਦਿਹਾੜੇ ਤੇ ਦੇਸ਼ ਦੀ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਤੇ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਦੀ ਅਗਵਾਈ ਹੇਠ ਅੱਖਾਂ ਦਾ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਦੇ ਨਾਲ ਨਾਲ ਖ਼ੂਨਦਾਨ ਕੈਂਪ ਵੀ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੂਜਾ ਦਿਵਸ ਸਬੰਧੀ ਰੱਖੇ ਵਿਸ਼ਾਲ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਮੈਡਮ ਨਰਿੰਦਰ ਕੌਰ ਭਰਾਜ ਹਲਕਾ ਵਿਧਾਇਕ ਸੰਗਰੂਰ ਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਪੋਤਰੇ ਇੰਦਰਜੀਤ ਸਿੰਘ ਬੱਬੂ ਸ਼ਿਰਕਤ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਮੌਕੇ ਕੈਂਪ ਦੌਰਾਨ ਗਲੋਬਲ ਹਸਪਤਾਲ ਸੰਗਰੂਰ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦਾ ਚੈੱਕਅਪ ਕੀਤਾ ਜਾਵੇਗਾ ਤੇ ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਕਰਕੇ ਲੈਂਜ਼ ਵੀ ਮੁਫ਼ਤ ਪਾਏ ਜਾਣਗੇ ਅਤੇ ਵਿਸ਼ਾਲ ਖ਼ੂਨਦਾਨ ਕੈਂਪ ਵੀ ਲਗਾਇਆ ਜਾਵੇਗਾ।

# ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਮੀਟਿੰਗ



**ਦੋਰਾਹਾ (ਹਰਮਿੰਦਰ ਸੇਠ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪੰਜਾਬ ਅੰਦਰ ਆਏ ਭਿਆਨਕ ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਸਰਕਾਰ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਬਾਰੇ ਪਹਿਲਾਂ ਕੋਈ ਨੀਤੀ ਨਾ ਬਣਾਉਣ ਨੂੰ ਹੋਈ ਤਬਾਹੀ ਦਾ ਇੱਕ ਕਾਰਨ ਦੱਸਿਆ ਜਾ ਰਿਹਾ ਹੈ।ਇਸ ਹੋਈ ਤਬਾਹੀ ਨੂੰ ਰੋਕਣ ਵਿੱਚ ਕੇਂਦਰ ਸੂਬੇ ਦੀ ਮਦਦ ਕਰਨ 'ਚ ਨਾਕਾਮ ਰਿਹਾ ਹੈ।ਮੁੱਖ ਮੰਤਰੀ ਭਗਵੰਤ ਮਾਨ ਮੁਤਾਬਕ ਕੇਂਦਰ ਸਰਕਾਰ ਵੱਲ ਪਏ ਜੀਐੱਸਟੀ ਸਮੇਤ ਬਕਾਇਆ 60,000 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ।ਪ੍ਰਧਾਨ ਮੰਤਰੀ ਨੇ ਆਪਣੇ ਪੰਜਾਬ ਦੌਰੇ ਸਮੇਂ ਪੰਜਾਬ ਕੋਲ ਪਏ 12000 ਕਰੋੜ ਰੁਪਏ ਦੇ ਡਿਜ਼ਾਸਟਰ ਫੰਡ ਨੂੰ ਲੈ ਕੇ ਨਵਾਂ ਵਿਵਾਦ ਖੜ੍ਹਾ ਕਰ ਗਏ, ਜਿਸ ਦਾ ਕੇਂਦਰ ਤੇ ਪੰਜਾਬ ਸਰਕਾਰ ਦੋਵੇਂ ਸਿਆਸੀ ਲਾਹਾ ਲੈਣ ਵਿੱਚ ਲਗੇ ਹੋਏ ਹਨ।ਪੰਜਾਬ ਸਰਕਾਰ ਵੱਲੋਂ ਪੈਨਸ਼ਨਰਜ਼ ਦੀਆਂ ਮੰਨੀਆਂ ਮੰਗਾਂ ਲਾਗੂ ਕੀ ਕਰਨੀਆਂ ਹਨ, ਸਗੋਂ ਪੈਨਸ਼ਨਰਜ਼ ਦੇ ਹੱਕ ਵਿੱਚ ਕੀਤੇ ਅਦਾਲਤੀ ਫੈਸਲਿਆਂ ਨੂੰ ਲਾਗੂ ਕਰਨ ਲਈ ਆਨਾ-ਕਾਨੀ ਕਰ ਰਹੀ ਹੈ ਜਾਂ ਉਨ੍ਹਾਂ ਨੂੰ ਲਾਗੂ ਕਰਨ ਹਿੱਤ ਗੁੰਝਲਦਰ ਤਰੀਕੇ ਅਪਨਾਉਂਦੀ ਹੈ।1.1.2016 ਤੋਂ 30.6.2021 ਤੱਕ ਦੇ ਪੈਨਸ਼ਨ ਦੁਹਰਾਈ ਦਾ ਬਕਾਇਆ ਦੇਣ ਤਿੰਨ ਭਾਗਾਂ ਵਿੱਚ ਅਦਾ ਕਰਨ ਲਈ 85 ਸਾਲ ਤੋਂ ਉੱਪਰ ਪੈਨਸ਼ਨਰਾਂ ਨੂੰ ਦੋ ਕਿਸ਼ਤਾਂ, 80 ਸਾਲ ਤੋਂ ਉੱਪਰ ਨੂੰ 12 ਕਿਸ਼ਤਾਂ ਤੇ 80 ਸਾਲ ਤੋਂ ਘੱਟ ਉਮਰ ਵਾਲਿਆਂ ਨੂੰ 42 ਕਿਸ਼ਤਾਂ ਵਿੱਚ ਬਕਾਇਆ ਦੇਣ ਦੀ ਨੀਤੀ ਅਪਣਾਈ ਹੈ, ਦੀ ਘੋਰ ਨਿੰਦਾ ਕੀਤੀ ਗਈ ਹੈ।ਮੀਟਿੰਗ ਨੂੰ ਪਵਨ ਕੁਮਾਰ ਕੌਸ਼ਲ, ਰਣਜੀਤ ਸਿੰਘ ਟਿਵਾਣਾ, ਕਮਲਜੀਤ ਸਿੰਘ, ਰੁਪਿੰਦਰ ਸਿੰਘ, ਬਲਦੇਵ ਸਿੰਘ ਅਤੇ ਜ਼ੋਰਾਂ ਸਿੰਘ ਨੇ ਸੰਬੋਧਨ ਕੀਤਾ।

# ਐੱਸ ਐੱਮ ਓ ਵੱਲੋਂ ਲਗਾਏ ਝੂਠੇ ਦੋਸ਼ਾਂ ਦੀ ਵਿਧਾਇਕਾ ਮਾਣੂੰਕੇ ਤੇ ਪ੍ਰੋ. ਸੁਖਵਿੰਦਰ ਸਿੰਘ ਨੇ ਮੰਗੀ ਨਿਰਪੱਖ ਜਾਂਚ

## ਸਪੀਕਰ ਵਿਧਾਨ ਸਭਾ, ਸਿਹਤ ਮੰਤਰੀ ਤੇ ਐੱਸ.ਐੱਸ.ਪੀ. ਨੂੰ ਦਿੱਤੀਆਂ ਦਰਖਾਸਤਾਂ



**ਜਗਰਾਓਂ (ਅਮਿਤ ਖੰਨਾ)**-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਤੇ ਉਨ੍ਹਾਂ ਦੇ ਪਤੀ ਪ੍ਰੋਫੈਸਰ ਸੁਖਵਿੰਦਰ ਸਿੰਘ ਵੱਲੋਂ ਐੱਸ.ਐੱਮ.ਓ. ਜਗਰਾਉਂ ਹਰਜੀਤ ਸਿੰਘ ਵੱਲੋਂ ਲਗਾਏ ਝੂਠੇ ਦੋਸ਼ਾਂ ਵਿਰੁੱਧ ਮੋਰਚਾ ਖੋਲ੍ਹਦਿਆਂ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ, ਪ੍ਰਿੰਸੀਪਲ ਸਕੱਤਰ ਸਿਹਤ ਵਿਭਾਗ ਪੰਜਾਬ ਤੇ ਐੱਸ ਐੱਸ ਪੀ ਜਗਰਾਉਂ ਨੂੰ ਦਰਖਾਸਤਾਂ ਦੇ ਕੇ ਮੰਗ ਕੀਤੀ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇ ਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਕੇ ਲੋਕਾਂ ਦੇ ਸਾਹਮਣੇ ਰੱਖਿਆ ਜਾਵੇ ਅਤੇ ਪੂਰੀ ਪੜਤਾਲ ਕਰਕੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਇੱਕ ਵਿਧਾਇਕ ਤੇ ਉਸ ਦੇ ਪਤੀ ਦਾ ਸਮਾਜ ਵਿੱਚ ਅਕਸ ਖਰਾਬ ਕਰਨ ਵਾਲੇ ਐੱਸ.ਐੱਮ.ਓ. ਹਰਜੀਤ ਸਿੰਘ ਵਿਰੁੱਧ ਮੁਕੱਦਮਾ ਦਰਜ ਕਰਕੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਨੇ ਦੱਸਿਆ ਕਿ ਐੱਸ ਐੱਮ ਓ ਡਾ. ਹਰਜੀਤ ਸਿੰਘ ਇੱਕ ਲਾ-ਪ੍ਰਵਾਹ ਅਫ਼ਸਰ ਹੈ ਤੇ ਉਸ ਵਿਰੁੱਧ ਪਹਿਲਾਂ ਤੋਂ ਹੀ ਅਪਰਾਧਕ ਮਾਮਲੇ ਚੱਲ ਰਹੇ ਹਨ।ਇਸ ਤੋਂ ਇਲਾਵਾ ਐੱਸ ਐੱਮ ਓ ਅਧੀਨ ਕੰਮ ਕਰ ਰਹੀ ਇੱਕ ਮਹਿਲਾ ਪਾਰਟ ਟਾਈਮ ਵਰਕਰ ਵੱਲੋਂ 7 ਮਈ 2025 ਨੂੰ ਮਾਣਯੋਗ ਮੁੱਖ ਮੰਤਰੀ ਪੰਜਾਬ, ਮਾਣਯੋਗ ਗਵਰਨਰ ਪੰਜਾਬ, ਪ੍ਰਿੰਸੀਪਲ ਸਕੱਤਰ (ਸਿਹਤ ਵਿਭਾਗ) ਪੰਜਾਬ ਤੇ ਨੈਸ਼ਨਲ ਕਮਿਸ਼ਨ ਫਾਰ ਵੂਮੈਨ ਇੰਡੀਆ ਨੂੰ ਵੀ ਸ਼ਿਕਾਇਤਾਂ ਕੀਤੀਆਂ ਹੋਈਆਂ ਹਨ।ਵਿਧਾਇਕਾ ਮਾਣੂੰਕੇ ਨੇ ਦੱਸਿਆ ਕਿ ਐੱਸ ਐੱਮ ਓ ਦੇ ਸਟਾਫ਼ ਵੱਲੋਂ ਵੀ ਦੁਖੀ ਹੋ ਕੇ ਡਾਇਰੈਕਟਰ ਸਿਹਤ ਵਿਭਾਗ ਤੇ ਸਿਵਲ ਸਰਜਨ ਨੂੰ ਸ਼ਿਕਾਇਤਾਂ ਕੀਤੀਆਂ ਹੋਈਆਂ ਹਨ ਅਤੇ ਹਲਕੇ ਦੇ ਐੱਮ.ਐੱਲ.ਏ. ਹੋਣ ਕਰਕੇ ਅਕਸਰ ਹੀ ਐੱਸ ਐੱਮ ਓ ਡਾ. ਹਰਜੀਤ ਸਿੰਘ ਵਿਰੁੱਧ ਲੋਕਾਂ ਦੀਆਂ ਸ਼ਿਕਾਇਤਾਂ ਉਨ੍ਹਾਂ ਨੂੰ ਮਿਲਦੀਆਂ ਰਹਿੰਦੀਆਂ ਹਨ।ਵਿਧਾਇਕਾ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪੰਜਾਬ ਸਰਕਾਰ ਕੋਲੋਂ ਕਰੋੜਾਂ ਰੁਪਏ ਮਨਜ਼ੂਰ ਕਰਵਾ ਕੇ ਸਿਵਲ ਹਸਪਤਾਲ ਜਗਰਾਉਂ ਵਿਖੇ 'ਜੱਚਾ ਬੱਚਾ' ਹਸਪਤਾਲ ਬਣਵਾਇਆ ਗਿਆ ਤੇ ਸਿਵਲ ਹਸਪਤਾਲ ਜਗਰਾਉਂ ਵਧੀਆ ਸਿਹਤ ਸਹੂਲਤਾਂ ਤੇ ਸਫਾਈ ਪੱਖੋਂ ਸਾਲ 2022-23 ਦੌਰਾਨ ਦੇਸ਼ ਭਰ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ, ਪ੍ਰੰਤੂ ਡਾ. ਹਰਜੀਤ ਸਿੰਘ ਨੇ ਜਦੋਂ ਤੋਂ ਸਿਵਲ ਹਸਪਤਾਲ ਜਗਰਾਉਂ ਵਿਖੇ ਬਤੌਰ ਐੱਸ.ਐੱਮ.ਓ. ਦਾ ਚਾਰਜ ਸੰਭਾਲਿਆ ਹੈ, ਉਸੇ ਸਮੇਂ ਤੋਂ ਹੀ ਸਿਵਲ ਹਸਪਤਾਲ ਜਗਰਾਉਂ ਦਾ ਬੁਰਾ ਹਾਲ ਹੈ ਅਤੇ ਮਰੀਜ਼ਾਂ ਨੂੰ ਲੋੜੀਂਦੀਆਂ ਸਹੂਲਤਾਂ ਵੀ ਨਹੀਂ ਮਿਲਦੀਆਂ, ਜਿਸ ਕਾਰਨ ਐੱਸ.ਐੱਮ.ਓ. ਵੱਲੋਂ ਲੋਕਾਂ ਵਿੱਚ ਪੰਜਾਬ ਸਰਕਾਰ ਦਾ ਵੀ ਅਕਸ ਵੀ ਧੁੰਦਲਾ ਕੀਤਾ ਜਾ ਰਿਹਾ ਹੈ।ਇਸ ਲਈ ਜਦੋਂ ਲੋਕਾਂ ਦੀਆਂ ਸਮੱਸਿਆਵਾਂ ਤੇ ਹਸਪਤਾਲ ਦੀ ਸਫਾਈ ਸਬੰਧੀ ਬਤੌਰ ਵਿਧਾਇਕ ਐੱਸ.ਐੱਮ.ਓ. ਨੂੰ ਅਸੀਂ ਜ਼ਰੂਰ ਕਹਿੰਦੇ ਹਾਂ, ਤਾਂ ਐੱਸ.ਐੱਮ.ਓ. ਆਪਣੀਆਂ ਨਲਾਇਕੀਆਂ ਛੁਪਾਉਣ ਲਈ ਸਾਡੇ ਉਪਰ ਜਾਣਬੁੱਝ ਕੇ ਦੋਸ਼ ਲਗਾਉਂਦਾ ਹੈ।

ਵਿਧਾਇਕਾ ਮਾਣੂੰਕੇ ਨੇ ਐੱਸ.ਐੱਮ.ਓ. ਵੱਲੋਂ ਲਗਾਏ ਝੂਠੇ ਦੋਸ਼ਾਂ ਬਾਰੇ ਸਪੱਸ਼ਟ ਕਰਦਿਆਂ ਦੱਸਿਆ ਕਿ ਐੱਸ.ਐੱਮ.ਓ. ਡਾ. ਹਰਜੀਤ ਸਿੰਘ, ਜਿਸ ਡੋਪ ਟੈਸਟ ਦਾ ਜ਼ਿਕਰ ਕਰ ਰਿਹਾ ਹੈ, ਉਸ ਵਿਅਕਤੀ ਵੱਲੋਂ ਆਪਣਾ ਡੋਪ ਟੈਸਟ ਕਰਵਾਉਣ ਲਈ 15 ਜੁਲਾਈ 2025 ਨੂੰ ਪਰਚੀ ਕਟਵਾਈ ਗਈ ਸੀ, ਪ੍ਰੰਤੂ ਡੇਢ ਮਹੀਨੇ ਦੇ ਲਗਭਗ ਸਮਾਂ ਬੀਤ ਜਾਣ 'ਤੇ ਵੀ ਐੱਸ.ਐੱਮ.ਓ. ਵੱਲੋਂ ਉਕਤ ਵਿਅਕਤੀ ਦਾ ਡੋਪ ਟੈਸਟ ਨਹੀਂ ਕੀਤਾ ਜਾ ਰਿਹਾ ਸੀ, ਜਿਸ ਕਾਰਨ ਦੁਖੀ ਹੋ ਕੇ ਉਕਤ ਵਿਅਕਤੀ ਨੇ 'ਆਪ' ਆਗੂ ਸਾਜਨ ਮਲਹੋਤਰਾ ਨੂੰ ਸਮੱਸਿਆ ਦੱਸੀ ਅਤੇ ਜਦੋਂ ਸਾਜਨ ਮਲਹੋਤਰਾ ਉਕਤ ਵਿਅਕਤੀ ਨੂੰ ਨਾਲ ਲੈ ਕੇ ਉਸ ਦਾ ਡੋਪ ਟੈਸਟ ਕਰਵਾਉਣ ਸਬੰਧੀ ਐੱਸ.ਐੱਮ.ਓ. ਡਾ. ਹਰਜੀਤ ਸਿੰਘ ਨੂੰ ਮਿਲਿਆ ਤਾਂ ਉਥੇ ਐੱਸ.ਐੱਮ.ਓ. ਦੇ ਮਾੜੇ ਰਵੱਈਏ ਕਾਰਨ ਦੋਵਾਂ ਵਿਚਕਾਰ ਤਕਰਾਰ ਹੋ ਗਿਆ, ਪ੍ਰੰਤੂ ਐੱਸ.ਐੱਮ.ਓ. ਵਿਧਾਇਕਾ ਦੇ ਪਤੀ ਪ੍ਰੋਫੈਸਰ ਸੁਖਵਿੰਦਰ ਸਿੰਘ ਉਪਰ ਇਲਜ਼ਾਮ ਲਗਾਉਣ ਲੱਗ ਗਿਆ, ਜੋ ਕਿ ਸਰਾਸਰ ਝੂਠੇ ਤੇ ਬੇ-ਬੁਨਿਆਦ ਹਨ।ਇਸ ਮੌਕੇ ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਆਖਿਆ ਕਿ ਇੱਕ ਪਾਸੇ ਤਾਂ ਐੱਸ.ਐੱਮ.ਓ. ਇਹ ਕਹਿ ਰਿਹਾ ਹੈ ਕਿ ਪ੍ਰੋਫੈਸਰ ਵੱਲੋਂ ਫੋਨ ਕੀਤਾ ਗਿਆ, ਪ੍ਰੰਤੂ ਦੂਜੇ ਪਾਸੇ ਕਹਿ ਰਿਹਾ ਹੈ ਕਿ ਉਸ ਵੱਲੋਂ ਪ੍ਰੋ. ਸੁਖਵਿੰਦਰ ਸਿੰਘ ਦਾ ਫੋਨ ਲੱਗਭੱਗ ਤਿੰਨ ਮਹੀਨੇ ਤੋਂ ਬਲੌਕ ਕੀਤਾ ਹੋਇਆ ਹੈ।ਪ੍ਰੋ. ਸੁਖਵਿੰਦਰ ਸਿੰਘ ਨੇ ਵੀ ਇਸ ਮੌਕੇ ਮੰਗ ਕੀਤੀ ਕਿ ਮਾਮਲੇ ਦੀ ਪੂਰੀ ਬਰੀਕੀ ਨਾਲ ਪੜਤਾਲ ਕੀਤੀ ਜਾਵੇ ਤੇ ਝੂਠੇ ਦੋਸ਼ ਲਗਾ ਕੇ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਵਾਲੇ ਐੱਸ.ਐੱਮ.ਓ. ਡਾ. ਹਰਜੀਤ ਸਿੰਘ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਅਮਰ ਸਿੰਘ ਅੱਚਰਵਾਲ, ਗ਼ਦਰੀ ਤੇ ਕੂਕਾ ਲਹਿਰ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ



**ਹਠੂਰ (ਨਛੱਤਰ ਸੰਧੂ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 12 ਸਤੰਬਰ ਨੂੰ 33 ਵਰ੍ਹੇ ਪਹਿਲਾਂ ਖਾਲਿਸਤਾਨੀ ਦਹਿਸ਼ਤਗਰਦਾਂ ਵੱਲੋਂ ਬੱਸੀਆਂ ਝੋਰੜਾਂ ਸੜਕ 'ਤੇ ਸ਼ਹੀਦ ਕਰ ਦਿੱਤੇ ਗਏ ਨਕਸਲਵਾੜੀ ਲਹਿਰ ਦੇ ਆਗੂ ਕਾਮਰੇਡ ਅਮਰ ਸਿੰਘ ਅੱਚਰਵਾਲ (ਸਾਬਕਾ ਸਰਪੰਚ), ਪਿੰਡ ਦੇ ਗਦਰ ਲਹਿਰ ਦੇ ਸ਼ਹੀਦ ਪੰਡਿਤ ਗੋਧੀ ਰਾਮ, ਸ਼ਹੀਦ ਕੇਹਰ ਸਿੰਘ, ਸ਼ਹੀਦ ਦਾਨ ਸਿੰਘ, ਸ਼ਹੀਦ ਮੱਲਾ ਸਿੰਘ, ਸ਼ਹੀਦ ਅਮਰ ਸਿੰਘ, ਸ਼ਹੀਦ ਹਜ਼ਾਰਾ ਸਿੰਘ ਤੇ ਕੂਕਾ ਲਹਿਰ ਦੇ ਸ਼ਹੀਦਾਂ ਬਾਬਾ ਰਾਮ ਸਿੰਘ, ਸ਼ਹੀਦ ਬਾਬਾ ਮਹਿਤਾਬ ਸਿੰਘ ਦੀ ਯਾਦ 'ਚ ਵਿਸ਼ਾਲ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ।

ਸ਼ਰਧਾਂਜਲੀ ਸਮਾਗਮ 'ਚ ਸਭ ਤੋਂ ਪਹਿਲਾਂ ਸ਼ਹੀਦੀ ਯਾਦਗਾਰ ਤੇ ਲਾਲ ਝੰਡਾ ਲਹਿਰਾਉਣ ਦੀ ਰਸਮ ਨਿਭਾਈ ਗਈ।ਇਹ ਸਮਾਗਮ ਕਮੇਟੀ ਵੱਲੋਂ ਗ਼ਦਰੀ ਵੀਰਾਂਗਣਾਂ ਬੀਬੀ ਗੁਲਾਬ ਕੌਰ ਦੀ ਯਾਦ ਨੂੰ ਵੀ ਸਮਰਪਤ ਕੀਤਾ ਗਿਆ।ਇਸ ਸਮੇਂ ਵਿਸ਼ੇਸ ਤੌਰ 'ਤੇ ਪੁੱਜੀ ਲੋਕ ਕਲਾ ਮੰਚ ਮਾਨਸਾ ਦੀ ਨਾਟਕ ਟੀਮ ਨੇ ਬੀਬੀ ਗੁਲਾਬ ਕੌਰ ਦੀ ਵਿਛੋੜਾ ਸ਼ਤਾਬਦੀ (1925-2025) ਤੇ ਉਨ੍ਹਾਂ ਦੇ ਜੀਵਨ ਸੰਗਰਾਮ ਨੂੰ ਦਰਸਾਉਦਾ ਨਾਟਕ 'ਚਰਖਾ ਘੂਕਦਾ ਰੱਖੀਂ ਜਿੰਦੇ' ਪੇਸ਼ ਕਰਕੇ ਵੱਡੀ ਗਿਣਤੀ 'ਚ ਪੁੱਜੇ ਮਰਦ ਔਰਤ ਦਰਸ਼ਕਾਂ ਨੂੰ ਅਪਣੇ ਸ਼ਾਨਾਮੱਤੇ ਇਤਿਹਾਸ ਨਾਲ ਜੋੜਿਆ।ਇਸ ਸਮੇ ਵੱਖ ਵੱਖ ਪਾਰਟੀਆਂ/ਜਥੇਬੰਦੀਆਂ ਦੇ ਸੂਬਾ ਪੱਧਰੀ ਆਗੂਆਂ ਨੇ ਕਿਹਾ ਕਿ ਪੰਜਾਬ 'ਚ ਆਏ ਮਾਰੂ ਹੜ੍ਹ ਕੁਦਰਤ ਨਾਲੋਂ ਵੱਧ ਹਕੂਮਤਾਂ ਦੇ ਦੁਰਪ੍ਰਬੰਧ ਦੀ ਦੇਣ ਹਨ। ਸਮਾਗਮ 'ਚ ਕਾ ਮੰਗਤ ਰਾਮ ਪਾਸਲਾ, ਕੰਵਲਜੀਤ ਖੰਨਾ, ਨਿਰਭੈ ਸਿੰਘ ਢੁੱਡੀਕੇ, ਸੁਖਦਰਸ਼ਨ ਨੱਤ, ਜਸਦੇਵ ਸਿੰਘ ਲਲਤੋਂ, ਨਰਾਇਣ ਦੱਤ, ਰੁਲਦੂ ਸਿੰਘ ਮਾਨਸਾ ਆਦਿ ਸੰਬੋਧਨ ਕਾਰੀਆਂ 'ਚ ਸ਼ਾਮਲ ਸਨ।

# ਕਿਤੇ ਵੀ ਪਾਣੀ ਜਮ੍ਹਾਂ ਨਾ ਹੋਣ ਦਿਓ : ਈ ਓ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਨਗਰ ਕੌਂਸਲ ਸਮਾਣਾ ਦੇ ਕਾਰਜ ਸਾਧਕ ਅਫਸਰ ਅਪਰਅਪਾਰ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਦੀ ਟੀਮ ਵੱਲੋਂ ਲਗਾਤਾਰ ਸ਼ਹਿਰ ਵਿੱਚ ਡੇਂਗੂ ਦੇ ਲਾਰਵੇ ਸਬੰਧੀ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਮੁਹੱਲਿਆਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਇਸ ਸਬੰਧੀ ਮੀਡੀਆ ਨਾਲ ਗੱਲਬਾਤ ਕਰਦਿਆਂ ਕਾਰਜ ਸਾਧਕ ਅਫਸਰ ਅਪਰਅਪਾਰ ਸਿੰਘ ਨੇ ਦੱਸਿਆ ਕਿ ਅੱਜਕੱਲ੍ਹ ਦੇ ਮੌਸਮ ਵਿੱਚ ਡੇਂਗੂ ਤੇ ਕਈ ਹੋਰ ਬਿਮਾਰੀਆਂ ਆਪਣਾ ਪੈਰ ਪਸਾਰ ਲੈਂਦੀਆਂ ਹਨ, ਪਰ ਜੇਕਰ ਲੋਕ ਸਾਫ ਸਫਾਈ ਦਾ ਧਿਆਨ ਰੱਖਣ ਤਾਂ ਇਨ੍ਹਾਂ ਆਉਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ, ਦੁਕਾਨਾਂ ਤੇ ਦਫ਼ਤਰਾਂ ਆਦਿ ਕਿਸੇ ਵੀ ਥਾਂ 'ਤੇ ਪਾਣੀ ਨਾ ਜਮ੍ਹਾਂ ਹੋਣ ਦਿੱਤਾ ਜਾਵੇ ਤਾਂ ਜੋ ਡੇਂਗੂ ਆਦਿ ਦੀ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਜੇਕਰ ਕਿਤੇ ਵੀ ਪਾਣੀ ਵਿੱਚ ਗੰਦਗੀ ਲਗਦੀ ਹੈ ਤਾਂ ਦਫਤਰ ਨਗਰ ਕੌਂਸਲ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਪਾਣੀ ਨੂੰ ਉਬਾਲ ਕੇ ਪੀਤਾ ਜਾਵੇ ਤਾਂ ਜੋ ਗੰਦਗੀ ਕਾਰਨ ਫੈਲਣ ਵਾਲੀ ਬਿਮਾਰੀ ਤੋਂ ਵੀ ਬਚਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਵੱਲੋਂ ਸਕੂਲਾਂ, ਸਰਕਾਰੀ ਦਫਤਰਾਂ, ਮੇਨ ਬਾਜ਼ਾਰਾਂ ਤੇ ਸਾਰੇ ਵਾਰਡਾਂ ਵਿੱਚ ਫੌਗਿੰਗ ਵੀ ਕਰਵਾਈ ਜਾ ਰਹੀ ਹੈ।

# ਸ਼ਹਿਰ ਦੀਆਂ ਸੜਕਾਂ ਦਾ ਕੰਮ ਹੁਣ ਜੰਗੀ ਪੱਧਰ 'ਤੇ ਕੀਤਾ ਜਾਵੇਗਾ : ਵਿਧਾਇਕ ਕੋਹਲੀ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਰੀਬ 6 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਪਟਿਆਲਾ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ ਦੇ ਕੰਮ ਦੀ ਸ਼ੁਰੂਆਤ ਪੁਰਾਣੇ ਬੱਸ ਅੱਡੇ ਨੇੜੇ ਰਾਜਪੁਰਾ ਕਲੋਨੀ ਤੋਂ ਕਰਵਾਈ।ਇਸ ਮੌਕੇ ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਵਿਖੇ 24 ਘੰਟੇ ਸੱਤੇ ਦਿਨ ਪੀਣ ਵਾਲੇ ਨਹਿਰੀ ਪਾਣੀ ਦੀ ਸਪਲਾਈ ਲਈ ਪਾਈਪਾਂ ਪਾਉਣ ਲਈ ਐੱਲ ਐਂਡ ਟੀ ਵੱਲੋਂ ਪੁੱਟੀਆਂ ਗਈਆਂ ਸੜਕਾਂ ਦੀ ਉਸਾਰੀ ਦਾ ਕੰਮ ਹੁਣ ਬਰਸਾਤਾਂ ਤੋਂ ਬਾਅਦ ਜੰਗੀ ਪੱਧਰ 'ਤੇ ਸ਼ੁਰੂ ਕੀਤਾ ਜਾ ਰਿਹਾ ਹੈ, ਜੋ ਬਹੁਤ ਜਲਦੀ ਮੁਕੰਮਲ ਕਰ ਲਿਆ ਜਾਵੇਗਾ।ਵਿਧਾਇਕ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਟਿਆਲਾ ਦੇ ਸਰਬਪੱਖੀ ਵਿਕਾਸ ਵੱਲ ਖਾਸ ਧਿਆਨ ਦਿੱਤਾ ਜਾ ਰਿਹਾ ਹੈ ਤੇ ਉਨ੍ਹਾਂ ਵੱਲੋਂ ਵਿਕਾਸ ਕਾਰਜਾਂ ਸਬੰਧੀ ਨਿੱਜੀ ਤੌਰ 'ਤੇ ਰਿਪੋਰਟ ਵੀ ਲਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਅੱਜ 6 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਰਜਿੰਦਰਾ ਹਸਪਤਾਲ ਤੋਂ ਵੱਡੀ ਨਦੀ ਦੇ ਪੁੱਲ ਤੱਕ ਬਣਨ ਵਾਲੀ ਸੜਕ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਵੱਡਾ ਲਾਭ ਹੋਵੇਗਾ।ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਬਣਨ ਵਾਲੀਆਂ ਸੜਕਾਂ ਦੀ ਗੁਣਵੱਤਾ ਦਾ ਧਿਆਨ ਰੱਖਣ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਵੀ ਦਿੱਤੇ ਗਏ ਹਨ।ਇਸ ਮੌਕੇ ਐੱਸ.ਡੀ.ਐੱਮ. ਪਟਿਆਲਾ ਹਰਜੋਤ ਕੌਰ, ਐਕਸੀਅਨ ਵਿਨੀਤ ਸਿੰਗਲਾ, ਵਾਰਡ 48 ਦੇ ਕੌਂਸਲਰ ਰਾਜੇਸ਼ ਕੁਮਾਰ (ਰਾਜੂ), ਵਾਰਡ 49 ਦੇ ਕੌਂਸਲਰ ਸੰਜੀਵ ਕੁਮਾਰ ਤੇ ਸ਼ਹਿਰ ਵਾਸੀ ਮੌਜੂਦ ਸਨ।

# ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਜ਼ਿਲ੍ਹਾ ਪੱਧਰੀ ਸਿੱਖਿਆ ਮੀਟਿੰਗ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਜ਼ਿਲ੍ਹਾ ਸਿੱਖਿਆ ਦਫ਼ਤਰ ਵੱਲੋਂ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਇੱਕ ਜ਼ਿਲ੍ਹਾ ਪੱਧਰੀ ਸਿੱਖਿਆ ਮੀਟਿੰਗ ਸ਼੍ਰੀ ਸੰਜੀਵ ਸ਼ਰਮਾ (ਜ਼ਿਲ੍ਹਾ ਸਿੱਖਿਆ ਅਫ਼ਸਰ) ਤੇ ਡਾ. ਰਵਿੰਦਰ ਪਾਲ ਸਿੰਘ (ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ) ਦੀ ਨਿਗਰਾਨੀ ਹੇਠ ਕੀਤੀ ਗਈ।ਇਸ ਮੀਟਿੰਗ ਵਿੱਚ ਸਮਾਣਾ ਦੇ ਸਕੂਲ ਬਲਾਕ 1, 2 ਤੇ 3 ਦੇ 100 ਤੋਂ ਵੱਧ ਪ੍ਰਿੰਸੀਪਲਾਂ ਦੀ ਸਰਗਰਮ ਭਾਗੀਦਾਰੀ ਸੀ।ਇਸ ਮੀਟਿੰਗ ਵਿੱਚ ਕਈ ਅਹਿਮ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।ਅੰਤ ਵਿੱਚ ਐੱਸ ਆਰ ਐੱਸ ਵਿੱਦਿਆਪੀਠ, ਸਮਾਣਾ ਦੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ, ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਤੇ ਸਾਰੇ ਭਾਗੀਦਾਰਾਂ ਦਾ ਇਸ ਮੀਟਿੰਗ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ।

# ਕੁਦਰਤੀ ਆਫ਼ਤ ਨਾਲ ਨੁਕਸਾਨੇ ਉਦਯੋਗਾਂ ਦੀ ਸਾਰ ਲਵੇ ਸਰਕਾਰ : ਰਾਜੇਸ਼ ਸਿੰਗਲਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ ਬਲਾਕ ਧੂਰੀ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸਿੰਗਲਾ ਸ਼ੈਟੀ ਨੇ ਸਰਕਾਰ ਨੂੰ ਅਪੀਲ ਕਰਦੇ ਹੋਏ ਕਿਹਾ ਹੈ ਕਿ ਹਾਲ ਹੀ ਦੌਰਾਨ ਪਈ ਤੇਜ਼ ਬਾਰਿਸ਼ ਤੇ ਚੱਲੀਆਂ ਝੱਖੜ ਹਵਾਵਾਂ ਨਾਲ ਕਈ ਉਦਯੋਗਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ, ਜਿਸ ਦੀ ਤੁਰੰਤ ਭਰਪਾਈ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਉਦਯੋਗਾਂ ਦੀ ਹਾਲਤ ਦਾ ਜਾਇਜ਼ਾ ਲਿਆ ਜਾਵੇ ਤੇ ਨੁਕਸਾਨ ਦੀ ਸਹੀ ਸਾਰ-ਸੰਭਾਲ ਕਰਕੇ ਉਦਯੋਗਪਤੀਆਂ ਨੂੰ ਵਾਜਬ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਕਾਰੋਬਾਰ ਨੂੰ ਮੁੜ ਪੱਟੜੀ 'ਤੇ ਲਿਆ ਸਕਣ।ਰਾਜੇਸ਼ ਸਿੰਗਲਾ ਨੇ ਦੱਸਿਆ ਕਿ ਮਈ 2025 ਵਿੱਚ ਵੀ ਤੇਜ਼ ਹਨੇਰੀਆਂ ਤੇ ਬਾਰਿਸ਼ ਕਾਰਨ ਇਲਾਕੇ ਦੇ ਉਦਯੋਗਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਸੀ, ਪਰ ਉਸ ਸਮੇਂ ਸਰਕਾਰ ਵੱਲੋਂ ਕਿਸੇ ਵੀ ਉਦਯੋਗਪਤੀ ਨੂੰ ਇੱਕ ਰੁਪਇਆ ਤੱਕ ਨਹੀਂ ਦਿੱਤਾ ਗਿਆ।ਇਸ ਕਾਰਨ ਉਦਯੋਗਿਕ ਯੂਨਿਟਾਂ 'ਤੇ ਕਰਜ਼ੇ ਦਾ ਬੋਝ ਵਧਦਾ ਜਾ ਰਿਹਾ ਹੈ ਤੇ ਕਈ ਯੂਨਿਟ ਬੰਦ ਹੋਣ ਦੇ ਕਗਾਰ 'ਤੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਉਦਯੋਗ ਪਹਿਲਾਂ ਹੀ ਆਰਥਿਕ ਮੰਦਹਾਲੀ ਨਾਲ ਜੂਝ ਰਹੇ ਹਨ।ਕੱਚੇ ਮਾਲ ਦੀ ਵਧ ਰਹੀ ਕੀਮਤ, ਬਿਜਲੀ ਦੇ ਮਹਿੰਗੇ ਰੇਟ, ਟੈਕਸਾਂ ਦਾ ਬੋਝ ਤੇ ਹੁਣ ਕੁਦਰਤੀ ਆਫ਼ਤਾਂ ਕਾਰਨ ਨੁਕਸਾਨ, ਇਹ ਸਾਰੇ ਕਾਰਨ ਉਦਯੋਗਪਤੀਆਂ ਲਈ ਵੱਡੀ ਚੁਣੌਤੀ ਬਣ ਚੁੱਕੇ ਹਨ।ਜੇਕਰ ਸਰਕਾਰ ਨੇ ਜਲਦੀ ਹੀ ਕੋਈ ਢੁਕਵੀਂ ਕਾਰਵਾਈ ਨਾ ਕੀਤੀ ਤਾਂ ਬੇਰੁਜ਼ਗਾਰੀ ਵਿੱਚ ਵਾਧਾ ਹੋਵੇਗਾ ਤੇ ਮਜ਼ਦੂਰ ਵਰਗ ਵੀ ਬੁਰੇ ਹਲਾਤਾਂ ਦਾ ਸ਼ਿਕਾਰ ਹੋਵੇਗਾ।ਸਿੰਗਲਾ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਵਿਸ਼ੇਸ਼ ਟੀਮਾਂ ਬਣਾ ਕੇ ਪ੍ਰਭਾਵਿਤ ਉਦਯੋਗਾਂ ਦੀ ਰਿਪੋਰਟ ਤਿਆਰ ਕਰੇ ਤੇ ਨੁਕਸਾਨੇ ਯੂਨਿਟਾਂ ਨੂੰ ਆਰਥਿਕ ਮਦਦ ਦੇਵੇ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਕੇ ਮਨਾਇਆ ਜਾਵੇਗਾ : ਸ਼ੇਰ ਸਿੰਘ ਖੰਨਾ



**ਲੌਂਗੋਵਾਲ (ਪ੍ਰਦੀਪ ਸੱਪਲ)**-ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਇੰਪਲਾਈਜ਼ ਕੰਟਰੈਕਟ ਵਰਕਰਜ਼ ਤੇ ਲੇਬਰ ਯੂਨੀਅਨ ਰਜਿ. 23 (ਏਟਕ) ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਤੇ ਜਨਰਲ ਸਕੱਤਰ ਗਗਨਦੀਪ ਸਿੰਘ ਸੁਨਾਮ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਦਾ ਜਨਮ ਦਿਨ 28 ਸਤੰਬਰ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਸੰਗਰੂਰ ਵਿਖੇ ਰਿਹਾਇਸ਼ ਦਾ ਘਿਰਾਓ ਕਰਕੇ ਮਨਾਇਆ ਜਾਵੇਗਾ।ਇਸ ਮੌਕੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਕਾਮੇ ਵੱਖ-ਵੱਖ ਸਟੇਸ਼ਨਾਂ ਤੋਂ ਪੰਜਾਬ ਭਰ ਵਿੱਚੋਂ ਵੱਡੀ ਗਿਣਤੀ ਸ਼ਮੂਲੀਅਤ ਕਰਨਗੇ ਅਤੇ 28 ਸਤੰਬਰ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਜਨਮ ਦਿਨ ਤੇ ਪੰਜਾਬ ਸਰਕਾਰ ਕੋਲੋਂ ਮੰਗ ਕਰਨਗੇ ਕਿ ਵੱਖ-ਵੱਖ ਵਿਭਾਗਾਂ ਵਿੱਚ ਠੇਕਾ ਅਧਾਰਤ ਆਊਟਸੋਰਸ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ ਵਿੱਚ ਮਰਜ਼ ਕਰਕੇ ਪੱਕਾ ਕੀਤਾ ਜਾਵੇ ਅਤੇ 15ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਅਨੁਸਾਰ ਘੱਟੋ-ਘੱਟ ਉਜ਼ਰਤ 34244 ਰੁਪਏ ਸਮੂਹ ਵਿਭਾਗ 'ਚ ਫੀਲਡ ਤੇ ਦਫਤਰਾਂ ਵਿੱਚ ਕੰਮ ਕਰਦੇ ਆਊਟਸੋਰਸ ਵਰਕਰਾਂ 'ਤੇ ਲਾਗੂ ਕੀਤੀਆਂ ਜਾਣ।ਵਰਕਰਾਂ ਨੂੰ ਈ.ਪੀ.ਐੱਫ., ਈ.ਐੱਸ.ਆਈ. ਸਹੂਲਤਾਂ ਦਿੱਤੀਆਂ ਜਾਣ।ਕਿਰਤ ਕਾਨੂੰਨ ਅਨੁਸਾਰ ਬੋਨਸ ਦਾ ਭੁਗਤਾਨ ਕੀਤਾ ਜਾਵੇ, ਰਹਿੰਦੇ ਆਊਟਸੋਰਸ ਵਰਕਰਾਂ ਨੂੰ ਕਿਰਤ ਕਾਨੂੰਨਾਂ ਅਨੁਸਾਰ 8.33 ਤੋਂ ਲੈ ਕੇ 20 ਪ੍ਰਤੀਸ਼ਤ ਬੋਨਸ ਤਨਖਾਹ ਦੇ ਨਾਲ ਦਿੱਤਾ ਜਾਵੇ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਹਿੰਦੀ ਦਿਵਸ ਮਨਾਇਆ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਵਿਖੇ ਨਹਿਰੂ ਯੁਵਾ ਕੇਂਦਰ ਵੱਲੋਂ ਹਿੰਦੀ ਦਿਵਸ ਮਨਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਦਿਵਸ ਨਾਲ ਸੰਬੰਧਤ ਵਿਦਿਆਰਥੀਆਂ ਦੇ ਕਵਿਤਾ, ਨਾਅਰੇ, ਭਾਸ਼ਣ, ਪੇਂਟਿੰਗ ਆਦਿ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਬਹੁਤ ਵਧੀਆ ਤਰੀਕੇ ਨਾਲ ਸਾਰੀਆਂ ਪੇਸ਼ਕਾਰੀਆਂ ਕੀਤੀਆਂ।ਉਪਰੰਤ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਗਏ ਤੇ ਨਹਿਰੂ ਯੁਵਾ ਕੇਂਦਰ ਵੱਲੋਂ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।ਇਸ ਮੌਕੇ ਸਕੂਲ ਪ੍ਰਧਾਨ ਸ੍ਰ. ਪਰਦਮਨ ਸਿੰਘ ਵਿਰਕ, ਜਨਰਲ ਸਕੱਤਰ ਡਾ. ਹਰਭਜਨ ਸਿੰਘ, ਸੀਨੀਅਰ ਵਾਈਸ-ਪ੍ਰਧਾਨ ਸ੍ਰ. ਗੁਲਜਾਰ ਸਿੰਘ, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਸ੍ਰ. ਜਸਵੰਤ ਸਿੰਘ, ਸ੍ਰ. ਗੁਰਦੇਵ ਸਿੰਘ, ਸ੍ਰ. ਬਲਵਿੰਦਰ ਸਿੰਘ, ਸ੍ਰ. ਕੁਲਦੀਪ ਸਿੰਘ, ਬਾਬਾ ਸਾਹਿਬ ਸਿੰਘ, ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੁਨੀਤਾ ਰਾਣੀ, ਬਲਬੀਰ ਸਿੰਘ ਧਾਰੀਵਾਲ ਤੇ ਸਮੂਹ ਸਟਾਫ਼ ਵੱਲੋਂ ਹਿੰਦੀ ਦਿਵਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ।

# ਸ਼੍ਰੋਮਣੀ ਕਮੇਟੀ ਮੁਲਾਜ਼ਮ ਹੀ ਕਰਨ ਲੱਗੇ ਲੰਗਰ ਦਾ ਸਾਮਾਨ ਚੋਰੀ, ਤਿੰਨ ਦੇ ਨਾਂਅ ਜਨਤਕ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਸਦਕੇ ਜਾਈਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਦੇ, ਜੋ ਤਖਤ ਸ੍ਰੀ ਦਮਦਮਾ ਸਾਹਿਬ ਦੇ ਲੰਗਰ ਵਾਲੇ ਸਾਮਾਨ ਵਿੱਚੋਂ ਹੀ ਚੋਰੀ ਕਰਨ ਲੱਗ ਪਏ।ਤਖਤ ਸ੍ਰੀ ਦਮਦਮਾ ਸਾਹਿਬ ਦੇ ਲੰਗਰ ਹਾਲ ਵਿੱਚੋਂ ਘਿਉ ਦੇ ਟੀਨ, ਖੰਡ, ਮਿਰਚ-ਮਸਾਲੇ, ਦਾਲਾਂ ਤੇ ਹੋਰ ਸਾਮਾਨ ਪਾਸੇ (ਚੋਰੀ) ਕਰਨ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਪੜਤਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਸਪੈਕਟਰ ਜਸਵੀਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ ਅਤੇ ਪਿਛਲੇ ਦਿਨੀਂ ਜਾਂਚ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਪਹੁੰਚ ਕੇ ਵੀ ਕੀਤੀ ਗਈ ਅਤੇ ਮੌਕੇ 'ਤੇ ਹੋਰ ਮੌਜੂਦ ਮੁਲਾਜ਼ਮਾਂ ਦੇ ਬਿਆਨ ਵੀ ਲਏ ਗਏ ਹਨ। ਇਸ ਵਿੱਚ ਤਿੰਨ ਮੁਲਾਜ਼ਮਾਂ ਦੇ ਨਾਮ ਤਾਂ ਸਿੱਧੇ ਤੌਰ 'ਤੇ ਜਨਤਕ ਹੋਏ ਹਨ, ਜਦੋਂ ਕਿ ਕਈ ਹੋਰ ਵਿਅਕਤੀ ਵੀ ਇਸ ਮਾਮਲੇ ਵਿੱਚ ਸ਼ਾਮਲ ਦੱਸੇ ਜਾ ਰਹੇ ਹਨ।ਤਖਤ ਸ੍ਰੀ ਦਮਦਮਾ ਸਾਹਿਬ ਦੇ ਐਡੀਸ਼ਨਲ ਮੈਨੇਜਰ ਗੁਰਦੇਵ ਸਿੰਘ ਨੇ ਪੂਰੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲੰਗਰ ਦੇ ਸਾਮਾਨ ਵਿੱਚੋਂ ਕੁਝ ਸਮਾਨ ਪਾਸੇ ਕਰਨ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ, ਜਿਸ ਦੀ ਉਨ੍ਹਾਂ ਵੱਲੋਂ ਖੁਦ ਜਾਂਚ ਕੀਤੀ ਗਈ ਤਾਂ ਇਸ ਵਿੱਚ ਲੰਗਰ ਸਾਮਾਨ ਦੇ ਸਹਾਇਕ ਇੰਚਾਰਜ ਜਗਦੀਸ਼ ਸਿੰਘ ਜੰਗੀ, ਮਨਮੋਹਨ ਸਿੰਘ ਤੇ ਗੁਰਜੰਟ ਸਿੰਘ ਵੱਲੋਂ ਲੰਗਰ ਹਾਲ ਦੇ ਸਾਮਾਨ ਵਿੱਚੋਂ ਕੁਝ ਸਾਮਾਨ ਪਾਸੇ ਰੱਖਿਆ ਗਿਆ ਸੀ।ਉਨ੍ਹਾਂ ਕਿਹਾ ਕਿ ਇਸ ਸਾਰੀ ਘਟਨਾ ਵਿੱਚ ਕਈ ਵਿਅਕਤੀ ਹੋਰ ਵੀ ਸ਼ਾਮਲ ਹੋ ਸਕਦੇ ਹਨ।

**■ ਮਾਮਲੇ ਦੀ ਜਾਂਚ ਚੱਲ ਰਹੀ ਹੈ : ਮੈਨੇਜਰ**

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਰਿਪੋਰਟ ਉਨ੍ਹਾਂ ਉੱਚ ਅਧਿਕਾਰੀਆਂ ਨੂੰ ਦਿੱਤੀ ਤਾਂ ਇੰਸਪੈਕਟਰ ਜਸਵੀਰ ਸਿੰਘ ਵੱਲੋਂ ਮਾਮਲੇ ਦੀ ਜਾਂਚ ਕੀਤੀ ਗਈ ਹੈ ਅਤੇ ਇਨ੍ਹਾਂ ਵਿਅਕਤੀਆਂ ਨੂੰ ਜ਼ਿੰਮੇਵਾਰ ਵੀ ਠਹਿਰਾਇਆ ਗਿਆ ਹੈ।ਹੁਣ ਦੇਖਣਾ ਹੋਵੇਗਾ ਕਿ ਇਨ੍ਹਾਂ ਵਿਅਕਤੀਆਂ ਖਿਲਾਫ ਸ਼੍ਰੋਮਣੀ ਕਮੇਟੀ ਕੀ ਕਾਰਵਾਈ ਕਰਦੀ ਹੈ? ਹੈਰਾਨਗੀ ਇਸ ਗੱਲ ਦੀ ਹੈ ਕਿ ਜੇਕਰ ਗੁਰੂ ਕੇ ਲੰਗਰ ਦੇ ਸਾਮਾਨ ਵਿੱਚੋਂ ਹੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਚੋਰੀ ਕਰਨ ਲੱਗ ਜਾਣਗੇ ਤਾਂ ਫਿਰ ਹੋਰ ਕੀ ਨਹੀਂ ਹੋ ਸਕਦਾ? ਜ਼ਿਕਰਯੋਗ ਹੈ ਕਿ ਤਖਤ ਸ੍ਰੀ ਦਮਦਮਾ ਸਾਹਿਬ ਦੇ ਲੰਗਰ ਵਾਲੇ ਸਾਮਾਨ ਵਿੱਚੋਂ ਪਹਿਲਾਂ ਵੀ ਸਾਮਾਨ ਚੋਰੀ ਹੋਣ ਦੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ ਅਤੇ ਕਈ ਮੁਲਾਜ਼ਮ ਦਾਰੂ ਪੀਣ ਤੇ ਹੋਰ ਗਲਤ ਕੰਮਾਂ ਵਿੱਚ ਵੀ ਸ਼ਮੂਲੀਅਤ ਕਰਕੇ ਸੁਰਖੀਆਂ ਵਿੱਚ ਆ ਚੁੱਕੇ ਹਨ?

ਇਸ ਮਾਮਲੇ ਸਬੰਧੀ ਜਦੋਂ ਸ਼੍ਰੋਮਣੀ ਕਮੇਟੀ ਮੁਲਾਜ਼ਮ ਮੋਹਣ ਸਿੰਘ ਬੰਗੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕਈ ਵਿਅਕਤੀਆਂ ਵੱਲੋਂ ਸਾਮਾਨ ਪਾਸੇ ਕਰਨ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ, ਜਿਸ ਦੀ ਜਾਂਚ ਸ਼੍ਰੋਮਣੀ ਕਮੇਟੀ ਦੇ ਇੰਸਪੈਕਟਰ ਜਸਬੀਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਕੋਝੀਆਂ ਹਰਕਤਾਂ ਕਰਨ ਵਾਲੇ ਮੁਲਾਜ਼ਮਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

# 515 ਗ੍ਰਾਮ ਹੈਰੋਇਨ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਬੀਐੱਸਐੱਫ ਦੇ ਜਵਾਨਾਂ ਨੇ ਬੀਓਪੀ ਸ਼ਾਮੇ ਕੇ ਕੋਲੋਂ 515 ਗ੍ਰਾਮ ਹੈਰੋਇਨ 83 ਗ੍ਰਾਮ ਪੈਕਿੰਗ ਮਟੀਰੀਅਲ ਨਾਲ ਬਰਾਮਦ ਕੀਤੀ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਫਿਰੋਜ਼ਪੁਰ ਪੁਲਸ ਦੇ ਐੱਸਆਈ ਮੇਜਰ ਸਿੰਘ ਨੇ ਦੱਸਿਆ ਕਿ ਇਕ ਪੱਤਰ ਨੰਬਰ ਈ/ਓਪੀਐੱਸ/ਐੱਫਆਈਆਰ/99 ਬਟਾਲੀਅਨ/2025 ਮਿਤੀ 12 ਸਤੰਬਰ 2025 ਰਣਜੀਤ ਕੁਮਾਰ ਦਾਸ ਕੰਪਨੀ ਕਮਾਂਡਰ 99 ਬਟਾਲੀਅਨ ਬੀਐੱਸਐੱਫ ਬੀਓਪੀ ਸ਼ਾਮੇ ਕੇ ਵੱਲੋਂ ਕਾਨੂੰਨੀ ਕਾਰਵਾਈ ਕਰਨ ਲਈ ਥਾਣਾ ਮੌਸੂਲ ਹੋਇਆ। ਉਨ੍ਹਾਂ ਦੱਸਿਆ ਕਿ 12 ਸਤੰਬਰ 2025 ਨੂੰ ਜੀ+2 ਟਾਵਰ ਨੇੜੇ ਬੀਓਪੀ ਸ਼ਾਮੇ ਕੇ ਸਤਲੁਜ ਦੇ ਕਿਨਾਰੇ ਸ਼ੱਕੀ ਵਸਤੂ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਦ ਉਸ ਸ਼ੱਕੀ ਵਸਤੂ ਨੂੰ ਕੋਲ ਕੇ ਚੈੱਕ ਕੀਤਾ ਤਾਂ ਉਸ ਵਿਚ 515 ਗ੍ਰਾਮ ਹੈਰੋਇਨ ਸਮੇਤ 83 ਗ੍ਰਾਮ ਪੈਕਿੰਗ ਮਟੀਰੀਅਲ ਬਰਾਮਦ ਕੀਤਾ। ਜਾਂਚਕਰਤਾ ਐੱਸਆਈ ਮੇਜਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਬਾਦਲ ਦੇ ਐਲਾਨਾਂ ਨੂੰ ਪੂਰਾ ਕਰਨ ਲਈ ਹੋ ਰਹੀ ਐੱਸ ਜੀ ਪੀ ਸੀ ਦੇ ਪੈਸੇ ਦੀ ਵਰਤੋਂ : ਢੀਂਡਸਾ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਸਾਬਕਾ ਵਿੱਤ ਮੰਤਰੀ ਤੇ ਅਕਾਲੀ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫੰਡਾਂ ਦੀ ਸੁਖਬੀਰ ਸਿੰਘ ਬਾਦਲ ਦੇ ਐਲਾਨਾਂ ਨੂੰ ਪੂਰਾ ਕਰਨ ਲਈ ਹੋ ਰਹੀ ਵਰਤੋਂ ਦਾ ਗੰਭੀਰ ਨੋਟਿਸ ਲਿਆ ਹੈ ਅਤੇ ਇਸ ਸਬੰਧ ਵਿੱਚ ਐੱਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਸਪੱਸ਼ਟੀਕਰਨ ਮੰਗਿਆ ਹੈ।ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਐੱਸਜੀਪੀਸੀ ਅਧੀਨ ਗੁਰਦੁਆਰਾ [illegible] ਮਿਲੀ ਹੈ, ਜਿਸ ਵਿੱਚ ਸਪੱਸ਼ਟ ਰੂਪ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਐਲਾਨਾਂ ਨੂੰ ਪੂਰਾ ਕਰਨ ਲਈ ਐੱਸਜੀਪੀਸੀ ਦੇ ਫੰਡਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਅਸੀਂ ਐੱਸਜੀਪੀਸੀ ਦੇ ਵਿਰੋਧ ਵਿੱਚ ਨਹੀਂ ਹਾਂ, ਕਿਉਂਕਿ ਇਹ ਸਿੱਖਾਂ ਦੀ ਸੰਸਥਾ ਹੈ ਤੇ ਇਸ ਦੇ ਫੰਡਾਂ ਦੀ ਵਰਤੋਂ ਲੋਕ ਸੇਵਾ ਵਿੱਚ ਲੱਗਣ ਉੱਤੇ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ, [illegible] ਐੱਸਜੀਪੀਸੀ ਪੀੜਤ ਲੋਕਾਂ ਦੀ ਮੱਦਦ ਕਰ ਰਹੀ ਹੈ, ਪ੍ਰੰਤੂ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਐਲਾਨਾਂ ਨੂੰ ਪੂਰਾ ਕਰਨ ਲਈ ਫੰਡਾਂ ਦੀ ਵਰਤੋਂ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ।ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਐੱਸਜੀਪੀਸੀ ਵੱਲੋਂ ਬਾਦਲ ਦੇ ਐਲਾਨਾਂ ਨੂੰ ਪੂਰਾ ਕਰਨ ਲਈ ਜੋ ਵੀ ਪੈਸਾ ਖਰਚ ਕੀਤਾ ਗਿਆ ਹੈ, ਉਸ ਬਾਰੇ ਜਨਤਕ ਕਰ ਕੇ ਇਹ ਦੱਸਿਆ ਜਾਵੇ ਕਿ ਕਿੰਨੇ ਪੈਸੇ ਖਰਚੇ ਹਨ [illegible]।ਉਨ੍ਹਾਂ ਕਿਹਾ ਕਿ ਜੇਕਰ ਹਲਕਾ ਇੰਚਾਰਜ/ਸਿਆਸੀ ਲੀਡਰਾਂ, ਜਿਨ੍ਹਾਂ ਚੋਣ ਲੜਨੀ ਹੈ, ਵੱਲੋਂ ਐੱਸਜੀਪੀਸੀ ਦਾ ਪੈਸਾ ਵੰਡਿਆ ਜਾ ਰਿਹਾ ਹੈ ਤਾਂ ਸਪੱਸ਼ਟ ਹੈ ਕਿ ਇਹ ਪੈਸਾ ਸਿਆਸੀ ਮੁਫਾਦਾਂ ਲਈ ਵਰਤਿਆ ਜਾ ਰਿਹਾ ਹੈ।ਸ੍ਰੀ ਢੀਂਡਸਾ ਨੇ ਐੱਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਮੰਗ ਕੀਤੀ ਹੈ ਕਿ ਉਹ ਇਸ ਬਾਰੇ ਜਨਤਕ ਜਵਾਬ ਦੇਣ।

# ਪ੍ਰਨੀਤ ਕੌਰ ਨੇ ਹਾਂਸੀ-ਬਟਾਣਾ ਨਹਿਰ ਦੇ ਮੁੱਦੇ 'ਤੇ ਰਾਜਪਾਲ ਨੂੰ ਸੌਂਪਿਆ ਮੰਗ ਪੱਤਰ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਸ੍ਰੀਮਤੀ ਪ੍ਰਨੀਤ ਕੌਰ ਨੇ ਸਮਾਣਾ ਸਬ-ਡਵੀਜ਼ਨ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨਾਲ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੂੰ ਇੱਕ ਮੰਗ ਪੱਤਰ ਸੌਂਪਿਆ।ਇਸ ਮੰਗ ਪੱਤਰ ਵਿੱਚ ਹਾਂਸੀ-ਬਟਾਣਾ ਨਹਿਰ ਕਾਰਨ ਘੱਗਰ ਦਰਿਆ ਦੇ ਪਾਣੀ ਦੇ ਰੁਕਾਵਟ ਪੈਦਾ ਹੋਣ ਕਾਰਨ ਪੈਦਾ ਹੋਈ ਗੰਭੀਰ ਸਥਿਤੀ ਬਾਰੇ ਜਾਣੂ ਕਰਵਾਇਆ ਗਿਆ ਹੈ।ਪ੍ਰਨੀਤ ਕੌਰ ਨੇ ਕਿਹਾ ਕਿ ਹਾਂਸੀ-ਬਟਾਣਾ ਨਹਿਰ ਦੇ ਸਾਈਫਨਾਂ ਦੀ ਸਫਾਈ ਨਾ ਹੋਣ ਕਾਰਨ ਘੱਗਰ ਦੇ ਪਾਣੀ ਦੀ ਨਿਕਾਸੀ ਸਮਰੱਥਾ ਘੱਟ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਕਾਰਨ ਪੰਜਾਬ ਦੇ ਨਾਲ-ਨਾਲ ਹਰਿਆਣਾ ਦੇ ਵੀ ਚਾਰ ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਹਨ। ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਤੁਰੰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਉਨ੍ਹਾਂ ਪੰਜਾਬ ਤੇ ਹਰਿਆਣਾ ਦੇ ਸਬੰਧਤ ਵਿਭਾਗਾਂ ਤੇ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਪਹਿਲ ਦੇ ਆਧਾਰ 'ਤੇ ਜਾਂਚ ਕਰਨ ਅਤੇ ਪਾਣੀ ਦੀ ਸੁਚਾਰੂ ਨਿਕਾਸੀ ਲਈ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ।ਇਸ ਦੌਰਾਨ ਪ੍ਰਨੀਤ ਕੌਰ ਦੇ ਨਾਲ ਜ਼ਿਲ੍ਹਾ ਪ੍ਰਧਾਨ (ਪਟਿਆਲਾ ਦੱਖਣੀ) ਹਰਮੇਸ਼ ਗੋਇਲ, ਸਮਾਣਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਸ਼ੁਤਰਾਣਾ ਇੰਚਾਰਜ ਨਰਾਇਣ ਸਿੰਘ ਨਰਸੋਤ, ਸਤਬੀਰ ਸਿੰਘ ਖੱਟੜਾ, ਵੀਰੇਂਦਰ ਬਿੱਟੂ ਤੇ ਸਬੰਧਤ ਪਿੰਡਾਂ ਦੇ ਕਿਸਾਨ ਮੌਜੂਦ ਸਨ।

# ਪਟਿਆਲਾ ਜ਼ਿਲ੍ਹੇ 'ਚ ਹੜ੍ਹਾਂ ਨਾਲ 20 ਹਜ਼ਾਰ ਏਕੜ ਫ਼ਸਲਾਂ ਦਾ ਨੁਕਸਾਨ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਬੀਤੇ ਦਿਨੀਂ ਹੋਈਆਂ ਭਾਰੀ ਬਰਸਾਤਾਂ ਦੌਰਾਨ ਘੱਗਰ ਦਰਿਆ ਟਾਂਗਰੀ, ਮਾਰਕੰਡਾ ਤੇ ਹੋਰ ਨਦੀਆਂ ਨਾਲਿਆਂ ਨਾਲ ਪਟਿਆਲਾ ਜ਼ਿਲ੍ਹੇ ਅੰਦਰ ਲਗਭਗ 20 ਹਜ਼ਾਰ ਏਕੜ ਰਕਬਾ ਪ੍ਰਭਾਵਿਤ ਹੋਇਆ ਹੈ, ਜਿਸ ਦੌਰਾਨ ਫਸਲਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ।ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਕਈ ਇਲਾਕਿਆਂ 'ਚ ਫ਼ਸਲਾਂ ਦਾ 90 ਫ਼ੀਸਦੀ ਤੱਕ ਨੁਕਸਾਨ ਹੋਇਆ ਹੈ।ਖੇਤੀਬਾੜੀ ਵਿਭਾਗ ਅਨੁਸਾਰ ਜ਼ਿਲ੍ਹੇ ਦੇ 69 ਪਿੰਡਾਂ 'ਚ ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ, ਇਸ ਦੌਰਾਨ ਘਨੌਰ, ਭੁੱਨਰਹੇੜੀ ਤੇ ਸਨੌਰ ਬਲਾਕ 'ਚ ਸਭ ਤੋਂ ਵੱਧ ਫ਼ਸਲਾਂ ਪ੍ਰਭਾਵਿਤ ਹੋਈਆਂ ਹਨ। ਜ਼ਿਲ੍ਹੇ ਭਰ 'ਚ 10 ਹਜ਼ਾਰ ਏਕੜ ਤੋਂ ਵੱਧ ਰਕਬੇ 'ਚ ਫ਼ਸਲਾਂ ਲਗਪਗ ਖਰਾਬ ਹੋ ਚੁੱਕੀਆਂ ਹਨ, ਜਦਕਿ 8 ਹਜ਼ਾਰ ਏਕੜ ਦੇ ਲਗਪਗ ਏਰੀਏ 'ਚ 33 ਫੀਸਦੀ ਫਸਲਾਂ ਦਾ ਨੁਕਸਾਨ ਹੋਇਆ ਹੈ।ਕਈ ਇਲਾਕਿਆਂ 'ਚ ਹਾਲੇ ਵੀ ਪਾਣੀ ਖੜ੍ਹਾ ਹੈ, ਜਿਸ ਕਾਰਨ ਨੁਕਸਾਨ ਦਾ ਅੰਕੜਾ ਹੋਰ ਵਧਣ ਦਾ ਅਨੁਮਾਨ ਹੈ।ਇਸ ਸਬੰਧ 'ਚ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਸਰਵੇ ਕਰਨ ਲੱਗੀਆਂ ਹੋਈਆਂ ਹਨ।ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਸ਼ੂਆਂ ਲਈ ਹਰੇ ਤੇ ਸੁੱਕੇ ਚਾਰੇ ਦੀ ਸਮੱਸਿਆ ਵੀ ਕਿਸਾਨਾਂ ਨੂੰ ਸਤਾਉਣ ਲੱਗੀ ਹੈ, ਕਿਉਂਕਿ ਜ਼ਿਲ੍ਹੇ ਭਰ 'ਚ ਚਾਰੇ ਹੇਠ ਰਕਬੇ 'ਚੋਂ 250 ਏਕੜ ਹਰੇ ਚਾਰੇ ਦੀ ਫਸਲ ਖਰਾਬ ਹੋ ਚੁੱਕੀ ਹੈ। ਖੇਤੀਬਾੜੀ ਵਿਭਾਗ ਦੇ 8 ਸਤੰਬਰ ਤੱਕ ਦੇ ਅੰਕੜਿਆਂ ਅਨੁਸਾਰ ਜ਼ਿਲ੍ਹੇ ਭਰ ਝੋਨੇ ਦੀ ਫਸਲ ਦਾ 7565 ਏਕੜ ਰਕਬੇ 'ਚ 33 ਫ਼ੀਸਦੀ ਤੱਕ ਨੁਕਸਾਨ ਹੋਇਆ ਹੈ, ਜਦੋਂ ਕਿ 10485 ਏਕੜ ਰਕਬੇ ਵਿੱਚ 33 ਫ਼ੀਸਦੀ ਤੋਂ ਵੱਧ ਨੁਕਸਾਨ ਹੋਇਆ ਹੈ।ਇਸੇ ਤਰ੍ਹਾਂ 250 ਏਕੜ ਰਕਬਾ ਹਰੇ ਚਾਰੇ ਦਾ ਨੁਕਸਾਨ ਹੋਇਆ ਹੈ।ਇਸ ਦੌਰਾਨ ਖੇਤੀਬਾੜੀ ਬਲਾਕ ਭੁੱਨਰਹੇੜੀ ਤੇ ਸਨੌਰ 'ਚ 8790 ਏਕੜ, ਘਨੌਰ ਬਲਾਕ 'ਚ 7025 ਤੇ ਸਮਾਣਾ-ਪਾਤੜਾਂ ਬਲਾਕ 2225 ਏਕੜ ਰਕਬਾ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ, ਜਦੋਂਕਿ ਇਨ੍ਹਾਂ ਅੰਕੜਿਆਂ 'ਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਜ਼ਿਲ੍ਹੇ ਭਰ ਸਾਉਣੀ ਦੇ ਸੀਜ਼ਨ ਦੌਰਾਨ ਲਗਪਗ 2.33 ਲੱਖ ਹੈਕਟੇਅਰ (5.75 ਲੱਖ ਏਕੜ) ਰਕਬਾ ਝੋਨੇ ਦੀ ਫਸਲ ਹੇਠ ਆਉਂਦਾ ਹੈ।ਇਸ ਤੋਂ ਇਲਾਵਾ ਹਰੇ ਚਾਰੇ ਤੇ ਹੋਰਨਾਂ ਫਸਲਾਂ ਦਾ ਰਕਬਾ ਅਲੱਗ ਹੈ।ਕੁੱਲ ਰਕਬੇ 'ਚੋਂ 20 ਹਜ਼ਾਰ ਏਕੜ ਕਰੀਬ ਰਕਬੇ 'ਚ ਫਸਲਾਂ ਨੂੰ ਨੁਕਸਾਨ ਹੋਇਆ ਹੈ।ਇਸ ਸਬੰਧ 'ਚ ਜ਼ਿਲ੍ਹਾ ਮੁੱਖ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਹੁਣ ਤੱਕ ਜ਼ਿਲ੍ਹੇ ਭਰ ਹੜ੍ਹਾਂ ਨਾਲ 20 ਹਜ਼ਾਰ ਏਕੜ ਦੇ ਲਗਪਗ ਫਸਲਾਂ ਪ੍ਰਭਾਵਿਤ ਹੋਈਆਂ ਹਨ, ਜਿਨ੍ਹਾਂ 'ਚੋਂ ਅੱਧ ਤੋਂ ਵੱਧ ਰਕਬੇ 'ਚ 33 ਫੀਸਦੀ ਤੋਂ ਵੱਧ ਫ਼ਸਲਾਂ ਦਾ ਨੁਕਸਾਨ ਹੋਇਆ ਹੈ।

ਉਨ੍ਹਾਂ ਦੱਸਿਆ ਕਿ ਕਈ ਇਲਾਕਿਆਂ 'ਚ ਹਾਲੇ ਵੀ ਹੜ੍ਹ ਦਾ ਪ੍ਰਕੋਪ ਜਾਰੀ ਹੈ, ਜਿਸ ਸਬੰਧੀ ਖੇਤੀਬਾੜੀ ਵਿਭਾਗ ਵੱਲੋਂ ਸਰਵੇ ਜਾਰੀ ਹੈ ਤੇ ਕੁੱਲ ਨੁਕਸਾਨ ਦਾ ਅਨੁਮਾਨ ਹੜ੍ਹਾਂ ਦਾ ਪਾਣੀ ਉਤਰਣ ਉਪਰੰਤ ਹੀ ਲਗਾਇਆ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਪੱਕੀ ਰਿਪੋਰਟ ਭੇਜਣ ਲਈ ਖੇਤੀਬਾੜੀ ਵਿਭਾਗ ਦੇ ਮਾਲ ਵਿਭਾਗ ਦੀਆਂ ਟੀਮਾਂ ਅੰਕੜੇ ਇਕੱਠੇ ਕਰ ਰਹੀਆਂ ਹਨ, ਜਿਸ ਉਪਰੰਤ ਮੁਆਵਜ਼ੇ ਸਬੰਧੀ ਰਿਪੋਰਟ ਤਿਆਰ ਕਰਕੇ ਭੇਜੀ ਜਾਵੇਗੀ।

# ਗੁਰੂ ਨਾਨਕ ਨੈਸ਼ਨਲ ਕਾਲਜ ਦੇ ਮਨੋਵਿਗਿਆਨਕ ਸੈੱਲ ਵੱਲੋਂ ਵਰਕਸ਼ਾਪ

**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਮਨੋਵਿਗਿਆਨਕ ਸੈੱਲ ਵੱਲੋਂ 'ਇਮੋਸ਼ਨਲ ਇੰਟੈਲੀਜੈਂਸ' ਵਿਸ਼ੇ ਉੱਤੇ ਇੱਕ-ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ।ਇਹ ਜਾਣਕਾਰੀ ਦਿੰਦਿਆਂ ਮਨੋਵਿਗਿਆਨਕ ਸੈੱਲ ਦੇ ਡੀਨ ਡਾ. ਅਮਨਦੀਪ ਕੁਲਾਰ ਨੇ ਦੱਸਿਆ ਕਿ ਇਸ ਮੌਕੇ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਇਮੋਸ਼ਨਲ ਇੰਟੈਲੀਜੈਂਸ ਦੀ ਮਹੱਤਵਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਤੇ ਜੀਵਨ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਆਈ. ਕਿਊ. ਦੇ ਨਾਲ਼ ਨਾਲ਼ ਇਮੋਸ਼ਨਲ ਇੰਟੈਲੀਜੈਂਸ ਦੀ ਭੂਮਿਕਾ ਉੱਤੇ ਵੀ ਜ਼ੋਰ ਦਿੱਤਾ।ਇਸ ਮੌਕੇ ਮਨੋਵਿਗਿਆਨਕ ਸੈੱਲ ਦੁਆਰਾ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਮੰਚ ਸੰਚਾਲਕ ਦੀ ਭੂਮਿਕਾ ਪ੍ਰੋ. ਦੀਪਾਲੀ ਅਰੋੜਾ ਨੇ ਅਦਾ ਕੀਤੀ।ਇਸ ਮੌਕੇ ਪ੍ਰੋ. ਅਮਨਦੀਪ ਚੀਮਾਂ, ਪ੍ਰੋ. ਕੁਲਵਿੰਦਰ ਕੌਰ, ਪ੍ਰੋ. ਦੀਪਿਕਾ, ਪ੍ਰੋ. ਗੁਰਦੀਪ ਸਿੰਘ, ਪ੍ਰੋ. ਸਨਦੀਪ ਸਿੰਘ ਹੁੰਦਲ, ਪ੍ਰੋ. ਰੋਹਿਤ ਕੁਮਾਰ, ਪ੍ਰੋ. ਅਮਨ ਅਰੋੜਾ ਤੇ ਪ੍ਰੋ. ਹਿਨਾ ਰਾਣੀ ਹਾਜ਼ਰ ਸਨ।ਇਸ ਗਤੀਵਿਧੀ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ੍ਰ. ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਸ੍ਰੀਮਤੀ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

# ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦੁਆਰਾ ਚੰਦ ਪੁਰਾਣਾ ਵਿਖੇ ਹੋਏ ਨਤਮਸਤਕ

**ਹੜ੍ਹ ਪ੍ਰਭਾਵਿਤ ਜ਼ਿਲ੍ਹਾ ਫਿਰੋਜ਼ਪੁਰ ਨੂੰ ਗੋਦ ਲੈਣ ਦਾ ਕੀਤਾ ਐਲਾਨ**



**ਬਾਘਾ ਪੁਰਾਣਾ (ਮਨੀ ਸਿੰਗਲਾ)**-ਉੱਤਰੀ ਭਾਰਤ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਮੋਗਾ ਵਿਖੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਝੀਂਡਾ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਨ੍ਹਾ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ। ਉਪਰੰਤ ਇਸ ਅਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਨੂੰ ਮਿਲੇ ਤੇ ਉਨ੍ਹਾਂ ਨਾਲ ਐਗਜ਼ੈਕਟਿਕ ਕਮੇਟੀ ਦੇ ਮੈਂਬਰ ਵੀ ਹਾਜ਼ਰ ਸਨ।ਪ੍ਰਧਾਨ ਜਗਦੀਸ਼ ਝੀਂਡਾ ਨੇ ਕਿਹਾ ਕਿ ਮੈਨੂੰ ਬਹੁਤ ਖੁਸ਼ੀ ਹੋਈ ਹੈ ਇਸ ਸ਼ਹੀਦਾਂ ਦੇ ਅਸਥਾਨ ਦੇ ਦਰਸ਼ਨ ਕਰਕੇ।ਅਸਥਾਨ ਦੇ ਮੁੱਖ ਸੇਵਾਦਾਰ ਸਾਧੂ ਸੁਭਾ ਵਾਲੇ ਸੰਤ ਬਾਬਾ ਗੁਰਦੀਪੀ ਸਿੰਘ ਜਿਨ੍ਹਾਂ ਨੂੰ ਮਿਲ ਕੇ ਹੋਰ ਵੀ ਮਨ ਨੂੰ ਖੁਸ਼ੀ ਹੋਈ ਅਤੇ ਉਹ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪੰਜਾਬ ਵਿੱਚ ਆਏ ਹਨ, ਕਿਉਂਕਿ ਸਾਡੇ ਭਾਈ ਸਾਹਿਬ ਹੀ ਹਰਿਆਣੇ ਦੀ ਤਰ੍ਹਾਂ ਪੰਜਾਬ ਵਿੱਚ ਰਹਿ ਰਹੇ ਹਨ, ਜੋ ਬਹੁਤ ਸੰਕਟ ਦੀ ਘੜੀ ਵਿੱਚ ਗੁਜ਼ਰ ਰਹੇ ਹਨ।ਉਹ ਸੰਗਤਾਂ ਦੀ ਮਦਦ ਵਾਸਤੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਜਾਣਗੇ ਤੇ ਪੂਰਾ ਇੱਕ ਜ਼ਿਲ੍ਹਾ ਸਾਡੀ ਹਰਿਆਣਾ ਪ੍ਰਬੰਧਕ ਕਮੇਟੀ ਗੋਦ ਲਵੇਗੀ, ਉਸ ਜ਼ਿਲ੍ਹੇ ਵਿੱਚ ਜੋ ਪਰਿਵਾਰ ਹੜ੍ਹ ਪ੍ਰਭਾਵਿਤ ਹੋਵੇਗਾ, ਉਨ੍ਹਾਂ ਦੀ ਹਰ ਪੱਖੋਂ ਮਦਦ ਕਰੇਗੀ।ਉਨ੍ਹਾਂ ਹਰੇਕ ਸਟੇਟ ਨੂੰ ਪੰਜਾਬ ਨਾਲ ਖੜ੍ਹਨ ਲਈ ਕਿਹਾ।ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਤੁਸੀਂ ਪੰਜਾਬ ਵਿੱਚ ਪਹੁੰਚ ਕੇ ਇਕ ਪੂਰਾ ਜ਼ਿਲ੍ਹਾ ਗੋਦ ਲੈ ਰਹੇ ਹੋ, ਆਪ ਜੀ ਦਾ ਸਾਡੇ ਵੱਲੋਂ ਬਹੁਤ ਬਹੁਤ ਧੰਨਵਾਦ, ਕਿਉਂਕਿ ਸ਼ਹੀਦਾਂ ਦੇ ਪਾਵਨ ਅਸਥਾਨ ਵੱਲੋਂ ਵੀ ਕੁਝ ਦਿਨਾਂ ਤੱਕ ਰਾਸ਼ਨ ਸਮੱਗਰੀ ਭੇਜੀ ਜਾ ਰਹੀ ਹੈ, ਹਰ ਖੇਤਰ ਵਿੱਚ ਪਹਿਲਾਂ ਵੀ ਇਹ ਅਸਥਾਨ ਮਦਦਕਾਰ ਬਣਦਾ ਆਇਆ।ਅਖੀਰ 'ਚ ਬਾਬਾ ਜੀ ਵੱਲੋਂ ਪ੍ਰਧਾਨ ਝੀਂਡਾ ਦਾ ਸਿਰੀ ਸਾਹਿਬ ਤੇ ਲੋਈ ਨਾਲ ਸਨਮਾਨ ਕੀਤਾ ਗਿਆ।

# ਮਾਤਾ ਗੁਜਰੀ ਕਾਲਜ ਦੇ ਕਾਮਰਸ ਵਿਭਾਗ ਵੱਲੋਂ ਅੰਤਰ-ਵਿਭਾਗੀ ਭਾਸ਼ਣ ਮੁਕਾਬਲਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗਰੈਜੂਏਟ ਕਾਮਰਸ ਵਿਭਾਗ ਵੱਲੋਂ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਨ ਤੇ ਸੰਚਾਰ ਦੇ ਹੁਨਰ ਦਾ ਵਿਕਾਸ ਕਰਨ ਲਈ ਅੰਤਰ-ਵਿਭਾਗੀ ਭਾਸ਼ਣ ਮੁਕਾਬਲੇ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਜਿਵੇਂ ਆਰਟੀਫਿਸ਼ਲ ਇੰਟੈਲੀਜੈਂਸ ਦੇ ਵਿਕਾਸ ਵਿੱਚ ਨੈਤਿਕਤਾ ਦੇ ਮੁੱਦੇ, ਬੋਲਣ ਤੇ ਪ੍ਰਗਟਾਵੇ ਦੀ ਅਜ਼ਾਦੀ, ਮੌਸਮ ਤਬਦੀਲੀ, ਅੰਤਰਰਾਸ਼ਟਰੀ ਰਾਜਨੀਤੀ ਤੇ ਟੈਕਸ ਯੁੱਧਾਂ ਆਦਿ ਮਹੱਤਵਪੂਰਨ ਵਿਸ਼ਿਆਂ 'ਤੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੁਕਾਬਲੇ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਕੁੱਲ 36 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਾਮਰਸ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਉਸਾਰੂ ਗਤੀਵਿਧੀਆਂ ਵਿਦਿਆਰਥੀਆਂ ਦੇ ਵਿੱਦਿਅਕ, ਵਿਹਾਰਕ ਤੇ ਵਿਵਹਾਰਕ ਗਿਆਨ ਵਿੱਚ ਵਾਧਾ ਕਰਦੀਆਂ ਹਨ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਜੇਤੂ ਵਿਦਿਆਰਥੀਆਂ ਤੇ ਸਮੂਹ ਭਾਗੀਦਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਆਪਣੇ ਅੰਦਰ ਸੰਚਾਰ ਦੇ ਹੁਨਰ ਨੂੰ ਹੋਰ ਵਿਕਸਤ ਕਰਨ ਤੇ ਵੱਖ-ਵੱਖ ਸਮਾਜਿਕ ਮਸਲਿਆਂ ਸਬੰਧੀ ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਪ੍ਰੇਰਿਤ ਕੀਤਾ।ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਮੁਹੰਮਦ ਅਨਵਰ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਭ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਦਿੱਤੀਆਂ।

ਇਸ ਮੁਕਾਬਲੇ ਵਿੱਚ ਕਮਰਸ ਵਿਭਾਗ ਦੇ ਬੀ.ਕਾਮ. ਭਾਗ ਦੂਸਰਾ ਦੇ ਇੰਦਰਪ੍ਰੀਤ ਸਿੰਘ ਨੇ ਪਹਿਲਾ ਸਥਾਨ, ਬੀ.ਏ.ਆਨਰਜ਼ ਸੋਸ਼ਲ ਸਾਇੰਸ ਦੀ ਗੁਰਨੂਰ ਕੌਰ ਨੇ ਦੂਸਰਾ ਸਥਾਨ ਤੇ ਬੀ.ਕਾਮ ਆਨਰਜ਼ ਭਾਗ ਪਹਿਲਾ ਦੀ ਅਨਮੋਲਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਕਾਲਜ ਦੇ ਕੈਮਿਸਟਰੀ ਵਿਭਾਗ ਦੇ ਡਾ. ਕੁਲਦੀਪ ਕੌਰ, ਅੰਗਰੇਜ਼ੀ ਵਿਭਾਗ ਦੇ ਡਾ. ਹਰਬੀਰ ਕੌਰ ਤੇ ਪੰਜਾਬੀ ਵਿਭਾਗ ਦੇ ਡਾ. ਸੁਖਵਿੰਦਰ ਸਿੰਘ ਨੇ ਜੱਜ ਸਾਹਿਬਾਨ ਦੀ ਭੂਮਿਕਾ ਨਿਭਾਈ।ਇਸ ਮੌਕੇ ਕਾਮਰਸ ਵਿਭਾਗ ਦੇ ਡਾ. ਹਰਜੀਤ ਕੌਰ, ਹੋਰ ਅਧਿਆਪਕ ਸਾਹਿਬਾਨ ਤੇ ਵਿਦਿਆਰਥੀ ਹਾਜ਼ਰ ਸਨ।

# ਮੁਫ਼ਤ ਰਾਸ਼ਨ ਵਾਲੇ ਈ ਕੇ ਵਾਈ ਸੀ ਕਰਵਾਉਣ : ਡੀ ਸੀ

**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਮਾਨਸਾ ਸ੍ਰੀਮਤੀ ਨਵਜੋਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਲੋੜਵੰਦ ਲੋਕਾਂ ਨੂੰ ਰਾਸ਼ਨ ਦੇਣ ਵਾਲੀ ਸਕੀਮ ਤਹਿਤ ਲਾਭਪਾਤਰੀਆਂ ਦੀ ਈ.ਕੇ.ਵਾਈ.ਸੀ. ਕੀਤੀ ਜਾ ਰਹੀ ਹੈ, ਤਾਂ ਜੋ ਇਸ ਸਕੀਮ ਦਾ ਲਾਭ ਨਿਰਵਿਘਨਤਾ ਨਾਲ ਲੋਕਾਂ ਤੱਕ ਪਹੁੰਚਦਾ ਰਹੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ 'ਚ ਕੁੱਲ 4 ਲੱਖ 20 ਹਜ਼ਾਰ 789 ਲਾਭਪਾਤਰੀ ਹਨ।ਇਨ੍ਹਾਂ 'ਚੋਂ 3 ਲੱਖ 84 ਹਜ਼ਾਰ 776 ਲਾਭਪਾਤਰੀਆਂ ਦੀ ਈ.ਕੇ.ਵਾਈ.ਸੀ. ਸਫਲਤਾਪੂਰਵਕ ਮੁਕੰਮਲ ਕੀਤੀ ਜਾ ਚੁੱਕੀ ਹੈ।ਇਸ ਤੋਂ ਇਲਾਵਾ ਲਾਭਪਾਤਰੀਆਂ ਦਾ ਸਰਵੇ ਵੀ ਕੀਤਾ ਜਾ ਰਿਹਾ ਹੈ, ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਸਕੀਮ ਤੋਂ ਵਾਂਝਾ ਨਾ ਰਹਿ ਸਕੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸ਼ਹਿਰੀ ਖੇਤਰਾਂ ਵਿੱਚ ਦਫਤਰ ਫੂਡ ਸਪਲਾਈ ਕੰਟਰੋਲਰ ਦੇ ਅਧਿਕਾਰੀਆਂ ਤੇ ਪੇਂਡੂ ਖੇਤਰਾਂ ਵਿੱਚ ਆਂਗਣਵਾੜੀ ਵਰਕਰਾਂ ਦੀ ਡਿਊਟੀ ਲਗਾਈ ਗਈ ਹੈ।ਉਨ੍ਹਾਂ ਰਾਸ਼ਨ ਕਾਰਡ ਧਾਰਕਾਂ ਨੂੰ ਅਪੀਲ ਕੀਤੀ ਕਿ ਆਪਣੀ ਜ਼ਿੰਮੇਵਾਰੀ ਸਮਝਦਿਆਂ ਈ ਕੇ ਵਾਈ ਸੀ ਤੁਰੰਤ ਕਰਵਾਈ ਜਾਵੇ।

# ਬ੍ਰਿਟਿਸ਼ ਸਕੂਲ ਦੇ ਅਗੰਮਪ੍ਰੀਤ ਸਿੰਘ ਨੇ ਐਥਲੈਟਿਕਸ 'ਚ ਮੈਡਲ ਜਿੱਤੇ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬ੍ਰਿਟਿਸ਼ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੇ ਵਿਦਿਆਰਥੀ ਅਗੰਮਪ੍ਰੀਤ ਸਿੰਘ, ਕਲਾਸ 10ਵੀਂ ਨੇ ਹਾਲ ਹੀ ਵਿੱਚ ਐਥਲੈਟਿਕਸ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤਿੰਨ ਮੈਡਲ ਜਿੱਤੇ।ਅਗੰਮਪ੍ਰੀਤ ਸਿੰਘ ਨੇ ਸਕੂਲ ਜ਼ੋਨ ਐਥਲੈਟਿਕਸ ਚੈਂਪੀਅਨਸ਼ਿਪ ਵਿੱਚ ਸ਼ਾਟਪੁੱਟ ਵਿੱਚ ਸੋਨੇ ਦਾ ਮੈਡਲ (ਪਹਿਲਾ ਸਥਾਨ) ਜਿੱਤਿਆ।ਇਸ ਤੋਂ ਇਲਾਵਾ ਓਪਨ ਡਿਸਟ੍ਰਿਕਟ ਐਥਲੈਟਿਕ ਚੈਂਪੀਅਨਸ਼ਿਪ ਸੰਗਰੂਰ (ਅੰਡਰ-16 ਵਰਗ) ਵਿੱਚ ਅਗੰਮਪ੍ਰੀਤ ਨੇ ਸ਼ਾਟਪੁੱਟ ਤੇ ਜੈਵਲਿਨ ਥ੍ਰੋ ਵਿੱਚ ਤਾਂਬੇ ਦੇ ਮੈਡਲ ਜਿੱਤੇ।ਪ੍ਰਿੰਸੀਪਲ ਸੋਨਲ ਜੈਨ ਤੇ ਕੋਚ ਕਮਲਪ੍ਰੀਤ ਸਿੰਘ ਨੇ ਅਗੰਮਪ੍ਰੀਤ ਸਿੰਘ ਦੀ ਮਿਹਨਤ ਤੇ ਲਗਨ ਦੀ ਤਾਰੀਫ਼ ਕੀਤੀ, ਜਿਸ ਨਾਲ ਇਹ ਸ਼ਾਨਦਾਰ ਉਪਲਬਧੀਆਂ ਸੰਭਵ ਹੋਈਆਂ।

# ਪੰਜਾਬ ਸਟੇਟ ਫੂਡ ਕਮਿਸ਼ਨ ਵੱਲੋਂ ਸਕੂਲਾਂ ਦੀ ਚੈਕਿੰਗ



**ਲੁਧਿਆਣਾ (ਰਾਜ ਸਿੰਗਲਾ)**-ਚੇਤਨ ਪ੍ਰਕਾਸ਼ ਧਾਲੀਵਾਲ ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਵੱਲੋਂ ਜ਼ਿਲ੍ਹਾ ਲੁਧਿਆਣਾ ਦਾ ਅਚਨਚੇਤ ਦੌਰਾ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਵੱਲੋਂ ਨੈਸ਼ਨਲ ਫੂਡ ਸਕਿਉਰਿਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ।ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ, ਚੂਹੜਪੁਰ, ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ, ਲਾਦੀਆਂ ਖੁਰਦ, ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ, ਹੈਬੋਵਾਲ ਕਲਾਂ ਇਸ ਦੇ ਨਾਲ ਹੀ ਆਂਗਣਵਾੜੀ ਸੈਂਟਰ ਚੂਹੜਪੁਰ ਤੇ ਲਾਦੀਆਂ ਖੁਰਦ ਆਦਿ ਦਾ ਦੌਰਾ ਕੀਤਾ ਗਿਆ ਤੇ ਸਕੂਲਾਂ ਵਿੱਚ ਚੱਲ ਰਹੀ ਮਿਡ ਡੇ ਮੀਲ ਸਕੀਮ ਦੀ ਚੈਕਿੰਗ ਕੀਤੀ ਗਈ।ਇਸ ਦੌਰਾਨ ਮਿਡ ਡੇ ਮੀਲ ਤੇ ਅਨਾਜ ਭੰਡਾਰ ਘਰ ਦਾ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਇਨ੍ਹਾਂ ਸਕੂਲਾਂ ਵਿੱਚ ਮਿਡ ਡੇ ਮੀਲ ਦਾ ਪ੍ਰਬੰਧ ਠੀਕ ਪਾਇਆ ਗਿਆ।ਮੈਂਬਰ ਸਾਹਿਬਾਨ ਵੱਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ।ਮੈਂਬਰ ਸਾਹਿਬਾਨ ਵੱਲੋਂ ਸਕੂਲਾਂ ਨੂੰ ਸਾਫ ਸਫਾਈ, ਕੁੱਕਾਂ ਦੇ ਮੈਡੀਕਲ ਕਰਵਾਉਣ ਸਬੰਧੀ ਹਦਾਇਤਾਂ ਵੀ ਦਿੱਤੀਆਂ ਗਈਆਂ।ਇਸ ਤੋਂ ਉਪਰੰਤ ਆਂਗਣਵਾੜੀ ਸੈਂਟਰਾਂ ਦੀ ਚੈਕਿੰਗ ਕੀਤੀ ਗਈ।ਸੈਂਟਰਾਂ ਵਿਖੇ ਲਾਭਪਾਤਰੀਆਂ ਸਬੰਧੀ ਤੇ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਲਾਭ ਦੀ ਜਾਣਕਾਰੀ ਪ੍ਰਾਪਤ ਕੀਤੀ।ਸੈਂਟਰਾਂ ਦੇ ਕੰਮ ਸਬੰਧੀ ਮੈਂਬਰ ਸਾਹਿਬਾਨ ਵੱਲੋਂ ਸੰਤੁਸ਼ਟੀ ਪ੍ਰਗਟ ਕੀਤੀ ਗਈ ਤੇ ਨਾਲ ਹੀ ਹੋਰ ਸੁਧਾਰਾਂ ਸਬੰਧੀ ਦਿਸ਼ਾ ਨਿਰਦੇਸ਼ ਵੀ ਦਿੱਤੇ ਗਏ।

# ਖਾਲਸਾ ਸਕੂਲ ਦੇ ਵਿਦਿਆਰਥੀਆਂ ਜ਼ਿਲ੍ਹਾ ਪੱਧਰੀ ਮੁਕਾਬਲਿਆਂ 'ਚ ਜਿੱਤੇ ਮੈਡਲ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸਾਹਿਬ-ਨੂਰਪੁਰ ਰੋਡ 'ਤੇ ਸਥਿਤ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਸਕੂਲੀ ਖੇਡਾਂ ਵਿੱਚ ਸੋਨੇ ਦੇ ਤਮਗੇ ਹਾਸਲ ਕਰ ਸੰਸਥਾ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਮੁੱਖ ਪ੍ਰਬੰਧਕ ਬਲਜਿੰਦਰ ਸਿੰਘ ਤੂਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਰੀਕੋ ਰੋਮਨ ਸਟਾਇਲ ਕੁਸ਼ਤੀ ਮੁਕਾਬਲਿਆਂ ਅੰਡਰ-17 ਉਮਰ ਵਰਗ 'ਚ ਅੰਮ੍ਰਿਤ ਸਿੰਘ ਭਾਰ ਵਰਗ 65 ਕਿਲੋਗ੍ਰਾਮ ਵਿੱਚੋਂ ਤੇ ਅਵਜੋਤ ਸਿੰਘ ਭਾਰ ਵਰਗ-72 ਕਿਲੋਗ੍ਰਾਮ 'ਚੋਂ ਪਹਿਲਾ ਸਥਾਨ ਹਾਸਲ ਕੀਤਾ। ਉਪਰੋਕਤ ਮੁਕਾਬਲੇ ਭਾਈ ਨਗਾਈਆ ਸਿੰਘ ਅਖਾੜਾ, ਆਲਮਗੀਰ ਵਿਖੇ ਕਰਵਾਏ ਗਏ ਸਨ। ਇਸ ਮੌਕੇ ਸਕੂਲ ਪ੍ਰਿੰਸੀਪਲ ਹਰਿੰਦਰਪਾਲ ਤੂਰ ਵੱਲੋਂ ਜਿੱਥੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸੁਖਦੇਵ ਸਿੰਘ, ਅਮਰਿੰਦਰ ਸਿੰਘ, ਤਲਵਿੰਦਰ ਸਿੰਘ ਆਦਿ ਮੌਜੂਦ ਸਨ।

# ਜ਼ਿਲ੍ਹਾ ਪੱਧਰੀ ਖੇਡਾਂ 'ਚ ਡੀ ਐੱਮ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਸਰਕਾਰ ਵੱਲੋਂ ਆਯੋਜਤ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਡੀ ਐੱਮ ਗਰੁੱਪ ਕਰਾੜਵਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਖੇਡਾਂ ਵਿੱਚ ਆਪਣਾ ਦਬਦਬਾ ਕਾਇਮ ਰੱਖਿਆ।ਇਸ ਸਬੰਧੀ ਜਾਣਕਾਰੀ ਦਿੰਦੇ ਸੰਸਥਾ ਦੇ ਚੇਅਰਮੈਨ ਇੰਜੀ. ਅਵਤਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਫੁੱਟਬਾਲ ਦੀ ਟੀਮ ਵਿੱਚ ਵਿਦਿਆਰਥਣਾਂ ਨੇ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਜ਼ਿਲ੍ਹਾ ਪੱਧਰ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪਹਿਲੇ ਸਥਾਨ 'ਤੇ ਰਹਿਣ ਦਾ ਰਿਕਾਰਡ ਬਣਾਇਆ ਹੈ, ਇਸ ਦੇ ਨਾਲ ਹੀ ਚੈਸ ਦੀ ਖੇਡ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਨੇ ਵੀ ਲਗਾਤਾਰ ਹੀ ਤੀਸਰੀ ਵਾਰ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਕੇ ਖੇਡਾਂ ਵਿੱਚ ਆਪਣਾ ਦਬਦਬਾ ਬਣਾਈ ਰੱਖਿਆ ਹੈ।ਜ਼ਿਕਰਯੋਗ ਹੈ ਕਿ ਸੰਸਥਾ ਲਗਾਤਾਰ ਗਿਆਰਾਂ ਵਾਰ ਹਾਕੀ ਦੀ ਖੇਡ ਵਿੱਚ ਵੀ ਜ਼ਿਲ੍ਹੇ ਦੀ ਅਗਵਾਈ ਸਟੇਟ ਪੱਧਰ 'ਤੇ ਕਰ ਚੁੱਕੀ ਹੈ।ਚੇਅਰਮੈਨ ਇੰਜੀ. ਢਿੱਲੋਂ ਨੇ ਇਨ੍ਹਾਂ ਮਾਣਮੱਤੀਆਂ ਪ੍ਰਾਪਤੀਆਂ 'ਤੇ ਬਾਗੋਬਾਗ ਹੁੰਦੇ ਹੋਏ ਸਕੂਲ ਦੇ ਪ੍ਰਿੰਸੀਪਲ, ਸੰਬੰਧਤ ਅਧਿਆਪਕ ਸਾਹਿਬਾਨਾਂ ਨੂੰ ਸਨਮਾਨ ਦਿੱਤਾ ਤੇ ਨਾਲ ਹੀ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਜਿੱਥੇ ਖੇਡਾਂ ਵਿੱਚ ਆਧੁਨਿਕ ਸਹੂਲਤਾਂ ਦੇਣ ਦਾ ਵਾਅਦਾ ਕੀਤਾ, ਉੱਥੇ ਹੀ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਆ।

# ਧੂਰੀ ਵਿਕਾਸ ਮੰਚ ਵੱਲੋਂ ਸਿਵਲ ਹਸਪਤਾਲ 'ਚ ਖਾਲੀ ਆਸਾਮੀਆਂ ਭਰਨ ਦੀ ਮੰਗ



**ਧੂਰੀ (ਮਨੋਹਰ ਸਿੰਘ ਸੱਗੂ)**-ਧੂਰੀ ਵਿਕਾਸ ਮੰਚ ਧੂਰੀ ਦੀ ਕੋਰ ਕਮੇਟੀ ਦੀ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਧੂਰੀ ਹਲਕੇ 'ਚ ਸਿਹਤ ਸੇਵਾਵਾਂ ਨੂੰ ਬਿਹਤਰ ਤਰੀਕੇ ਨਾਲ਼ ਲੋਕਾਂ ਤੱਕ ਪੁੱਜਦਿਆਂ ਕਰਵਾਉਣ ਦੇ ਉਦੇਸ਼ ਨਾਲ ਮੰਚ ਵੱਲੋਂ ਸਰਗਰਮ ਭੂਮਿਕਾ ਨਿਭਾਉਣ ਦਾ ਫੈਸਲਾ ਕੀਤਾ ਗਿਆ।ਮੰਚ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਵਾਈਸ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ, ਅਭਿਨਵ ਗੋਇਲ, ਪ੍ਰਧਾਨ ਅਮਨ ਗਰਗ ਤੇ ਜਨਰਲ ਸਕੱਤਰ ਹੰਸ ਰਾਜ ਬਜਾਜ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਚਰਚਾ ਦੌਰਾਨ ਛੇਤੀ ਹੀ ਮੰਚ ਦੇ ਵਫ਼ਦ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਸਿਵਲ ਹਸਪਤਾਲ ਧੂਰੀ ਵਿਖੇ ਮਾਹਿਰ ਡਾਕਟਰਾਂ ਸਮੇਤ ਹੋਰ ਡਾਕਟਰੀ ਅਮਲੇ ਦੀਆਂ ਖਾਲੀ ਪਈਆਂ ਆਸਾਮੀਆਂ 'ਤੇ ਤੁਰੰਤ ਸਟਾਫ਼ ਤਾਇਨਾਤ ਕਰਨ ਤੋਂ ਇਲਾਵਾ ਟੀ ਬੀ ਤੇ ਛਾਤੀ ਰੋਗਾਂ ਦੇ ਮਾਹਿਰ ਸਮੇਤ ਸਪੈਸ਼ਲਿਸਟ ਡਾਕਟਰਾਂ ਦੀਆਂ ਆਸਾਮੀਆਂ ਕਾਇਮ ਕਰਨ ਦੀ ਮੰਗ ਕਰਨ ਦਾ ਫੈਸਲਾ ਕੀਤਾ ਗਿਆ।ਮੰਚ ਦੇ ਆਗੂਆਂ ਨੇ ਕਿਹਾ ਕਿ ਸਿਵਲ ਹਸਪਤਾਲ 'ਚ ਸਿਹਤ ਸਹੂਲਤਾਂ ਤੇ ਡਾਕਟਰੀ ਅਮਲੇ ਦੀ ਘਾਟ ਕਾਰਨ ਮਰੀਜ਼ਾਂ ਨੂੰ ਆਪਣੇ ਇਲਾਜ ਲਈ ਦੂਰ ਦੁਰਾਡੇ ਸ਼ਹਿਰਾਂ 'ਚ ਜਾਣ ਤੇ ਨਿੱਜੀ ਹਸਪਤਾਲਾਂ ਦੀ ਕਥਿਤ ਲੁੱਟ ਦਾ ਸ਼ਿਕਾਰ ਹੋਣ ਲਈ ਮਜਬੂਰ ਹੋਣਾ ਪੈ ਰਿਹਾ ਹੈ।ਆਗੂਆਂ ਨੇ ਕਿਹਾ ਕਿ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਵਿਕਾਸ ਮੰਚ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਸਰਕਾਰ ਅੱਗੇ ਪੇਸ਼ ਕਰਨ ਲਈ ਸਰਗਰਮੀਆਂ ਜਾਰੀ ਰੱਖੇਗਾ।ਆਗੂਆਂ ਨੇ ਸਿਵਲ ਹਸਪਤਾਲ 'ਚ ਮਾਹਰ ਡਾਕਟਰਾਂ ਦੀਆਂ ਆਸਾਮੀਆਂ ਕਾਇਮ ਹੋਣ ਤੱਕ ਜੱਦੋਜਹਿਦ ਜਾਰੀ ਰੱਖਣ ਦਾ ਫੈਸਲਾ ਕਰਦਿਆਂ ਹਸਪਤਾਲ ਦੀ ਕਾਰਗੁਜ਼ਾਰੀ ਨੂੰ ਬਿਹਤਰ ਬਣਾਉਣ ਲਈ ਸਿਹਤ ਸੇਵਾਵਾਂ 'ਤੇ ਨਿਗਰਾਨੀ ਰੱਖਣ ਲਈ ਇੱਕ ਸਥਾਈ ਕਮੇਟੀ ਬਣਾਉਣ ਦੀ ਮੰਗ ਵੀ ਕੀਤੀ।ਇਸ ਮੌਕੇ ਸੁਰਿੰਦਰਪਾਲ ਸਿੰਘ ਨੀਟਾ, ਸੰਦੀਪ ਬਾਂਸਲ, ਮੋਹਿਤ ਜਿੰਦਲ, ਸੰਜੀਵ ਜੋਨੀ ਤੇ ਐਡਵੋਕੇਟ ਮਨਿੰਦਰ ਸਿੰਘ ਢੀਂਡਸਾ ਆਦਿ ਨੇ ਵੀ ਸ਼ਿਰਕਤ ਕੀਤੀ।



ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਪੁੱਜੇ ਥਾਣਾ ਸਿਟੀ ਜਗਰਾਉਂ ਦੇ ਐੱਸ. ਐੱਚ. ਓ. ਇੰਸਪੈਕਟਰ ਪਰਮਿੰਦਰ ਸਿੰਘ ਦਾ ਸਵਾਗਤ ਕਰਦੇ ਹੋਏ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਂਵੀਰ ਜੈਨ ਤੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ। (ਫੋਟੋ ਤੇ ਵੇਰਵਾ : ਅਮਿਤ ਖੰਨਾ)

15- Sept - Page - 7.qxd 9/14/2025 10:32 PM Page 1



# ਮੁਫ਼ਤ ਮੈਡੀਕਲ ਕੈਂਪ ਲਗਾਇਆ




ਮੋਟਿਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਬਘਾਣਾ ਵਿਖੇ ਡੇਰਾ 108 ਸੰਤ ਬਾਬਾ ਮੰਗਲ ਦਾਸ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐਨ ਆਰ ਆਈ ਤੇ ਇਲਾਕੇ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਸੰਤ ਮਹਾਂਪੁਰਸ਼ਾਂ ਦੀ ਯਾਦ ਵਿੱਚ ਸਲਾਨਾ ਸ਼ਰਾਧ ਜੋੜ ਮੇਲਾ ਤੇ ਧਾਰਮਿਕ ਸਮਾਗਮ ਮੁੱਖ ਸੇਵਾਦਾਰ ਸੰਤ ਬਾਬਾ ਫਿਰ ਸਿੰਘ ਬਘਾਣਾ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਮੁੱਖ ਸੇਵਾਦਾਰ ਸੰਤ ਬਾਬਾ ਨਿਰਮਲ ਸਿੰਘ ਬਘਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ ਸ਼ਰਾਧ ਜੋੜ ਮੇਲਾ ਅਤੇ ਧਾਰਮਿਕ ਸਮਾਗਮ ਦੌਰਾਨ ਸੰਗਤਾਂ ਦੀ ਸਹੂਲਤਾ ਲਈ 46ਵਾਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਇਸ ਮੁਫ਼ਤ ਮੈਡੀਕਲ ਕੈਂਪ ਦਾ ਉਦਘਾਟਨ ਸਮੂਹ ਸੰਤ ਮਹਾਂਪੁਰਸ਼ਾਂ ਨੇ ਸਾਂਝੇ ਤੌਰ ਤੇ ਕੀਤਾ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਸਲਾਨਾ ਸ਼ਰਾਧ ਜੋੜ ਮੇਲੇ ਅਤੇ ਧਾਰਮਿਕ ਸਮਾਗਮ ਮੌਕੇ 46ਵਾਂ ਮੁਫ਼ਤ ਮੈਡੀਕਲ ਕੈਂਪ ਦੌਰਾਨ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਦੀ ਸਮੁੱਚੀ ਟੀਮ ਨੇ 250 ਦੇ ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਸੰਤ ਬਾਬਾ ਨਿਰਮਲ ਸਿੰਘ ਬਘਾਣਾ ਨੇ ਸਮੂਹ ਡਾਕਟਰਾਂ ਦੀ ਟੀਮ ਯਾਦਗਾਰੀ ਚਿੰਨ੍ਹ ਅਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਮੂਹ ਡਾਕਟਰਾਂ ਦੀ ਟੀਮ ਦਾ ਮੁਫ਼ਤ ਮੈਡੀਕਲ ਕੈਂਪ ਲਗਾਉਣ ਤੇ ਧੰਨਵਾਦ ਕੀਤਾ। ਇਸ ਮੌਕੇ ਸਮਾਗਮ ਦੌਰਾਨ ਸੰਤ ਬਾਬਾ ਨਿਰਮਲ ਸਿੰਘ ਬਘਾਣਾ, ਸੰਤ ਬਾਬਾ ਗੁਰਦਿਆਲ ਸਿੰਘ ਬਘਾਣਾ, ਸੰਤ ਬਾਬਾ ਮਲਕੀਅਤ ਸਿੰਘ ਬਘਾਣਾ, ਦੇਸ ਰਾਜ ਸਾਬਕਾ ਸਰਪੰਚ, ਰਾਮ ਪ੍ਰਕਾਸ਼ ਸੂਦ ਗੀਹਲਾ, ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ, ਡਾਕਟਰ ਗਗਨਦੀਪ ਸਿੰਘ ਗੋਪਾਲੀਆ, ਨੀਲਮ ਕੁਮਾਰ ਪਚਨੰਗਲਾ, ਡਾਕਟਰ ਭੁਪਿੰਦਰ ਕੁਮਾਰ ਕੋਟ ਫਤੂਹੀ ਆਦਿ ਹਾਜ਼ਰ ਸਨ।

# ਮਾਈਨਿੰਗ ਦਾ ਗੜ੍ਹ ਬਣਿਆ ਇਲਾਕਾ ਗੜ੍ਹਸ਼ੰਕਰ





ਗੜ੍ਹਸ਼ੰਕਰ 14 ਸਤੰਬਰ (ਫੂਲਾ ਸਿੰਘ ਬੀਰਮਪੁਰ)-ਪਿਛਲੇ ਲੰਮੇ ਸਮੇਂ ਤੋਂ ਸਥਾਨਕ ਇਲਾਕੇ ਅੰਦਰ ਨਾਜਾਇਜ਼ ਮਾਈਨਿੰਗ ਦੀਆਂ ਸ਼ਰੇਆਮ ਧੱਜੀਆਂ ਉਡਦੀਆਂ ਨਜ਼ਰ ਆ ਰਹੀਆਂ ਹਨ ਅਤੇ ਕੁਦਰਤੀ ਸ੍ਰੋਤਾ ਨੂੰ ਤਬਾਹ ਕੀਤਾ ਜਾ ਰਿਹਾ ਹੈ। ਇਸ ਮਾਈਨਿੰਗ ਪ੍ਰਤੀ ਸਰਕਾਰਾਂ ਦੀ ਬੇਵੱਸੀ ਜਾਪਦੀ ਹੈ ਕਿਉਂਕਿ ਇਲਾਕੇ ਅੰਦਰ ਮਿੱਟੀ ਢੋਣ ਵਾਲੇ ਵਾਹਨਾਂ ਦੀ ਇਹ ਸਥਿਤੀ ਬਣ ਚੁੱਕੀ ਹੈ ਦਿਨ ਰਾਤ ਇਸ ਇਲਾਕੇ ਵਿੱਚੋਂ ਵੱਡੇ ਪੱਧਰ ਤੇ ਮਿੱਟੀ ਚੁੱਕ ਕੇ ਦੂਜਿਆਂ ਸ਼ਹਿਰਾਂ ਵਿੱਚ ਵੇਚੀ ਜਾ ਰਹੀ ਹੈ ਅਤੇ ਸਕੂਲ ਦੇ ਸਮੇਂ ਵੀ ਇਹ ਮਿੱਟੀ ਢੋਣ ਵਾਲੇ ਵਾਹਨ ਨਹੀਂ ਰੁਕ ਰਹੇ ਜਿਸ ਨਾਲ ਹਰ ਸਮੇਂ ਕਿਸੇ ਨਾ ਕਿਸੇ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ ਕਿਉਂਕਿ ਮਿੱਟੀ ਢੋਣ ਵਾਲੇ ਵਾਹਨਾਂ ਨਾਲ ਪਹਿਲਾਂ ਵੀ ਇਸ ਇਲਾਕੇ ਵਿੱਚ ਕਈ ਜਾਨਲੇਵਾ ਹਾਦਸੇ ਵਾਪਰ ਚੁੱਕੇ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਨਜ਼ਦੀਕੀ ਪਿੰਡ ਖਾਨਪੁਰ,ਬੀਰਮਪੁਰ,ਸਹਿਰੇ ਮਸੰਦ ਕਈ ਹੋਰ ਪਿੰਡ ਅਤੇ ਜੰਗਲ ਵਾਲੇ ਪਾਸੇ ਜਿਆਦਾ ਮਾਈਨਿੰਗ ਹੋ ਰਹੀ । ਸਥਾਨਕ ਸ਼ਹਿਰ ਅੰਦਰ ਪੁਲਸ ਨਾਕਿਆ ਅਤੇ ਭਰੇ ਬਜ਼ਾਰ ਵਿੱਚੋ ਸ਼ਰੇਆਮ ਮਿੱਟੀ ਨਾਲ ਨੱਕੋ ਨੱਕ ਭਰੀਆ ਟਰਾਲੀਆ ਲਗਾਤਾਰ ਲੰਘਦੀਆ ਹਨ ਜੋ ਕਿ ਪੁਲਸ ਪ੍ਰਸ਼ਾਸਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਨਹੀਂ ਕੀਤੀ ਜਾਂਦੀ ਜਦਕਿ ਪੁਲਸ ਪ੍ਰਸ਼ਾਸਨ ਨੂੰ ਮੋਟਰਸਾਈਕਲ ਆਦਿ ਦੀ ਚੈਕਿੰਗ ਕਰਦਿਆਂ ਆਮ ਦੇਖਿਆ ਜਾ ਸਕਦਾ ਹੈ।ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਗੁਰਨੇਕ ਸਿੰਘ ਭੱਜਲ ਅਤੇ ਸਮਾਜ ਸੇਵੀ ਦਰਸ਼ਨਜੀਤ ਸਿੰਘ ਰਾਜਾ ਨੇ ਕਿਹਾ ਕਿ ਜਿਨ੍ਹਾਂ ਪਿੰਡਾਂ ਵਿੱਚ ਮਾਈਨਿੰਗ ਹੋ ਰਹੀ ਹੈ ਉਹਨਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਅੱਗੇ ਆ ਕੇ ਇਸ ਮਾਈਨਿੰਗ ਨੂੰ ਰੋਕਣ ਸਬੰਧੀ ਆਵਾਜ਼ ਉਠਾਉਣੀ ਚਾਹੀਦੀ ਹੈ। ਕੁਦਰਤ ਸ੍ਰੋਤਾ ਨਾਲ ਖਿਲਵਾੜ ਕਰਨਾ ਬਿਲਕੁੱਲ ਠੀਕ ਨਹੀ ਹਨ। ਇਸ ਸਬੰਧੀ ਜਦੋਂ ਸੰਬੰਧਿਤ ਵਿਭਾਗ ਨਾਲ ਗੱਲ ਕੀਤੀ ਤਾਂ ਐੱਸ ਡੀ ਓ ਹਰਜਿੰਦਰ ਸਿੰਘ ਨੇ ਪਹਿਲਾ ਦੀ ਤਰ੍ਹਾਂ ਜਵਾਬ ਦਿੰਦਿਆਂ ਕਿਹਾ ਹੈ ਕਿ ਉਹਨਾਂ ਨੂੰ ਜਾਣਕਾਰੀ ਨਹੀਂ ਹੈ ਜਲਦੀ ਹੀ ਟੀਮ ਭੇਜ ਕੇ ਦੇਖਣਗੇ ਅਤੇ ਬਣਦੀ ਕਾਰਵਾਈ ਕਰਨਗੇ।

# ਇੰਨੋਸੈਂਟ ਹਾਰਟਸ ਨੇ ਮਨਾਇਆ ਰਾਸ਼ਟਰੀ ਹਿੰਦੀ ਦਿਵਸ



ਜਲੰਧਰ (ਸ਼ੈਲੀ ਐਲਬਰਟ)- ਇੰਨੋਸੈਂਟ ਹਾਰਟਸ ਕਾਲਜ ਆਫ ਐਜੂਕੇਸ਼ਨ ਤੇ ਇੰਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਟਿਊਸ਼ਨਜ਼, ਲੋਹਾਰਾਂ ਨੇ ਉਤਸ਼ਾਹ ਨਾਲ ਰਾਸ਼ਟਰੀ ਹਿੰਦੀ ਦਿਵਸ ਮਨਾਇਆ ਤੇ ਭਾਰਤ ਦੀ ਸੰਸਕ੍ਰਿਤਿਕ ਵਿਰਾਸਤ ਦੀ ਆਤਮਾ ਵਜੋਂ ਹਿੰਦੀ ਦੇ ਮਹੱਤਵ 'ਤੇ ਰੋਸ਼ਨੀ ਪਾਈ। ਇੰਨੋਸੈਂਟ ਹਾਰਟਸ ਕਾਲਜ ਆਫ ਐਜੂਕੇਸ਼ਨ ਵਿੱਚ, ਐਨ ਐੱਸ ਐੱਸ ਇਕਾਈ ਨੇ ਹਿੰਦੀ ਭਾਸ਼ਾ ਦੇ ਇਤਿਹਾਸ ਤੇ ਮਹੱਤਵ ਨੂੰ ਦਰਸਾਉਣ ਲਈ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ। ਵਿਦਿਆਰਥੀ-ਅਧਿਆਪਕਾਂ ਨੇ ਕਬੀਰਦਾਸ, ਰਹੀਮ ਅਤੇ ਤੁਲਸੀਦਾਸ ਦੇ ਸ਼ਾਸ਼ਵਤ ਦੋਹਿਆਂ ਦਾ ਪਾਠ ਕੀਤਾ, ਜਿਸ ਨਾਲ ਪ੍ਰੋਗਰਾਮ ਸੰਸਕ੍ਰਿਤਿਕ ਗਿਆਨ ਨਾਲ ਸਮਰਿੱਧ ਹੋਇਆ। ਐਨ ਐੱਸ ਐੱਸ ਵਲੰਟੀਅਰ ਗੀਤਿਕਾ, ਗੁਨਵੀਨ, ਗੁਰਸਹਿਜ ਅਤੇ ਵਿਭਾ ਨੇ 'ਹਿੰਦੀ - ਸਾਡੀ ਰਾਜਭਾਸ਼ਾ ਅਤੇ ਸਾਡੇ ਰਾਸ਼ਟਰ ਦੀ ਰੀੜ੍ਹ' ਵਿਸ਼ੇ 'ਤੇ ਇੱਕ ਵਿਚਾਰੋਤਪਾਦਕ ਨਾਟਕ ਦਾ ਮੰਚਨ ਕੀਤਾ। ਦੂਜੇ ਪਾਸੇ, ਇੰਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਟਿਊਸ਼ਨਜ਼ ਵਿੱਚ, ਲਿਟਰੇਰੀ ਕਲੱਬ ਨੇ ਇੱਕ ਇੰਟਰ-ਡਿਪਾਰਟਮੈਂਟਲ ਹਿੰਦੀ ਦਿਵਸ ਸਮਾਰੋਹ ਦਾ ਆਯੋਜਨ ਕੀਤਾ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ 25 ਵਿਦਿਆਰਥੀਆਂ ਨੇ ਭਾਗ ਲਿਆ। ਰਚਨਾਤਮਕ ਅਭਿਵਿਅਕਤੀ ਅਤੇ ਭਾਸ਼ਾਈ ਪ੍ਰਤਿਭਾ ਨੂੰ ਵਧਾਉਣ ਲਈ ਚਾਰ ਸ਼੍ਰੇਣੀਆਂ - ਭਾਸ਼ਣ, ਨਿਬੰਧ ਲੇਖਨ, ਕਵਿਤਾ ਪਾਠ ਅਤੇ ਸਲੋਗਨ ਲੇਖਨ ਵਿੱਚ ਮੁਕਾਬਲੇ ਕਰਵਾਏ ਗਏ। ਭਾਸ਼ਣ ਮੁਕਾਬਲੇ ਵਿੱਚ ਸਿਲਕੀ (ਬੀ.ਸੀ.ਏ. 5ਵਾਂ) ਅਤੇ ਲਿਜ਼ਾ (ਬੀ.ਸੀ.ਏ. 5ਵਾਂ) ਨੇ ਸਿਖਰ ਸਥਾਨ ਪ੍ਰਾਪਤ ਕੀਤਾ।ਕਵਿਤਾ ਪਾਠ ਵਿੱਚ ਜਸਦੀਪ (ਐੱਮ ਐੱਸ ਪਹਿਲਾ) ਜੇਤੂ ਰਹੀ।ਸਲੋਗਨ ਲੇਖਨ ਵਿੱਚ ਮਹਿਕ (ਬੀ.ਸੀ.ਏ. 5ਵਾਂ) ਨੇ ਪਹਿਲਾ ਇਨਾਮ ਪ੍ਰਾਪਤ ਕੀਤਾ, ਉਸ ਤੋਂ ਬਾਅਦ ਸਹਿਜਪ੍ਰੀਤ ਕੌਰ (ਮਾਈਕਰੋ ਪਹਿਲਾ) ਅਤੇ ਸਾਨੀਆ (ਬੀ.ਸੀ.ਏ. 5ਵਾਂ) ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਨਿਬੰਧ ਲੇਖਨ ਮੁਕਾਬਲੇ ਵਿੱਚ ਕਿਰਨ (ਬੀ.ਸੀ.ਏ. 5ਵਾਂ) ਪਹਿਲੇ ਸਥਾਨ 'ਤੇ ਰਹੀ, ਦੀਆ (ਬੀ.ਸੀ.ਏ. 5ਵਾਂ) ਅਤੇ ਰਮਨਦੀਪ ਕੌਰ (ਬੀ.ਸੀ.ਏ. ਪਹਿਲਾ) ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।ਸਾਰੇ ਜੇਤੂਆਂ ਨੂੰ ਉਨ੍ਹਾਂ ਦੀ ਕੋਸ਼ਿਸ਼ਾਂ ਦੀ ਸਰਾਹਨਾ ਵਜੋਂ ਪ੍ਰਮਾਣ-ਪੱਤਰ ਦਿੱਤੇ ਗਏ।

# ਕੌਮੀ ਲੋਕ ਅਦਾਲਤ ਵਿਚ 21,675 ਕੇਸਾਂ ਦਾ ਮੌਕੇ 'ਤੇ ਨਿਪਟਾਰਾ



ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਨੇ ਜ਼ਿਲ੍ਹਾ ਪੱਧਰ 'ਤੇ ਸਾਲ ਦੀ ਤੀਜੀ ਕੌਮੀ ਲੋਕ ਅਦਾਲਤ ਲਗਾਈ। ਇਸ ਲੋਕ ਅਦਾਲਤ ਵਿਚ ਐਨ.ਆਈ. ਐਕਟ (ਧਾਰਾ 138), ਲੰਬਿਤ ਅਤੇ ਪ੍ਰੀ-ਲਿਟੀਗੇਸ਼ਨ ਬੈਂਕ ਰਿਕਵਰੀ ਕੇਸ, ਲੇਬਰ ਵਿਵਾਦ, ਮੋਟਰ ਐਕਸੀਡੈਂਟ ਕਲੇਮ ਪਟੀਸ਼ਨਾਂ, ਬਿਜਲੀ ਅਤੇ ਪਾਣੀ ਦੇ ਬਿੱਲਾਂ (ਅਣਸੋਧੇ ਨੂੰ ਛੱਡ ਕੇ), ਵਿਆਹ ਸਬੰਧੀ ਵਿਵਾਦ, ਟ੍ਰੈਫਿਕ ਚਲਾਨ, ਮਾਲੀਆ ਮਾਮਲੇ, ਹੋਰ ਸਿਵਲ ਅਤੇ ਛੋਟੇ ਅਪਰਾਧਿਕ ਮਾਮਲੇ ਅਤੇ ਘਰੇਲੂ ਝਗੜਿਆਂ ਦੇ ਮਾਮਲੇ ਸ਼ਾਮਿਲ ਸਨ। ਇਹ ਲੋਕ ਅਦਾਲਤ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੀ ਅਗਵਾਈ ਹੇਠ ਲਗਾਈ ਗਈ। ਇਸ ਮੌਕੇ ਕੁੱਲ 20 ਬੈਂਚ ਬਣਾਏ ਗਏ, ਜਿਨ੍ਹਾਂ ਵਿਚ ਹੁਸ਼ਿਆਰਪੁਰ ਅਦਾਲਤ ਵਿਚ 9 ਬੈਂਚ, ਦਸੂਹਾ ਵਿਚ 2, ਮੁਕੇਰੀਆਂ ਵਿਚ 2, ਗੜ੍ਹਸ਼ੰਕਰ ਵਿਚ 2 ਅਤੇ ਮਾਲ ਅਦਾਲਤਾਂ ਵਿਚ 5 ਬੈਂਚ ਸ਼ਾਮਿਲ ਸਨ। ਜ਼ਿਲ੍ਹਾ ਹੁਸ਼ਿਆਰਪੁਰ ਦੀ ਇਸ ਲੋਕ ਅਦਾਲਤ ਵਿਚ ਕੁੱਲ 24,592 ਕੇਸਾਂ ਦੀ ਸੁਣਵਾਈ ਹੋਈ, ਜਿਨ੍ਹਾਂ ਵਿਚੋਂ 21,675 ਕੇਸਾਂ ਦਾ ਮੌਕੇ ਤੇ ਹੀ ਨਿਪਟਾਰਾ ਕੀਤਾ ਗਿਆ। ਇਸ ਦੌਰਾਨ, ਧਿਰਾਂ ਵਿਚਕਾਰ ਲੱਗਭਗ 21,02,00,092 (21 ਕਰੋੜ 2 ਲੱਖ 92) ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਟ੍ਰੈਫਿਕ ਚਲਾਨ ਭਰਨ ਆਏ ਲੋਕਾਂ ਦੀ ਸਹੂਲਤ ਲਈ ਪੁਲਿਸ ਵਿਭਾਗ ਵੱਲੋਂ ਵਿਸ਼ੇਸ਼ ਹੈਲਪ ਡੈਸਕ ਸਥਾਪਿਤ ਕੀਤੇ ਗਏ ਸਨ, ਜਿਸ ਕਾਰਨ ਚਲਾਨ ਨਿਪਟਾਰੇ ਦੀ ਪ੍ਰਕਿਰਿਆ ਸੁਚਾਰੂ ਰਹੀ। ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਰਾਜਿੰਦਰ ਅਗਰਵਾਲ ਅਤੇ ਸੀ. ਜੇ. ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਵੱਖ-ਵੱਖ ਲੋਕ ਅਦਾਲਤ ਬੈਂਚਾਂ ਦਾ ਦੌਰਾ ਕੀਤਾ ਅਤੇ ਪ੍ਰਬੰਧਨ ਦਾ ਜਾਇਜ਼ਾ ਲਿਆ।

# ਖ਼ੂਨਦਾਨ ਸਭ ਤੋਂ ਵੱਡਾ ਦਾਨ : ਅਨਿਲ ਵਿਜ

ਚੰਡੀਗੜ੍ਹ, (ਕਿਸ਼ਨ ਗਰਗ)-ਹਰਿਆਣਾ ਦੇ ਟ੍ਰਾਂਸਪੋਰਟ, ਊਰਜਾ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਖ਼ੂਨਦਾਨ ਸੱਭ ਤੋਂ ਵੱਡਾ ਦਾਨ ਹੈ ਤੇ ਖ਼ੂਨਦਾਨ ਨਾਲ ਹੀ ਖ਼ੂਨ ਦੀ ਪੂਰਤੀ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਸੰਤ ਨਿਰੰਕਾਰੀ ਮਿਸ਼ਨ ਧਰਮ ਦੇ ਨਾਲ-ਨਾਲ ਸਮਾਜਿਕ ਕੰਮ ਵਿੱਚ ਅੱਗੇ ਆ ਕੇ ਆਪਣੀ ਮਹਤੱਵਪੂਰਣ ਭੂਮਿਕਾ ਨਿਭਾ ਰਿਹਾ ਹੈ। ਕੇਬਿਨੇਟ ਮੰਤਰੀ ਨੇ ਇਹ ਵਿਚਾਰ ਅੰਬਾਲਾ ਕੈਂਟ ਵਿੱਚ ਸੰਤ ਨਿਰੰਕਾਰੀ ਚੈਰੀਟੇਬਲ ਫਾਉਂਡੇਸ਼ਨ ਦੇ ਸਰਪ੍ਰਸਤੀ ਹੇਠ ਸੰਤ ਨਿਰੰਕਾਰੀ ਭਵਨ ਵਿੱਚ ਆਯੋਜਿਤ ਖ਼ੂਨਦਾਨ ਕੈਂਪ ਵਿੱਚ ਬਤੌਰ ਮੁੱਖ ਮਹਿਮਾਨ ਆਪਣੇ ਸੰਬੋਧਨ ਵਿੱਚ ਰੱਖੇ। ਕੈਬੀਨੇਟ ਮੰਤਰੀ ਨੇ ਇਸ ਮੌਕੇ 'ਤੇ ਸਵੇਛਾ ਨਾਲ ਖ਼ੂਨਦਾਨ ਕਰਨ ਵਾਲੇ ਬਲੱਡ ਡੋਨਰਸ ਨਾਲ ਗਲਬਾਤ ਕਰਦੇ ਹੋਏ ਪ੍ਰੋਤਸਾਹਿਤ ਕੀਤਾ ਅਤੇ ਕਿਹਾ ਕਿ ਖ਼ੂਨਦਾਨ ਕਰ ਕੇ ਤੁਸੀਂ ਹੋਰਾ ਨੂੰ ਵੀ ਪ੍ਰੇਰਿਤ ਕਰ ਰਹੇ ਹਨ, ਇਹ ਇੱਕ ਬਹੁਤ ਸ਼ਲਾਘਾਯੋਗ ਕੰਮ ਹੈ। ਉਨ੍ਹਾਂ ਨੇ ਕਿਹਾ ਕਿ ਸੰਤ ਨਿਰੰਕਾਰੀ ਮਿਸ਼ਨ ਵਿੱਚ ਮੈਂ ਅਕਸਰ ਆਉਂਦਾ ਰਹਿੰਦਾ ਹਾਂ ਅਤੇ ਦੇਖਦਾ ਹਾਂ ਕਿ ਇੱਥੇ ਧਰਮ ਦੇ ਨਾਲ-ਨਾਲ ਸਮਾਜਿਕ ਕੰਮਾਂ ਵਿੱਚ ਦਿਲਚਸਪੀ ਰੱਖਦੇ ਹੋਏ ਸਮਾਜ ਖੇਤਰ ਵਿੱਚ ਜੋ ਕੰਮ ਕਰ ਰਹੇ ਹਨ ਉਹ ਕਾਬਿਲੇ ਤਾਰੀਫ ਹੈ। ਹਰ ਸਾਲ ਇੱਥੇ ਖ਼ੂਨਦਾਨ ਕੈਂਪ ਲਗਦਾ ਹੈ।ਉਨ੍ਹਾਂ ਨੇ ਇਸ ਮੌਕੇ 'ਤੇ ਸੰਤ ਨਿਰੰਕਾਰੀ ਮਿਸ਼ਨ ਦੀ ਗਤੀਵਿਧੀਆਂ ਅਤੇ ਵਿਸਤਾਰ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

# ਪੰਜਾਬ ਤੇ ਕੇਂਦਰ ਖਹਿਬਾਜ਼ੀ ਦੀ ਹੜ੍ਹ ਪ੍ਰਭਾਵਤ ਲੋਕਾਂ ਦੀ ਸਾਰ ਲੈਣ : ਰਜਿੰਦਰ ਸਿੰਘ



ਪਟਿਆਲਾ, (ਰਾਜਿੰਦਰ ਸਿੰਘ ਥਿੰਦ) ਪੰਜਾਬ ਵਿੱਚ ਆਏ ਹੜ੍ਹਾਂ ਨੇ ਲੋਕਾਂ ਦੇ ਜੀਵਨ ਨੂੰ ਤਬਾਹੀ ਦੇ ਕੰਢੇ 'ਤੇ ਖੜਾ ਕਰ ਦਿੱਤਾ ਹੈ, ਪ੍ਰੰਤੂ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਪੰਜਾਬ ਨੂੰ ਦਿੱਤੇ ਰਾਹਤ ਪੈਕੇਜ ਨੂੰ ਲੇ ਕੇ ਇੱਕ-ਦੂਜੇ ਤੇ ਦੋਸ਼ ਲਾਉਣ ਵਿੱਚ ਰੁੱਝੀਆਂ ਹੋਈਆਂ ਹਨ। ਪ੍ਰੰਤੂ ਅੱਜ ਸਾਰਿਆਂ ਨੂੰ ਇੱਕ ਮੰਚ 'ਤੇ ਇਕੱਠਾ ਹੋ ਕੇ ਪ੍ਰਭਾਵਤ ਲੋਕਾਂ ਦੀ ਮੱਦਦ ਕਰਨ ਦੀ ਲੋੜ ਹੈ।ਕਾਂਗਰਸ ਦੇ ਸੀਨੀਅਰ ਆਗੂ ਸਾਬਕਾ ਵਿਧਾਇਕ ਰਾਜਿੰਦਰ ਸਿੰਘ ਨੇ ਹਲਕਾ ਸਮਾਣਾ ਦੇ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੌਰਾ ਕਰਨ ਮੌਕੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਗਿਆ। ਰਾਜਿੰਦਰ ਨੇ ਕਿਹਾ ਕਿ ਜਾਣਕਾਰੀ ਮੁਤਾਬਕ 2400 ਪਿੰਡ ਪਾਣੀ ਹੇਠ ਆ ਗਏ, 3.8 ਲੱਖ ਪਰਵਾਰ ਬੇਘਰ ਹੋ ਗਏ, ਜਦਕਿ 20 ਲੱਖ ਤੋਂ ਵੱਧ ਲੋਕਾਂ ਦੇ ਜੀਵਨ 'ਤੇ ਸਿੱਧਾ ਅਸਰ ਪਿਆ ਹੈ।ਇਸ ਤੋਂ ਇਲਾਵਾ 4 ਲੱਖ ਏਕੜ ਤੋਂ ਵੱਧ ਖੇਤੀਬਾੜੀ ਦੀ ਜ਼ਮੀਨ ਪੂਰੀ ਤਰ੍ਹਾਂ ਖਰਾਬ ਹੋ ਗਈ ਹੈ, ਜਿਸ ਨਾਲ ਕਿਸਾਨਾਂ ਦਾ ਭਵਿੱਖ ਹਨੇਰੇ ਵਿੱਚ ਧੱਕਿਆ ਗਿਆ ਹੈ।ਇਸ ਗੰਭੀਰ ਹਾਲਾਤਾਂ 'ਚ ਲੋਕਾਂ ਨੂੰ ਕੇਂਦਰ ਤੇ ਰਾਜ ਸਰਕਾਰ ਦੋਵੇਂ ਪਾਸਿਆਂ ਤੋਂ ਵੱਡੀ ਉਮੀਦ ਸੀ, ਪੰਜਾਬ ਨੇ ਦੋਸ਼ ਲਾਇਆ ਕਿ ਲੋਕਾਂ ਦੀਆਂ ਆਸਾਂ 'ਤੇ ਦੋਵੇਂ ਸਰਕਾਰਾਂ ਖਰੀ ਨਹੀਂ ਉਤਰੀਆਂ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਮੁਤਾਬਕ ਪਹਿਲਾ ਤੋਂ ਹੀ ਪੰਜਾਬ ਸਰਕਾਰ ਨੂੰ 12 ਹਜ਼ਾਰ ਕਰੋੜ ਦਿੱਤੇ ਜਾ ਚੁੱਕੇ ਹਨ, ਜਦਕਿ ਮੌਜੂਦਾ ਪੰਜਾਬ ਸਰਕਾਰ ਨੇ ਵੀ ਇਹ ਕਹਿ ਕੇ ਹੱਥ ਖੜੇ ਕਰ ਦਿੱਤੇ ਕਿ ਉਨ੍ਹਾਂ ਕੋਲ ਰਾਹਤ ਦੇਣ ਲਈ ਫੰਡ ਹੀ ਨਹੀਂ ਹਨ। ਉਨ੍ਹਾਂ ਕੇਂਦਰ 'ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਹੜ੍ਹ ਪੀੜਤਾਂ ਲਈ ਸਿਰਫ਼ 1600 ਕਰੋੜ ਰੁਪਏ ਦਾ ਫੰਡ ਐਲਾਨਿਆ ਗਿਆ ਹੈ ਤੇ ਦੂਜੇ ਪਾਸੇ ਜ਼ਮੀਨੀ ਹਕੀਕਤ ਮੁਤਾਬਕ ਲੋਕਾਂ ਨੂੰ ਅਜੇ ਤੱਕ ਕੋਈ ਅਸਲੀ ਰਾਹਤ ਨਹੀਂ ਮਿਲਦੀ ਨਜ਼ਰ ਨਹੀਂ ਆ ਰਹੀ।ਉਨ੍ਹਾਂ ਤਿੱਖੇ ਸ਼ਬਦਾਂ 'ਚ ਕਿਹਾ ਕਿ ਪੰਜਾਬ ਸਰਕਾਰ ਨੇ ਵੀ ਇਸ਼ਤਿਹਾਰਾਂ ਤੇ ਦਿੱਲੀ ਦੇ ਆਕਾਵਾਂ ਨੂੰ ਖ਼ੁਸ਼ ਕਰਨ ਦੇ ਚੱਕਰ 'ਚ ਬਹੁਤ ਪੈਸੇ ਬਰਬਾਦ ਕੀਤੇ ਹਨ, ਜਿਸ ਕਾਰਨ ਪੰਜਾਬ ਸਰਕਾਰ ਵੱਲੋਂ ਵੀ ਕਿਸਾਨਾਂ ਅਤੇ ਹੜ੍ਹ ਪੀੜਤਾਂ ਲਈ ਕੋਈ ਢੰਗ ਦਾ ਪੈਕੇਜ ਜਾਰੀ ਨਹੀਂ ਕੀਤਾ ਗਿਆ।ਉਨ੍ਹਾਂ ਸਵਾਲ ਉਠਾਇਆ ਕਿ ਜੇ ਸੱਚਮੁੱਚ 12 ਹਜ਼ਾਰ ਕਰੋੜ ਕੇਂਦਰ ਵੱਲੋਂ ਰਾਹਤ ਦਿੱਤੀ ਗਈ ਸੀ ਤਾਂ ਉਹ ਕਿੱਥੇ ਗਏ। ਜੇ ਪੈਸੇ ਮਿਲੇ ਹੀ ਨਹੀਂ ਤਾਂ ਕੇਂਦਰ ਸਰਕਾਰ ਪੰਜਾਬੀਆਂ ਨਾਲ ਕੋਝਾ ਮਜ਼ਾਕ ਕਿਉਂ ਕਰ ਰਹੀ ਹੈ, ਜੇ ਮਿਲੇ ਹਨ ਤਾਂ ਫਿਰ ਪੰਜਾਬ ਸਰਕਾਰ ਡਕਾਰ ਗਈ ਹੈ। ਦੋਵੇਂ ਹਾਲਤਾਂ 'ਚ ਸਭ ਤੋਂ ਵੱਡਾ ਨੁਕਸਾਨ ਆਮ ਲੋਕਾਂ ਨੂੰ ਝੱਲਣਾ ਪੈ ਰਿਹਾ ਹੈ।

# ਬਸਪਾ 20 ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਫਿਲੌਰ ਤੱਕ ਕੱਢੇਗੀ ਸ੍ਰੀ ਗੁਰੂ ਰਵਿਦਾਸ ਸਨਮਾਨ ਯਾਤਰਾ



ਜਲੰਧਰ, (ਸ਼ੈਲੀ ਐਲਬਰਟ)-ਬਹੁਜਨ ਸਮਾਜ ਪਾਰਟੀ 20 ਸਤੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਫਿਲੌਰ ਤੱਕ ਸ੍ਰੀ ਗੁਰੂ ਰਵਿਦਾਸ ਸਨਮਾਨ ਯਾਤਰਾ ਕੱਢਣ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਸਰਕਾਰਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦੀ ਬੇਅਦਬੀ ਕੀਤੀ ਜਾ ਰਹੀ ਹੈ। ਇਸ ਧੱਕੇਸ਼ਾਹੀ ਦੇ ਵਿਰੋਧ 'ਚ 9 ਅਕਤੂਬਰ ਨੂੰ ਕਾਂਸ਼ੀ ਰਾਮ ਦੇ ਪਰਿਨਿਰਵਾਣ ਦਿਵਸ ਮੌਕੇ ਫਿਲੌਰ 'ਚ ਮਹਾਂਰੈਲੀ ਕੀਤੀ ਜਾਵੇਗੀ। ਇਸ ਯਾਤਰਾ ਤੇ ਮਹਾਂਰੈਲੀ ਦੀਆਂ ਤਿਆਰੀਆਂ ਸਬੰਧੀ ਡਾ. ਕਰੀਮਪੁਰੀ ਨੇ ਜਲੰਧਰ ਤੇ ਹੁਸ਼ਿਆਰਪੁਰ 'ਚ ਬਸਪਾ ਆਗੂਆਂ ਤੇ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਚਰਣ ਛੋਹ ਪ੍ਰਾਪਤ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸ਼ਰਾਬ ਦੇ ਠੇਕੇ ਤੇ ਨਜਾਇਜ਼ ਬ੍ਹਾਂਚਾਂ ਖੋਲੀਆਂ ਗਈਆਂ ਹਨ। ਇਸ ਨਾਲ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਰਹੀ ਹੈ। ਇਸੇ ਤਰ੍ਹਾਂ ਫਿਲੌਰ ਦੇ ਧੁਲੇਤਾ ਪਿੰਡ 'ਚ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੀਆਂ ਕੰਧਾਂ ਤੋੜ ਕੇ ਬੇਅਦਬੀ ਕੀਤੀ ਗਈ। ਹੁਸ਼ਿਆਰਪੁਰ ਦੇ ਪਿੰਡ ਚਾਂਗ ਵਛੋਆ ਦੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਨੂੰ ਵੀ ਪੰਚਾਇਤ ਘਰ 'ਚ ਬਦਲਣ ਦਾ ਮਾਮਲਾ ਸਾਹਮਣੇ ਆਇਆ ਹੈ। ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਸਪਾ 20 ਸਤੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਫਿਲੌਰ ਤੱਕ ਸ੍ਰੀ ਗੁਰੂ ਰਵਿਦਾਸ ਸਨਮਾਨ ਯਾਤਰਾ ਕੱਢੀ ਜਾਵੇਗੀ। ਇਸੇ ਤਰ੍ਹਾਂ ਅੱਗੇ ਵੀ ਵੱਖ-ਵੱਖ ਜ਼ਿਲ੍ਹਿਆਂ 'ਚ ਯਾਤਰਾਵਾਂ ਕੱਢੀਆਂ ਜਾਣਗੀਆਂ।। ਇਸ ਮੌਕੇ ਬਸਪਾ ਸੂਬਾ ਕੋਆਰਡੀਨੇਟਰ ਤੀਰਥ ਰਾਜਪੁਰਾ, ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਲਾਲ ਚੰਦ ਔਜਲਾ, ਪਰਮਜੀਤ ਮੱਲ, ਸਲਵਿੰਦਰ ਕੁਮਾਰ, ਜਗਦੀਸ਼ ਦੀਸ਼ਾ, ਖੁਸ਼ੀ ਰਾਮ ਸਰਪੰਚ, ਸੁਖਵਿੰਦਰ ਬਿੱਟੂ ਆਦਿ ਆਗੂ ਵੀ ਮੌਜੂਦ ਸਨ।

# ਬੱਚਿਆਂ ਦੇ ਪਹਿਲੀ ਟਰਮ ਦੇ ਪੇਪਰ ਹੋਏ ਸ਼ੁਰੂ

ਅਜੀਤਵਾਲ (ਨਛੱਤਰ ਸੰਧੂ) ਸਕੂਲਾਂ ਵਿੱਚ ਬੱਚਿਆਂ ਦੇ ਪਹਿਲੀ ਟਰਮ ਦੇ ਪੇਪਰਾਂ ਦੀ ਸ਼ੁਰੂਆਤ ਹੋ ਗਈ ਹੈ।ਸਵੇਰੇ ਤੋਂ ਹੀ ਵਿਦਿਆਰਥੀ ਪੇਪਰਾਂ ਲਈ ਪੂਰੀ ਤਿਆਰੀ ਨਾਲ ਸਕੂਲ ਪਹੁੰਚੇ।ਅਧਿਆਪਕਾਂ ਵੱਲੋਂ ਪੇਪਰ ਸ਼ੁਰੂ ਹੋਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਨਿਯਮਾਂ ਬਾਰੇ ਜਾਣੂ ਕਰਾਇਆ ਗਿਆ।ਪੇਪਰਾਂ ਦੀ ਵਿਵਸਥਾ ਸੁਚੱਜੇ ਢੰਗ ਨਾਲ ਕੀਤੀ ਗਈ ਸੀ ਤਾਂ ਜੁ ਬੱਚਿਆਂ ਨੂੰ ਕੋਈ ਦਿੱਕਤ ਨਾ ਆਵੇ।

ਮਾਪੇ ਵੀ ਇਸ ਗੱਲ ਨੂੰ ਲੈ ਕੇ ਕਾਫ਼ੀ ਉਤਸ਼ਾਹਤ ਹਨ ਕਿ ਪਹਿਲੀ ਟਰਮ ਦੇ ਨਤੀਜੇ ਬੱਚਿਆਂ ਦੀ ਅੱਗੇ ਦੀ ਪੜ੍ਹਾਈ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਣਗੇ।ਉਨ੍ਹਾਂ ਆਪਣੇ ਬੱਚਿਆਂ ਨੂੰ ਮਨੋਬਲ ਮਜ਼ਬੂਤ ਰੱਖਣ ਲਈ ਪ੍ਰੇਰਤ ਕੀਤਾ।ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਇਹ ਪੇਪਰ ਸਿਰਫ਼ ਬੱਚਿਆਂ ਦੇ ਗਿਆਨ ਦੀ ਜਾਂਚ ਨਹੀਂ, ਸਗੋਂ ਉਨ੍ਹਾਂ ਦੇ ਮਿਹਨਤੀ ਸੁਭਾਅ ਨੂੰ ਵੀ ਮਜ਼ਬੂਤ ਕਰਦੇ ਹਨ।ਅਧਿਆਪਕਾਂ ਨੇ ਵੀ ਬੱਚਿਆਂ ਨੂੰ ਹੌਸਲਾ ਦਿੱਤਾ ਕਿ ਉਹ ਬਿਨਾਂ ਘਬਰਾਏ ਸ਼ਾਂਤ ਮਨ ਨਾਲ ਪ੍ਰਸ਼ਨਾਂ ਦੇ ਉੱਤਰ ਦੇਣ।ਪਹਿਲੀ ਟਰਮ ਦੇ ਇਹ ਪੇਪਰ ਇੱਕ ਹਫ਼ਤਾ ਚੱਲਣਗੇ ਤੇ ਆਉਣ ਵਾਲੇ ਦਿਨਾਂ 'ਚ ਬੱਚਿਆਂ ਦੇ ਹੋਰ ਵਿਸ਼ਿਆਂ ਦੇ ਪੇਪਰ ਵੀ ਕਰਵਾਏ ਜਾਣਗੇ। ਪੇਪਰਾਂ ਦੀ ਸਮਾਪਤੀ ਤੋਂ ਬਾਅਦ ਨਤੀਜੇ ਜਲਦੀ ਹੀ ਜਾਰੀ ਕੀਤੇ ਜਾਣਗੇ।ਕੁੱਲ ਮਿਲਾ ਕੇ ਸਕੂਲ ਦੇ ਮਾਹੌਲ ਵਿੱਚ ਪ੍ਰੀਖਿਆਵਾਂ ਦੀ ਗੂੰਜ ਦਿਖਾਈ ਦਿੱਤੀ ਤੇ ਬੱਚਿਆਂ ਨੇ ਆਪਣੇ ਵਿਸ਼ਵਾਸ ਨਾਲ ਪੇਪਰਾਂ ਦੀ ਸ਼ੁਰੂਆਤ ਕੀਤੀ।

# ਬੀ ਕੇ ਯੂ ਏਕਤਾ ਆਜ਼ਾਦ ਨੇ ਪਿੰਡਾਂ 'ਚ ਮੁਫ਼ਤ ਮੈਡੀਕਲ ਕੈਂਪ ਲਾਏ



ਅਜੀਤਵਾਲ (ਨਛੱਤਰ ਸੰਧੂ) ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਦੂਜੇ ਦਿਨ ਵੀ ਮੁਫ਼ਤ ਮੈਡੀਕਲ ਕੈਂਪ ਪਿੰਡ ਭੈਣੀ ਆਦਿ ਪਿੰਡਾਂ ਵਿੱਚ ਸੂਬਾ ਆਗੂ ਲਖਵੀਰ ਸਿੰਘ ਜੰਗ ਸਿੰਘ ਦੌਧਰ ਦੀ ਅਗਵਾਈ ਵਿੱਚ ਜਿਸ ਵਿੱਚ ਰਾਜੂ ਪੱਤੋ, ਬਲਜਿੰਦਰ ਕਿਸ਼ਨਪੁਰਾ, ਜਗਰਾਜ ਦੱਦਾਹੂਰ ਹਾਜ਼ਰ ਹੋਏ।

ਕੈਂਪ 'ਚ ਡਾਕਟਰੀ ਟੀਮ ਰਾਜਨ ਸਿੱਧੂ ਜਲੰਧਰ ਵਾਲੇ ਵਿਸ਼ੇਸ਼ ਹਾਜ਼ਰ ਹੋਏ। ਡਾਕਟਰ ਰਾਜਨ ਸੰਧੂ ਨੇ ਦੱਸਿਆ ਕਿ ਸਾਰੇ ਲੋਕਾਂ ਦੇ ਟੈਟਨਸ ਦੇ ਇੰਜੈਕਸ਼ਨ ਲਾਏ ਗਏ ਹਨ। ਇਸ ਤੋਂ ਇਲਾਵਾ ਦਰਦ, ਖਾਰਸ਼ ਤੇ ਆਮ ਬਿਮਾਰੀਆਂ ਦੀਆਂ ਦਵਾਈਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਅਜਿਹੇ ਮੌਕੇ ਡੇਂਗੂ ਫੈਲਣ ਦਾ ਡਰ ਬਣਿਆ ਰਹਿੰਦਾ ਹੈ, ਪਰ ਉਨ੍ਹਾਂ ਦੀ ਦਵਾਈ ਦੇਣ ਦੀ ਸਾਨੂੰ ਸਰਕਾਰ ਆਗਿਆ ਨਹੀਂ ਦਿੰਦੀ। ਲਖਵੀਰ ਸਿੰਘ ਦੌਧਰ ਤੇ ਰਾਜੂ ਪੱਤੋ ਨੇ ਕਿਹਾ ਕਿ ਅਸੀਂ ਇਹ ਸੇਵਾ ਨੂੰ ਸ਼ਰਧਾ ਭਾਵਨਾ ਨਾਲ ਕਰ ਰਹੇ ਹਾਂ। ਉਨ੍ਹਾਂ ਦੱਸਿਆ ਕਿ ਇਸ ਮੌਕੇ ਮੈਡੀਕਲ ਦੀ ਵੱਡੇ ਪੱਧਰ 'ਤੇ ਜ਼ਰੂਰਤ ਹੈ। ਉਨ੍ਹਾਂ ਪਹੁੰਚੇ ਡਾਕਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਵਿਧਾਇਕ ਜਿੰਪਾ ਨੇ ਕਰਵਾਈ 10 ਦਿਨਾ ਸਫ਼ਾਈ ਮੁਹਿੰਮ ਦੀ ਸ਼ੁਰੂਆਤ




ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਸ਼ੁਰੂ ਕੀਤੀ ਗਈ 10 ਦਿਨਾਂ ਦੀ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕਰਵਾਈ। ਇਹ ਮੁਹਿੰਮ 14 ਸਤੰਬਰ ਤੋਂ 23 ਸਤੰਬਰ ਤੱਕ ਚੱਲੇਗੀ, ਜਿਸ ਵਿਚ ਸ਼ਹਿਰ ਦੀਆਂ ਹੜ੍ਹ ਪ੍ਰਭਾਵਿਤ ਜਨਤਕ ਸਹੂਲਤਾਂ ਨੂੰ ਬਹਾਲ ਕੀਤਾ ਜਾਵੇਗਾ। ਇਹ ਮੁਹਿੰਮ ਟੈਗੋਰ ਪਾਰਕ ਦੇ ਨਾਲ ਲੱਗਦੇ ਭੰਗੀ ਚੋਅ ਕਾਜ਼ਵੇਅ ਤੋਂ ਸ਼ੁਰੂ ਹੋਈ। ਇਥੇ ਸਫ਼ਾਈ, ਟੋਏ ਭਰਨਾ, ਘਾਹ ਹਟਾਉਣਾ, ਸਟਰੀਟ ਲਾਈਟਾਂ ਦੀ ਮੁਰੰਮਤ ਅਤੇ ਚੋਅ ਦੇ ਨਾਲ-ਨਾਲ ਕੀਤੇ ਗਏ ਨਾਜਾਇਜ਼ ਕਬਜ਼ੇ ਹਟਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਮੌਕੇ ਮੇਅਰ ਨਗਰ ਨਿਗਮ ਸੁਰਿੰਦਰ ਕੁਮਾਰ, ਕਮਿਸ਼ਨਰ ਨਗਰ ਨਿਗਮ ਜਿਓਤੀ ਬਾਲਾ ਮੱਟੂ ਅਤੇ ਕਈ ਕੌਂਸਲਰ ਮੌਜੂਦ ਸਨ। ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਸੂਬੇ ਵਿਚ ਹੜ੍ਹਾਂ ਤੋਂ ਬਾਅਦ ਫੈਲੀ ਗੰਦਗੀ ਨੂੰ ਹਟਾਉਣ ਲਈ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਕੰਮ ਸੌਂਪਿਆ ਹੈ। ਇਸ ਤਹਿਤ ਨਗਰ ਨਿਗਮ ਕਮਿਸ਼ਨਰ ਦੀ ਅਗਵਾਈ ਹੇਠ ਪੂਰੀ ਟੀਮ ਸਫ਼ਾਈ ਦੇ ਕੰਮ ਵਿਚ ਲੱਗੀ ਹੋਈ ਹੈ। ਨਗਰ ਨਿਗਮ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਹੜ੍ਹ ਤੋਂ ਬਾਅਦ ਪ੍ਰਭਾਵਿਤ ਇਲਾਕਿਆਂ ਵਿਚ ਸਫ਼ਾਈ ਅਤੇ ਬੁਨਿਆਦੀ ਸਹੂਲਤਾਂ ਦੀ ਬਹਾਲੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਤਾਲਮੇਲ ਕਰਕੇ ਕੰਮ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨਾਗਰਿਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਸਫ਼ਾਈ ਮੁਹਿੰਮ ਵਿਚ ਸਹਿਯੋਗ ਕਰਨ ਅਤੇ ਆਪਣੇ ਖੇਤਰ ਵਿਚ ਖੁੱਲ੍ਹੇ ਵਿੱਚ ਕੂੜਾ ਨਾ ਸੁੱਟਣ।

# ਹਡਾਣਾ 'ਚ ਅਮਰ ਸ਼ਹੀਦ ਨਾਇਕ ਮਲਕੀਤ ਸਿੰਘ ਦੀ 25ਵੀਂ ਸਾਲਾਨਾ ਬਰਸੀ ਮਨਾਈ



ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ) ਸ਼ਹੀਦ ਸਭ ਦੇ ਸਾਂਝੇ ਤੇ ਕੌਮ ਦਾ ਸਰਮਾਇਆ ਹੁੰਦੇ ਹਨ। ਉਨ੍ਹਾਂ ਦੀ ਬਰਸੀ ਸਾਨੂੰ ਸਾਰਿਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਮਨਾਈ ਚਾਹੀਦੀ ਹੈ।ਇਨ੍ਹਾ ਸਬਦਾਂ ਦਾ ਪ੍ਰਗਟਾਵਾ ਰਣਜੋਧ ਸਿੰਘ ਹਡਾਣਾ ਚੇਅਰਮੈਨ ਪੀ.ਆਰ.ਟੀ.ਸੀ. ਪੰਜਾਬ ਨੇ ਪਿੰਡ ਹਡਾਣਾ ਵਿਖੇ ਅਮਰ ਸ਼ਹੀਦ ਨਾਇਕ ਮਲਕੀਤ ਸਿੰਘ ਦੀ 25 ਵੀਂ ਸਾਲਾਨਾ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆ ਕੀਤਾ।ਉਨ੍ਹਾਂ ਕਿਹਾ ਸਹੀਦ ਨਾਇਕ ਮਲਕੀਤ ਸਿੰਘ ਹਡਾਣਾ ਨੇ ਦੇਸ਼ ਦੀ ਖਾਤਰ ਜੋ ਕਾਰਗਿਲ ਦੇ ਯੁੱਧ ਵਿੱਚ ਜੋ ਮਹਾਨ ਕੁਰਬਾਨੀ ਦਿੱਤੀ, ਉਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਅਮਰਜੀਤ ਸਿੰਘ ਜਾਗਦੇ ਰਹੋ, ਲਖਮੀਰ ਸਿੰਘ ਸਲੋਟ, ਸ਼ਹੀਦ ਦੇ ਭਰਾ ਗੁਰਮੀਤ ਸਿੰਘ ਤੇ ਜਸਵਿੰਦਰ ਸਿੰਘ ਲੱਡੂ ਸਨੌਰ ਨੇ ਕੀਤੀ।ਦੇਸ ਦੇ ਵੱਖ-ਵੱਖ ਰਾਜਾਂ ਤੋਂ ਨੂਨਗਰ ਲਵਣਕਾਰ, ਸਮਾਜ ਦੇ ਲੋਕ ਵੀ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚੇ, ਜਿਸ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਹੀਦ ਨੂੰ ਨਮਨ ਹੋ ਰਹੀਆਂ ਸਨ।ਸ਼ਹੀਦ ਮਲਕੀਤ ਸਿੰਘ ਦੇ ਭਰਾ ਗੁਰਮੀਤ ਸਿੰਘ, ਸ਼ਹੀਦ ਦੀ ਪਤਨੀ ਕਰਮਜੀਤ ਕੌਰ ਤੇ ਸਪੁੱਤਰ ਮਨਿੰਦਰ ਸਿੰਘ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ।ਦੀਵਿਆ ਜੋਤੀ ਜਾਗ੍ਰਿਤੀ ਸੰਸਥਾਨ ਨੂਰ ਮਹਿਲ ਦੇ ਢਾਡੀ ਜੱਥੇ ਨੇ ਸੰਗਤਾਂ ਨੂੰ ਸ਼ਹੀਦ ਦੀ ਵਾਰਾਂ ਸੁਣਾ ਕੇ ਨਿਹਾਲ ਕੀਤਾ। ਪੀ.ਆਰ.ਟੀ.ਸੀ.ਪੰਜਾਬ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਵੱਲੋਂ ਸੰਗਤਾਂ ਨੂੰ ਵਿਸੇਸ਼ ਤੌਰ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਬੱਸ ਦਾ ਪ੍ਰਬੰਧ ਤੇ ਸਹਿਯੋਗ ਕੀਤਾ ਗਿਆ।ਇਹ ਬਰਸੀ ਅੰਤਰਰਾਸ਼ਟਰੀ ਪੱਧਰ 'ਤੇ ਮਨਾਈ ਗਈ।


## ਕਲਾਸੀਫਾਈਡ ਇਸ਼ਤਿਹਾਰ

### Change of Name

I, Keerti Multani w/o Dr. Tejinder Pal Multani R/o H.No.145, Master Tara Singh Nagar, Jalandhar have changed my minor daughter's name from Abegail Multani to Abegail Kaur Multani. All concerned please note.

I, Amarjot Kaur S/O Amit Kumar, R/o House Number 92, Gali Telian Wali, Chownk Majithian, Moga, Punjab- 142001, I have changed the name of my minor daughter Anmol Chhabra aged about 2 Years and She shall hereafter be known as Diya.

I, Seema W/o Kamaldeep Jassi R/o Village Kabulpur, PO. Sheikhe Pind, District Jalandhar-144025, Punjab have changed my name from Seema to Seema Jassi. All concerned please note.

I Gurpreet s/o Sukhdev Singh Vill kaler bala pai Tehsil Baba Bakala Distt Amritsar I declare that Gurpreet is my Given name as well as sir name, please concerned note.

I, Avinash Kumar S/o Raj Kumar R/O Ghumarian Mohalla, Behrampur Road, Gurdaspur Tehsil & Distt-Gurdaspur, Punjab, India. Declare that my given name as Avinash and my Surname as Kumar.

I, Harnek Singh S/o Bhag Singh R/o Vill Mandhiani PO Mohar Teh. Balachaur Distt. SBS Nagar Punjab Have Changed my name to Singh Harnek. All please note.

I, Kirandeep w/o Harpreet Singh r/o Vill. Budo Punder, Po. Ibban, Distt. Kapurthala, Punjab have changed my name from Kirandeep to Kirandeep Kaur. All Please Note.

I, Rajesh Kumar Leel s/o Chanan Ram r/o VPO. Rattewal, Tehsil Balachaur, Nawanshahr have changed my name to Rajesh Kumar. All Please Note.

I, Nachhattar Kaur Leel w/o Rajesh Kumar r/o VPO. Rattewal, Tehsil Balachaur, Nawanshahr have changed my name to Nachhattar Kaur. All Please Note.

I, Akashdeep Leel s/o Rajesh Kumar r/o VPO. Rattewal, Tehsil Balachaur, Nawanshahr have changed my name to Akashdeep. All Please Note.

I, Kuljinder Kaur Alias Sukhwinder Kaur w/o Gurdarshan Singh r/o Ward No. 1, Sant Nagar, Moga Punjab have changed my name to Kuljinder Kaur. All Please Note.

I, Vijay Kumar S/o Ram Murti R/o H.No.148, St.No. 6, Bhagatpura Phagwara, Distt. Kapurthala have changed my name from Vijay Kumar to Given name as Vijay & Surname as Kumar. All Please Note.

### Change of Name

I, Saroj Kumari W/o Vijay Kumar R/o H.No.148, St.No. 6, Bhagatpura Phagwara, Distt. Kapurthala have changed my name from Saroj Kumari to Given name as Saroj & Surname as Kumari. All Please Note.

I, Tirath Kaur W/o Jaswinder Singh R/o H.No.251, Greater Kailash, Near JCT Mill, Phagwara, Kapurthala, Punjab have changed my name from Tirath Kaur to Amandeep Kaur, after marriage. All Please Note.

I, Manjit Kaur W/o Amar Singh R/o Vill. Mallpur, Po. Mehrampur, SBS Nagar have changed my name from Manjit Kaur to Kaur Manjit (Surname as Kaur) All Please Note.

### ਬੇਦਖਲੀ ਨੋਟਿਸ

ਮੈਂ ਛੋਟੀ ਕੌਰ ਪਤਨੀ ਸਵਰਗੀ ਗੁਰਬਖਸ਼ ਸਿੰਘ ਵਾਸੀ ਪਿੰਡ ਦਫ਼ਤਰੀਵਾਲਾ ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦੀ ਹਾਂ ਕਿ ਮੇਰੇ ਪੁੱਤਰ ਪਿੱਲੂ ਸਿੰਘ ਅਤੇ ਨੂੰਹ ਦੀ ਮੌਤ ਹੋ ਚੁੱਕੀ ਹੈ। ? ਮੇਰਾ ਪੋਤਰਾ ਹੈਪੀ ਸਿੰਘ ਪੁੱਤਰ ਸਵਰਗੀ ਪਿੱਲੂ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਜੀਤ ਸਿੰਘ ਪੁੱਤਰ ਸ. ਚੰਨਣ ਸਿੰਘ ਵਾਸੀ ਪਿੰਡ ਖੁਰਮਪੁਰ, ਤਹਿਸੀਲ ਫਗਵਾੜਾ, ਜ਼ਿਲਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਰੀਕ ਸਿੰਘ ਅਤੇ ਉਸਦੀ ਪਤਨੀ ਰਾਜਵਿੰਦਰ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਇਹਨਾਂ ਦੇ ਬੱਚਿਆ ਸਮੇਤ ਸਤਨਾਮ ਸਿੰਘ ਅਤੇ ਮੈਵਨੀਨ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਸਾਰਿਆਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਹਰਦਿਆਲ ਪੁੱਤਰ ਚੰਨੂ ਰਾਮ ਵਾਸੀ ਮਕਾਨ ਨੰ. ਬੀ-1/229, ਰਵੀਦਾਸ ਨਗਰ ਮਕਸੂਦਾਂ, ਗ੍ਰੇਨ ਮਾਰਕੀਟ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਕੇਸ਼ ਕੁਮਾਰ ਉਮਰ ਕਰੀਬਨ 32 ਸਾਲ ਜੋ ਕਿ ਕੁਆਰਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੂਰਜ ਪੁੱਤਰ ਸ੍ਰੀ ਮਿਲਖੀ ਰਾਮ, ਵਾਸੀ ਪਿੰਡ ਟਾਹਲੀ, ਤਹਿ. ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਵਿਕਰਮਜੀਤ ਸਿੰਘ ਅਤੇ ਉਸ ਦੀ ਪਤਨੀ ਮਨਜੋਤ ਕੌਰ, ਜੋ ਮੇਰੇ ਕਹਿਣੇਕਾਰ ਨਹੀਂ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਬਾਜ਼ੀਗਰ ਬਰਾਦਰੀ ਦੇ ਵਰਤੀਆ ਜੇਠੇਰਿਆਂ ਦਾ ਮੇਲਾ ਅੱਜ

ਲੋਹੀਆਂ ਖਾਸ, (ਯੋਗੇਸ਼ਵਰ, ਗੀਨਾ ਸ਼ਰਮਾ)- ਬਾਜ਼ੀਗਰ ਬਰਾਦਰੀ ਦੇ ਵਰਤੀਆ ਦੇ ਜੇਠੇਰਿਆ ਦਾ ਮੇਲਾ 15 ਸਤੰਬਰ ਦਿਨ ਸੋਮਵਾਰ ਨੂੰ ਪਿੰਡ ਸਿੱਧਵਾਂ ਕਲਾਰਾਂ ਵਿਖੇ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ। ਇਸ ਮੌਕੇ ਪਰਮਜੀਤ ਸਿੰਘ ਪੰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਵੀਸ਼ਰ ਢਾਡੀ ਜੱਥੇ ਇਤਿਹਾਸਕ ਵਾਰਾਂ ਸੁਨਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਲੰਗਰ ਭੰਡਾਰਾ ਅਤੁੱਟ ਵਰਤਾਇਆ ਜਾਵੇਗਾ।ਮੇਲੇ ਸੰਬੰਧੀ ਤਿਆਰੀਆਂ ਮੁਕੰਮਲ ਕਰ ਲਿਆ ਗਈਆ ਹਨ।


## CRIMINAL COURTS, LUDHIANA

In The Court of Ms. Shruti
Judicial Magistrate - Ist Class,
Ludhiana

Next Date, Purpose of case, Orders and Judgments as well as other case information is available on http://ecourts.gov.in

Case No.:- COMA/42942/2022
M/s Shriram Transport Finance CO Ltd.
Vs Satinderjit Singh
PBLD03-060231-2022
NEXT DATE: 31-10-2025
Police Station/Fir No. Division 5//2022
138 of Negotiable Instruments Act
Proclamation requiring the appearance of a person accused
Detail of offence:-
Notice To:
Satinderjit Singh
:- Son of Avtar Singh Resident of VPO Sherpur Kalan, Jagraon, Punjab 142036

WHEREAS complaint/case has been made before me that Satinderjit Singh :- R/o Son of Avtar Singh Resident of VPO Sherpur Kalan, Jagraon, Punjab 142036 has committed (or is suspected to have committed) the offence punishable under section 138 of Negotiable Instruments Act and it has been returned to a warrant of arrest thereupon issued that the said SATINDERJIT SINGH cannot be found, and whereas it has been shown to my satisfaction that the said SATINDERJIT SINGH has absconded (or is concealing himself/herself to avoid the service of the said warrant); Proclamation is hereby made that the said SATINDERJIT SINGH is required to appear before this Court (or before me) on 31-10-2025 to answer the said compliant/Case.
Judicial Magistrate - Ist Class, Ludhiana
Dated, this day of 12-09-2025.



## SBI
BRANCH: HLC SANGRUR
DISTRICT : SANGRUR (PB)
email : sbi.64793@sbi.co.in

### ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਐੱਚ ਐੱਲ ਸੀ ਸੰਗਰੂਰ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।
ਕਰਜ਼ਦਾਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।
ਖਾਸ ਕਰਕੇ ਸੰਬੰਧਤ ਪਾਰਟੀਆਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਐੱਚ ਐੱਲ ਸੀ ਸੰਗਰੂਰ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।
ਉਪਲਬਧ ਸਮੇਂ 'ਚ ਸਕਿਉਰਡ ਐਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ | ਕਰਜ਼ਦਾਰ/ਗਰੰਟਰ/ਮਾਲਕ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 01. | ਕਰਜ਼ਦਾਰ-ਸ੍ਰੀ ਗੁਰਸੇਵਕ ਸਿੰਘ ਪੁੱਤਰ ਸ੍ਰੀ ਰਾਮ ਚੰਦ ਵਾਸੀ ਨੇੜੇ ਨਿਰੰਕਾਰੀ ਭਵਨ, ਬਾਈਪਾਸ ਰੋਡ, ਲਹਿਰਾਗਾਗਾ ਜ਼ਿਲ੍ਹਾ ਸੰਗਰੂਰ (ਪੰਜਾਬ)-148031 (ਬੀ) ਸ੍ਰੀਮਤੀ ਰਾਣੀ ਪਤਨੀ ਸ੍ਰੀ ਗੁਰਸੇਵਕ ਸਿੰਘ ਵਾਸੀ ਨੇੜੇ ਨਿਰੰਕਾਰੀ ਭਵਨ, ਬਾਈਪਾਸ ਰੋਡ, ਲਹਿਰਾਗਾਗਾ ਜ਼ਿਲ੍ਹਾ ਸੰਗਰੂਰ (ਪੰਜਾਬ)-148031 ਅਤੇ ਗਰੰਟਰ (ਏ)- ਸ੍ਰੀ ਕੁਲਦੀਪ ਸਿੰਘ ਪੁੱਤਰ ਸ੍ਰੀ ਬਲਰਾਜ ਸਿੰਘ ਵਾਸੀ ਪਿੰਡ ਨੰਗਲਾ, ਪੰਚਾਇਤ ਸੈਕਟਰੀ ਬੀ.ਡੀ.ਪੀ.ਓ ਲਹਿਰਾਗਾਗਾ ਜ਼ਿਲਾ ਸੰਗਰੂਰ (ਪੰਜਾਬ)-148031 | ਜ਼ਮੀਨ ਤੇ ਬਿਲਡਿੰਗ ਦਾ ਸਮੁੱਚਾ ਹਿੱਸਾ-ਖਾਤਾ/ਖਤੌਨੀ ਨੰਬਰ 611/1208 ਖਸਰਾ ਨੰਬਰ 43//15/2/1 (0-1), 44//11/1(5-1), 44//12/1(1-6) ਕਿੱਤਾ 3, ਰਕਬਾ 3/64 ਕੁਲ ਜ਼ਮੀਨ 6 ਕਨਾਲ 8 ਮਰਲੇ ਦਾ ਹਿੱਸਾ ਜੋ ਕਿ 0 ਕਨਾਲ 6 ਮਰਲਾ ਪਿੰਡ ਲਹਿਰਾ ਤਹਿਸੀਲ ਲਹਿਰਾਗਾਗਾ ਤੇ ਜ਼ਿਲ੍ਹਾ ਸੰਗਰੂਰ (ਪੰਜਾਬ) ਜਮ੍ਹਾਂਬੰਦੀ ਸਾਲ 2020-21 ਅਨੁਸਾਰ ਸ੍ਰੀ ਗੁਰਸੇਵਕ ਸਿੰਘ ਪੁੱਤਰ ਸ੍ਰੀ ਰਾਮ ਚੰਦ ਦੇ ਨਾਂਅ ਸੇਲ ਡੀਡ ਵਸੀਕਾ ਨੰਬਰ 1328 ਮਿਤੀ 26/12/2002. ਹੱਦਬੰਦੀ : ਪੂਰਬ-ਸ੍ਰੀਮਤੀ ਪ੍ਰਕਾਸ਼ੋ ਦੇਵੀ ਦੀ ਜਾਇਦਾਦ, ਪੱਛਮ-ਸੜਕ, ਉੱਤਰ-ਖਾਲੀ ਜ਼ਮੀਨ ਦੱਖਣ-ਸ੍ਰੀ ਸੋਹਣ ਸਿੰਘ ਦੀ ਜਾਇਦਾਦ | 24.06.2025 | 08.09.2025 | ਸੰਕੇਤਕ ਕਬਜ਼ਾ<br>23/06/2025 ਨੂੰ ਰੁਪਏ 6,01,146.00 (ਛੇ ਲੱਖ ਇੱਕ ਹਜ਼ਾਰ ਇੱਕ ਸੌ ਛਿਆਲੀ ਰੁਪਏ ਕੇਵਲ) ਵਿਆਜ ਅਤੇ ਹੋਰ ਖਰਚੇ, ਜੋ ਵੀ ਹੋਣਗੇ। |
| 02. | ਕਰਜ਼ਦਾਰ ਸ੍ਰੀ ਗੁਲਜਾਰੀ ਲਾਲ ਪੁੱਤਰ ਸ੍ਰੀ ਬਿਲਾਸ ਚੰਦ ਵਾਸੀ ਵਾਰਡ ਨੰਬਰ 10 ਨੇੜੇ ਨੈਸ਼ਨਲ ਪਬਲਿਕ ਸਕੂਲ ਲਹਿਰਾਗਾਗਾ ਜ਼ਿਲ੍ਹਾ ਸੰਗਰੂਰ (ਪੰਜਾਬ)148031 (ਬੀ) ਸ੍ਰੀ ਜਿਮੀ ਬਾਂਸਲ ਪੁੱਤਰ ਸ੍ਰੀ ਗੁਲਜਾਰੀ ਲਾਲ ਵਾਸੀ ਵਾਰਡ ਨੰਬਰ 10 ਨੇੜੇ ਨੈਸ਼ਨਲ ਪਬਲਿਕ ਸਕੂਲ ਲਹਿਰਾਗਾਗਾ ਜ਼ਿਲ੍ਹਾ ਸੰਗਰੂਰ (ਪੰਜਾਬ)148031 ਅਤੇ ਗਰੰਟਰ (ਏ) ਸ੍ਰੀ ਕ੍ਰਿਸ਼ਨ ਕੁਮਾਰ ਪੁੱਤਰ ਸ੍ਰੀ ਬਚਨਾ ਰਾਮ ਵਾਸੀ ਪਿੰਡ ਹਮੀਰਗੜ੍ਹ ਜ਼ਿਲ੍ਹਾ ਸੰਗਰੂਰ (ਪੰਜਾਬ ) 148033 | ਜ਼ਮੀਨ ਅਤੇ ਇਮਾਰਤ ਦਾ ਸਮੁੱਚਾ ਹਿੱਸਾ ਖਾਤਾ/ਖਤੌਨੀ ਨੰਬਰ 779/1645, ਖਸਰਾ ਨੰਬਰ 47//11/17(1-7), 47//20/11 (1-17), ਕਿੱਤਾ ਨੰਬਰ 2, ਰਕਬਾ 11/128 ਕੁਲ ਜ਼ਮੀਨ 03 ਕਨਾਲ, 04 ਮਰਲੇ ਦਾ ਹਿੱਸਾ ਜੋ ਕਿ 0 ਕਨਾਲ 5 ਮਰਲਾ ਪਿੰਡ ਲਹਿਰਾ, ਤਹਿਸੀਲ ਲਹਿਰਾਗਾਗਾ ਤੇ ਜ਼ਿਲ੍ਹਾ ਸੰਗਰੂਰ (ਪੰਜਾਬ) ਜਮ੍ਹਾਂਬੰਦੀ 2010-11 ਅਨੁਸਾਰ ਜੋ ਕਿ ਸ੍ਰੀ ਗੁਲਜਾਰੀ ਲਾਲ ਪੁੱਤਰ ਸ੍ਰੀ ਬਿਲਾਸ ਚੰਦ ਦੇ ਨਾਂਅ ਹੈ, ਸੇਲ ਡੀਡ ਵਸੀਕਾ ਨੰਬਰ 551 ਮਿਤੀ 5/6/2002 ਹੱਦਬੰਦੀ :ਪੂਰਬ ਸ੍ਰੀ ਕਰਨੈਲ ਦੀ ਜਾਇਦਾਦ , ਪੱਛਮ : ਗਲੀ ਉੱਤਰ: ਸ੍ਰੀ ਮੱਖਣ ਦੀ ਜਾਇਦਾਦ, ਦੱਖਣ :ਸ੍ਰੀ ਕਰਨੈਲ ਦੀ ਜਾਇਦਾਦ | 24.06.2025 | 08.09.2025 | ਸੰਕੇਤਕ ਕਬਜ਼ਾ<br>23/06/2025 ਨੂੰ ਰੁਪਏ 2,55,578.00 (ਦੋ ਲੱਖ ਪਚਵੰਜਾ ਹਜ਼ਾਰ ਪੰਜ ਸੌ ਅਠੱਤਰ ਰੁਪਏ ਕੇਵਲ) ਵਿਆਜ ਅਤੇ ਹੋਰ ਖਰਚੇ, ਜੋ ਵੀ ਹੋਣਗੇ। |
| 03. | ਕਰਜ਼ਦਾਰ-ਸ੍ਰੀ ਚੱਜੂ ਸਿੰਘ ਉਰਫ ਸ੍ਰੀ ਸੱਜਣ ਸਿੰਘ ਪੁੱਤਰ ਸ੍ਰੀ ਦਲੀਪ ਸਿੰਘ ਵਾਸੀ ਵਾਰਡ ਨੰਬਰ 2, ਅੰਬੇਦਕਰ ਨਗਰ, ਅਹਿਮਦਗੜ੍ਹ ਜ਼ਿਲ੍ਹਾ ਮਲੇਰਕੋਟਲਾ (ਪੰਜਾਬ) 148021 ਅਤੇ ਗਰੰਟਰ (ਏ) ਸ੍ਰੀ ਲਖਵਿੰਦਰ ਸਿੰਘ ਪੁੱਤਰ ਸ੍ਰੀ ਜੀਤ ਸਿੰਘ ਵਾਸੀ ਪਿੰਡ ਨਾਨਕਪੁਰ ਜਗੇੜਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ (ਪੰਜਾਬ)-141117 | ਜ਼ਮੀਨ ਤੇ ਬਿਲਡਿੰਗ ਦਾ ਸਮੁੱਚਾ ਹਿੱਸਾ- ਖਾਤਾ/ਖਤੌਨੀ ਨੰਬਰ 1150/1478 ਖਸਰਾ ਨੰਬਰ 19//12/1 (5-10), ਰਕਬਾ 1/33 ਜੋ ਕਿ ਕੁਲ ਜ਼ਮੀਨ 05 ਕਨਾਲ 10 ਮਰਲੇ ਦਾ ਹਿੱਸਾ, ਜੋ ਕਿ 0-3.1/3 ਮਰਲਾ (100 ਵਰਗ ਗਜ) ਪਿੰਡ ਬਹਾਦਰਗੜ੍ਹ ਤਹਿਸੀਲ ਅਹਿਮਦਗੜ੍ਹ ਜ਼ਿਲ੍ਹਾ ਮਲੇਰਕੋਟਲਾ (ਪੰਜਾਬ) ਜਮ੍ਹਾਂਬੰਦੀ ਸਾਲ 2017-18 ਅਨੁਸਾਰ ਸ੍ਰੀ ਚੱਜੂ ਸਿੰਘ ਉਰਫ ਸ੍ਰੀ ਸਾਜਨ ਸਿੰਘ ਪੁੱਤਰ ਸ੍ਰੀ ਦਲੀਪ ਸਿੰਘ ਦੇ ਨਾਂਅ ਹੈ। ਸੇਲ ਡੀਡ ਵਸੀਕਾ ਨੰਬਰ 800 ਮਿਤੀ 20/10/1992 ਹੱਦਬੰਦੀ:ਪੂਰਬ-ਬਿੱਟੂ ਦੀ ਜਾਇਦਾਦ, ਪੱਛਮ-ਖਾਲੀ ਜ਼ਮੀਨ, ਉੱਤਰ-ਰਿਹਾਇਸ਼ੀ ਮਕਾਨ, ਦੱਖਣ-ਸੜਕ | 24.06.2025 | 09.08.2025 | ਸੰਕੇਤਕ ਕਬਜ਼ਾ<br>23/06/2025 ਨੂੰ ਰੁਪਏ 1,68,388.00 (ਇੱਕ ਲੱਖ ਅਠਾਹਠ ਹਜ਼ਾਰ ਤਿੰਨ ਸੌ ਅਠਾਸੀ ਰੁਪਏ ਕੇਵਲ) ਵਿਆਜ ਅਤੇ ਹੋਰ ਖਰਚੇ, ਜੋ ਵੀ ਹੋਣਗੇ। |
| 04. | ਕਰਜ਼ਦਾਰ ਸ੍ਰੀ ਸਲਾਮਦੀਨ ਪੁੱਤਰ ਸ੍ਰੀ ਵਲੀ ਮੁਹੰਮਦ ਵਾਸੀ ਮੁਹੱਲਾ ਚਾਦ ਰਾਉ ਵਾਲਾ ਸਰੌਦ ਰੋਡ ਮਲੇਰਕੋਟਲਾ (ਪੰਜਾਬ)-148023 ਤੇ ਗਰੰਟਰ ਸ੍ਰੀ ਹਰਵਿੰਦਰ ਸਿੰਘ ਪੁੱਤਰ ਸ੍ਰੀ ਧਰਮਪਾਲ ਵਾਸੀ ਸਾਜਦਾ ਕਲੋਨੀ, ਮਲੇਰਕੋਟਲਾ ਜ਼ਿਲ੍ਹਾ ਮਲੇਰਕੋਟਲਾ (ਪੰਜਾਬ)-148023 | ਜ਼ਮੀਨ ਤੇ ਬਿਲਡਿੰਗ ਦਾ ਸਮੁੱਚਾ ਹਿੱਸਾ-ਖਾਤਾ ਨੰਬਰ 2784/4611 ਖਸਰਾ ਨੰਬਰ 126//23/2 ਮਿਨ (0-10) ਅਤੇ 126//24 ਮਿਨ (1-10) ਕਿੱਤਾ 2, ਰਕਬਾ 1/12 ਕੁਲ ਜ਼ਮੀਨ 2-1 ਕਨਾਲ ਦਾ ਹਿੱਸਾ ਜੋ ਕਿ 0-3.1/3 ਮਰਲਾ (100 ਵਰਗ ਗਜ਼) ਪਿੰਡ ਮਲੇਰਕੋਟਲਾ ਮੁਹੱਲਾ ਚਾਹ ਰਾਉ ਵਾਲਾ ਮਲੇਰਕੋਟਲਾ ਜਮ੍ਹਾਂਬੰਦੀ ਸਾਲ 2013-14 ਸ੍ਰੀ ਸਾਲਮਦੀਨ ਪੁੱਤਰ ਸ੍ਰੀ ਵਲੀ ਮੁਹੰਮਦ ਦੇ ਨਾਂਅ ਹੈ। ਸੇਲ ਡੀਡ ਵਸੀਕਾ ਨੰਬਰ 1612 ਮਿਤੀ 5/8/2004 ਹੱਦਬੰਦੀ : ਪੂਰਬ-ਸ਼ਮਸ਼ਾਨ ਘਾਟ,ਪੱਛਮ-ਰਸਤਾ, ਉੱਤਰ-ਪਲਾਟ। ਦੱਖਣ-ਪਲਾਟ | 17.06.2025 | 09.09.2025 | ਸੰਕੇਤਕ ਕਬਜ਼ਾ<br>13/06/2025 ਨੂੰ ਰੁਪਏ 1,23,991.00 (ਇੱਕ ਲੱਖ ਤੇਈ ਹਜ਼ਾਰ ਨੌਂ ਸੌ ਇਕਾਨਵੇਂ ਰੁਪਏ ਕੇਵਲ) ਵਿਆਜ ਅਤੇ ਹੋਰ ਖਰਚੇ, ਜੋ ਵੀ ਹੋਣਗੇ। |
| 05. | ਕਰਜ਼ਦਾਰ ਸ੍ਰੀ ਅਸ਼ਵਨੀ ਕੁਮਾਰ ਪੁੱਤਰ ਸ੍ਰੀ ਪ੍ਰੇਮ ਚੰਦ ਵਾਸੀ ਮਕਾਨ ਨੰਬਰ 148 ਵਾਰਡ ਨੰਬਰ 2 ਨੇੜੇ ਨਾਨਕਸਰ ਗੁਰਦੁਆਰਾ ਪਿਛਵਾੜੇ ਮਾਰਕਫੈਡ ਗੋਦਾਮ, ਜਨਤਾ ਨਗਰ, ਧੂਰੀ ਸੰਗਰੂਰ (ਪੰਜਾਬ) 148024 | ਜਾਇਦਾਦ ਰਕਬਾ 0-2 ਬਿਸਵਾ 10 ਬਿਸਵਾਂਸੀ ਜੋ ਕਿ 50/1540 ਕੁਲ ਜ਼ਮੀਨ ਰਕਬਾ 3 ਬਿਘਾ 17 ਬਿਸਵਾ ਦਾ ਹਿੱਸਾ। ਖਾਤਾ ਨੰਬਰ 1018/1893 ਖਸਰਾ ਨੰਬਰ 884/3-17 ਵਾਰਡ ਨੰਬਰ 2 ਨੇੜੇ ਨਾਨਕਸਰ ਗੁਰਦੁਆਰੇ ਪਿਛਵਾੜੇ ਮਾਰਕਫੈਡ ਗੋਦਾਮ, ਜਨਤਾ ਨਗਰ, ਧੂਰੀ ਸੰਗਰੂਰ (ਪੰਜਾਬ) ਸ੍ਰੀ ਅਸ਼ਵਨੀ ਕੁਮਾਰ ਪੁੱਤਰ ਸ੍ਰੀ ਪ੍ਰੇਮ ਚੰਦ ਦੇ ਨਾਂਅ ਰਜਿਸਟਰਡ ਸੇਲ ਡੀਡ ਵਸੀਕਾ ਨੰਬਰ 1240 ਮਿਤੀ 21/6/2016, ਹੱਦਬੰਦੀ : ਪੂਰਬ 71 ਫੁੱਟ 8 ਇੰਚ ਮਕਾਨ ਕਰਨੈਲ ਸਿੰਘ, ਪੱਛਮ 71 ਫੁੱਟ 8 ਇੰਚ ਮਕਾਨ ਕਾਨੂੰਨੀ ਵਾਰਿਸ, ਦੱਖਣ-15 ਫੁੱਟ 9 ਇੰਚ ਮਕਾਨ ਸੱਤੂ, ਦੱਖਣ-15 ਫੁੱਟ 9 ਇੰਚ ਗਲੀ 19 ਫੁੱਟ ਚੌੜੀ | 29.05.2025 | 09.09.2025 | ਸੰਕੇਤਕ ਕਬਜ਼ਾ<br>05/06/2023 ਨੂੰ ਰੁਪਏ 4,80,347.62 (ਚਾਰ ਲੱਖ ਅੱਸੀ ਹਜ਼ਾਰ ਤਿੰਨ ਸੌ ਸੰਤਾਲੀ ਰੁਪਏ ਅਤੇ ਬਾਹਠ ਪੈਸੇ ਕੇਵਲ) ਵਿਆਜ ਅਤੇ ਹੋਰ ਖਰਚੇ, ਜੋ ਵੀ ਹੋਣਗੇ। |

ਮਿਤੀ : 14.09.2025    ਸਥਾਨ:ਸੰਗਰੂਰ    ਅਧਿਕਾਰਤ ਅਫਸਰ

# ਪਾਬੰਦੀਸ਼ੁਦਾ ਗੋਲੀਆਂ ਸਮੇਤ ਵਿਅਕਤੀ ਕਾਬੂ

**ਆਦਮਪੁਰ (ਪਰਮਜੀਤ ਸਿੰਘ)**- ਐਸ.ਐਸ.ਪੀ ਦਿਹਾਤੀ ਜਲੰਧਰ ਹਰਵਿੰਦਰ ਸਿੰਘ ਵਿਰਕ ਦੇ ਹੁਕਮਾਂ ਤਹਿਤ ਨਸ਼ਾ ਤਸਕਰਾਂ ਦੇ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆ ਵਿਰੁੱਧ ਤਹਿਤ ਐਸ.ਆਈ ਕ੍ਰਿਸ਼ਨ ਗੋਪਾਲ ਮੁੱਖ ਅਫਸਰ ਥਾਣਾ ਪਤਾਰਾ ਦੀ ਪੁਲਸ ਪਾਰਟੀ ਸਮੇਤ ਪਿੰਡ ਢੱਡਾ ਤੋ ਪਿੰਡ ਕੰਗਣੀਵਾਲ ਨੂੰ ਜਾਂਦੇ ਸਮੇਂ ਪਿੰਡ ਢੱਡਾ ਪਾਸ ਪੁੱਜੀ ਤਾ ਬੰਦ ਦੁਕਾਨਾਂ ਦੇ ਬਾਹਰ ਸ਼ਟਰ ਕੋਲ ਇੱਕ ਮੋਨਾ ਵਿਅਕਤੀ ਖੜਾ ਦਿਖਾਈ ਦਿੱਤਾ। ਜਿਸਨੇ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਆਪਣੀ ਪੈਂਟ ਦੀ ਸੱਜੀ ਜੇਬ ਵਿਚੋ ਇੱਕ ਭਾਰੀ ਮੋਮੀ ਕਾਲੇ ਰੰਗ ਦਾ ਲਿਫਾਫਾ ਘਾਹ ਫੂਸ ਵਿਚ ਸੁੱਟ ਦਿਤਾ। ਜਿਸ ਨੂੰ ਐਚ.ਸੀ ਬਰਜਿੰਦਰ ਪਾਲ ਨੇ ਪੁਲਿਸ ਪਾਰਟੀ ਦੀ ਸਹਾਇਤਾ ਨਾਲ ਕਾਬੂ ਕਰਕੇ ਨਾਂਅ ਪਤਾ ਪੁਛਿਆ ਤਾਂ ਉਸ ਨੇ ਆਪਣਾ ਨਾਮ ਨੀਤੂ ਕੁਮਾਰ ਉਰਫ ਕਰਨ ਪੁੱਤਰ ਬੂੰਦੇ ਲਾਲ ਵਾਸੀ ਮਕਾਨ ਨੰਬਰ 401, ਗਲੀ ਨੰਬਰ 4, ਨਿਊ ਬੇਅੰਤ ਨਗਰ ਥਾਣਾ ਰਾਮਾਮੰਡੀ ਜਿਲਾ ਜਲੰਧਰ ਦੱਸਿਆ। ਜਿਸ ਵੱਲੋਂ ਸੁੱਟੇ ਮੋਮੀ ਵਿਚੋਂ 85 ਖੁੱਲੀਆ ਪਾਬੰਦੀਸ਼ੁਦਾ (ਨਸ਼ੀਲੀਆਂ) ਗੋਲੀਆਂ ਬਰਾਮਦ ਹੋਈਆਂ। ਉਕਤ ਵਿਅਕਤੀ ਖਿਲਾਫ ਥਾਣਾ ਪਤਾਰਾ ਵਿੱਖੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮੁਲਜ਼ਮ ਨੀਤੂ ਕੁਮਾਰ ਉਰਫ ਕਰਨ ਨੂੰ ਮਾਨਯੋਗ ਅਦਾਲਤ ਪੇਸ਼ ਕਰਕੇ ਉਸਦਾ ਰਿਮਾਂਡ ਹਾਸਲ ਕਰਦੇ ਹੋਏ ਹੋਰ ਪੁੱਛਗਿੱਛ ਕੀਤੀ ਜਾਵੇਗੀ।





# ਸਿੱਧੂ ਜਠੇਰਿਆਂ ਤੇ ਪਿੱਤਰ ਸ਼ਰਾਧ ਸ਼ਰਧਾ ਨਾਲ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਿੰਡ ਭੀਣ ਵਿਖੇ ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਸਿੱਧੂ ਜਠੇਰਿਆ ਤੇ ਪਿੱਤਰ ਦਾ ਸਰਾਧ ਮਨਾਇਆ ਗਿਆ। ਇਸ ਮੌਕੇ ਤੇ ਸੇਵਾਦਾਰ ਸਤਨਾਮ ਸਿੰਘ ਕਮਲ ਸਿੱਧੂ ਨੇ ਦੱਸਿਆ ਕਿ ਸਿੱਧੂ ਜਠੇਰੇ ਸੇਵਾ ਵੈਲਫੇਅਰ ਕਮੇਟੀ ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਪਿੰਡ ਭੀਣ ਸਿੱਧੂ ਜਠੇਰਿਆ ਤੇ ਪਿੱਤਰ ਸਰਾਧ ਮਨਾਇਆ ਜਿਸ ਵਿੱਚ ਸੱਭ ਤੋ ਪਹਿਲਾ ਸਵੇਰੇ ਮੂਰਤੀਆ ਦੇ ਇਸ਼ਨਾਨ ਅਤੇ ਮੂਰਤੀਆ ਦੇ ਵਸਤਰ ਸਮੂਹ ਸੰਗਤਾਂ ਵਲੋ ਬਦਲੇ ਗਏ। ਇਸ ਮੌਕੇ ਤੇ ਨਿਸ਼ਾਨ ਸਾਹਿਬ ਵੀ ਸੰਗਤਾ ਦੇ ਸਹਿਯੋਗ ਨਾਲ ਚੜਾਈਆ ਗਿਆ ਅਤੇ ਹੋਰ ਵੀ ਜਿਹੜੀਆਂ ਬਣਦੀਆ ਰਸਮਾ ਸਮੂਹ ਸੰਗਤਾ ਦੇ ਸਹਿਯੋਗ ਨਾਲ ਜਠੇਰਿਆ ਤੇ ਕੀਤੀਆਂ ਗਈਆਂ। ਇਸ ਮੌਕੇ ਤੇ ਮੁੱਖ ਸੇਵਾਦਾਰ ਸਤਨਾਮ ਸਿੰਘ ਕਮਲ ਸਿੱਧੂ ਨੇ ਕਿਹਾ ਹੈ ਸਾਨੂੰ ਆਪਣੇ ਵੱਡੇ ਵਡੇਰੇਆ ਦੀ ਮਾਤਾ ਪਿਤਾ ਦੀ ਸੇਵਾ ਕਰਨੀ ਚਾਹੀਦਾ ਹੈ। ਲੰਗਰ ਵੀ ਸੰਗਤਾਂ ਲਈ ਅੱਤੁਟ ਵਰਤਾਇਆ ਗਿਆ।

# ਸ਼੍ਰੋਮਣੀ ਅਕਾਲੀ ਦਲ ਨੇ ਮੌਜੂਦਾ ਹੜ੍ਹਾਂ ਦੌਰਾਨ ਲੋਕਾਂ ਦੀ ਬਾਂਹ ਫੜੀ : ਮਹੇਸ਼ਇੰਦਰ ਗਰੇਵਾਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ਼੍ਰੋਮਣੀ ਅਕਾਲੀ ਦਲ ਬਾਦਲ ਮੌਜੂਦਾ ਸਮੇਂ ਦੌਰਾਨ ਹੜ ਦੀ ਸਥਿਤੀ ਵਿੱਚ ਲੋਕਾਂ ਦੇ ਨਾਲ ਖੜਾ ਹੈ ਅਤੇ ਪਾਰਟੀ ਵੱਲੋਂ ਲੋਕਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੇ ਮੈਂਬਰ ਅਤੇ ਸੀਨੀਅਰ ਮੀਤ ਪ੍ਰਧਾਨ ਮਹੇਸ਼ ਇੰਦਰ ਸਿੰਘ ਗਰੇਵਾਲ ਨੇ ਟਾਂਡਾ ਵਿਖੇ ਕੀਤੀ ਗਈ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। ਉਹਨਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੜਾਂ ਦੇ ਦੌਰਾਨ ਲੋਕਾਂ ਵਿੱਚ ਜਾ ਕੇ ਜਿੱਥੇ ਲੋਕਾਂ ਦੀ ਮਾਲੀ ਮਦਦ ਕਰ ਰਹੇ ਹਨ ਉੱਥੇ ਹੀ ਲੋਕਾਂ ਦੇ ਹੋਏ ਨੁਕਸਾਨ ਦੀ ਪੂਰਤੀ ਵਾਸਤੇ ਵੀ ਪੂਰੀ ਤਰ੍ਹਾਂ ਬਚਨ ਵੱਧ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਉਹਨਾਂ ਵੱਲੋਂ ਸਮੁੱਚੇ ਸ਼੍ਰੋਮਣੀ ਅਕਾਲੀ ਦਲ ਨੂੰ ਲੈ ਕੇ ਪੰਜਾਬ ਦੇ ਲੋੜਵੰਦ ਲੋਕਾਂ ਦੀ ਬਾਂਹ ਫੜੀ ਜਾਵੇਗੀ। ਇਸ ਮੌਕੇ ਉਨ੍ਹਾਂ ਹੋਰ ਕਿਹਾ ਹੈ ਕਿ ਜਿਲਾ ਹੁਸ਼ਿਆਰਪੁਰ ਵਿੱਚ ਹੜਾਂ ਕਾਰਨ ਹੋਏ ਨੁਕਸਾਨ ਦੀ ਪੂਰਤੀ ਵਾਸਤੇ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਉਪਰੰਤ ਸਮੁੱਚੀ ਰਿਪੋਰਟ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪੀ ਜਾਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਜਤਿੰਦਰ ਸਿੰਘ ਲਾਲੀ ਬਾਜਵਾ,ਦੇਸ ਰਾਜ ਸਿੰਘ ਧੁੱਗਾ, ਅਰਵਿੰਦਰ ਸਿੰਘ ਰਸੂਲਪੁਰ, ਸੰਦੀਪ ਸਿੰਘ ਸੀਕਰੀ, ਰਣਵੀਰ ਰਾਣਾ, ਇਕਬਾਲ ਸਿੰਘ ਜੌਹਲ, ਲਖਵਿੰਦਰ ਸਿੰਘ ਟਿੰਮੀ, ਸਤਨਾਮ ਸਿੰਘ ਬੰਟੀ, ਕਿਰਪਾਲ ਸਿੰਘ ਗੇਰਾ, ਸਰਬਜੀਤ ਸਿੰਘ ਮੋਮੀ, ਗੁਰਜਿੰਦਰ ਸਿੰਘ ਗੁਰਾਇਆ,ਵੀ ਹਾਜ਼ਰ ਸਨ।



# ਲੋਕ ਅਦਾਲਤ 'ਚ 137 ਕੇਸਾਂ ਦਾ ਨਿਪਟਾਰਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੂਰੇ ਦੇਸ਼ ਵਿੱਚ ਜਿੱਥੇ ਲੋਕ ਅਦਾਲਤਾਂ ਲਗਾ ਕੇ ਲੋਕਾਂ ਨੂੰ ਇਨਸਾਫ ਦਿੱਤਾ ਗਿਆ ਉਥੇ ਹੀ ਅਨੰਦਪੁਰ ਸਾਹਿਬ ਦੇ ਕੋਰਟ ਕੰਪਲੈਕਸ ਦੇ ਵਿੱਚ ਵੀ ਲੋਕ ਅਦਾਲਤ ਲਗਾਈ ਗਈ। ਅਨੰਦਪੁਰ ਸਾਹਿਬ ਵਿੱਚ ਮਾਨਯੋਗ ਜਸਟਿਸ ਮਿਸ ਅਰਾਧਿਕਾ ਦੀ ਅਗਵਾਈ ਵਿੱਚ ਲਗਾਈ ਗਈ। ਜਸਟਿਸ ਮਿਸ ਅਰਾਧਿਕਾ ਅਤੇ ਲੋਕ ਅਦਾਲਤ ਦੇ ਮੈਂਬਰ ਹਕੀਮ ਹਰਮਿੰਦਰ ਪਾਲ ਸਿੰਘ ਮਿਨਹਾਸ ਨੇ ਦੱਸਿਆ ਕਿ ਇਹ ਇਸ ਸਾਲ ਦੀ ਤੀਸਰੀ ਰਾਸ਼ਟਰੀ ਲੋਕ ਅਦਾਲਤ ਸੀ। ਜਿਸ ਵਿੱਚ ਤਕਰੀਬਨ ਕੁੱਲ 201 ਸਿਵਲ ਅਤੇ ਕ੍ਰਿਮੀਨਲ ਕੇਸ ਆਏ ਜਿਨ੍ਹਾ ਵਿੱਚੋਂ 137 ਕੇਸਾਂ ਦਾ ਮੌਕੇ ਤੇ ਹੀ ਨਿਪਟਾਰਾ ਹੋਇਆ। ਇਸ ਮੌਕੇ ਕੁੱਲ 7107391 ਰੁਪੈ ਦੇ ਕਲੇਮ /ਅਵਾਰਡ ਸੈਟਲ ਕੀਤੇ ਗਏ। ਇਸ ਮੌਕੇ ਜਸਟਿਸ ਮਿਸ ਅਰਾਧਿਕਾ ਨੇ ਕਿਹਾ ਕਿ ਲੋਕਾਂ ਨੂੰ ਲੋਕ ਅਦਾਲਤਾਂ ਵਿੱਚ ਸਸਤਾ ਤੇ ਜਲਦੀ ਨਿਆਏ ਮਿਲਦਾ ਹੈ ਇਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਲੋਕ ਅਦਾਲਤਾਂ ਦਾ ਸਹਾਰਾ ਲੈਣਾ ਚਾਹੀਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਮੈਂਬਰ ਐਡਵੋਕੇਟ ਦਵਿੰਦਰ ਚੌਧਰੀ , ਵਰੁਣ ਤਨੇਜਾ ਰੀਡਰ, ਨਵਦੀਪ ਸਿੰਘ ਸਟੈਨੋ, ਸ਼ੰਮੀ ਅਹਿਲਮਦ, ਹੇਮਰਾਜ ਅਰਦਲੀ, ਐਡਵੋਕੇਟ ਸਚਿਨ ਕੌਸ਼ਲ, ਐਡਵੋਕੇਟ ਹਰੀਸ਼ ਚੇਤਲ ,ਐਡਵੋਕੇਟ ਰਵਿੰਦਰ ਰਤਨ ਆਦਿ ਹਾਜ਼ਰ ਸਨ।



# ਲੋੜਵੰਦ ਵਿਅਕਤੀਆਂ ਨੂੰ ਦੰਦਾਂ ਦੇ ਡੈਂਚਰ ਦਿੱਤੇ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਡੇਰਾ ਲੋਹ ਲੰਗਰ ਗੁਰਦੁਆਰਾ ਸੁਸਾਇਟੀ ਪਿੰਡ ਨੰਗਲ ਖੁਰਦ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦੰਦਾਂ ਦੇ ਡੈਂਚਰ ਵੰਡੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਡੇਰਾ ਬਿਸ਼ਨਪੁਰੀ ਨੰਗਲ ਖੁਰਦ ਵਿਖੇ ਹਰ ਸ਼ਨੀਵਾਰ ਨੂੰ ਸ਼ਾਮੀ 3 ਤੋਂ 5 ਵਜੇ ਤੱਕ ਡਾਕਟਰ ਵਰੁਨ ਸਹੋਤਾ ਅਤੇ ਡਾਕਟਰ ਪਰਮਿੰਦਰ ਕੌਰ ਵਿਸ਼ੇਸ਼ ਤੌਰ ਤੇ ਪਹੁੰਚਦੇ ਹਨ। ਇਸ ਮੌਕੇ ਮਰੀਜ਼ਾਂ ਦੀਆ ਦੰਦਾਂ, ਸਕਿਨ ਅਤੇ ਹੋਰ ਬਿਮਾਰੀਆਂ ਦਾ ਚੈੱਕ ਕਰਕੇ ਮੁਫ਼ਤ ਦਵਾਈ ਦਿਤੀ ਜਾਂਦੀ ਹੈ। ਸੰਤ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਸੁਸਾਇਟੀ ਦੇ ਮੈਂਬਰ ਸੁਸਾਇਟੀ ਦੇ ਕੰਮ ਕਾਰ ਨੂੰ ਹੋਰ ਵੀ ਉਸਾਰੂ ਢੰਗ ਨਾਲ ਚਲਾਉਣ ਲਈ ਹਰ ਤਰ੍ਹਾਂ ਦੇ ਉਪਰਾਲੇ ਕਰਦੇ ਰਹਿੰਦੇ ਹਨ।



# ਲਾਇਨਜ਼ ਕਲੱਬ ਬੰਗਾ ਸਿਮਰਨ ਵੱਲੋਂ ਨਿਭਾਈਆ ਜਾ ਰਹੀਆਂ ਸੇਵਾਵਾਂ ਸ਼ਲਾਘਾਯੋਗ : ਹਰਜੋਤ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਪੁਰੀਆ)**- ਇੰਟਰਨੈਸ਼ਨਲ ਪ੍ਰੈਜੀਡੈਂਟ 321 ਲਾਇਨ ਏ.ਪੀ. ਸਿੰਘ ਦੇ ਦਿਸ਼ਾ ਨਿਰਦੇਸ਼ ਤੇ ਕਲੱਬ ਐਡਮਨਿਸਟਰੇਟਰ ਲਾਇਨ ਧੀਰਜ ਕੁਮਾਰ ਮੱਕੜ ਦੀ ਰਹਿਨੁਮਾਈ ਅਗਵਾਈ ਹੇਠ ਚਾਰਟਰਡ ਪ੍ਰਧਾਨ ਲਾਇਨ ਮੀਨੂੰ ਭੁੱਟਾ ਦੀ ਪ੍ਰਧਾਨਗੀ ਹੇਠ ਕਰਵਾਏ ਸਮਾਗਮ ਦੌਰਾਨ ਹਲਕਾ ਸੰਗਠਨ ਇੰਚਾਰਜ ਆਮ ਆਦਮੀ ਪਾਰਟੀ ਤੇ ਇਸਤਰੀ ਵਿੰਗ ਜਨਰਲ ਸਕੱਤਰ ਪੰਜਾਬ ਹਰਜੋਤ ਕੌਰ ਲੋਹਟੀਆ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਰਜੋਤ ਕੌਰ ਲੋਹਟੀਆਂ ਨੇ ਕਲੱਬ ਪ੍ਰਧਾਨ ਲਾਇਨ ਮੀਨੂੰ ਭੁੱਟਾ ਤੇ ਕਲੱਬ ਮੈਂਬਰਾਂ ਦਾ ਇਸ ਸਨਮਾਨ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਲਾਇਨਜ਼ ਕਲੱਬ ਬੰਗਾ ਸਿਮਰਨ ਵਲੋਂ ਸਮਾਜ ਅੰਦਰ ਨਿਭਾਈਆ ਜਾ ਰਹੀਆਂ ਸੇਵਾਵਾਂ ਅਤਿ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਲਾਇਨਜ਼ ਕਲੱਬ ਬੰਗਾ ਸਿਮਰਨ ਸਮਾਜ ਦੇ ਹਰ ਖੇਤਰ ਚ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ ਜੋ ਕਲੱਬ ਲਈ ਬੜੇ ਮਾਣ ਵਾਲੀ ਗੱਲ ਹੈ। ਇਸ ਮੌਕੇ ਪਾਸਟ ਗਵਰਨਰ ਪਰਮਜੀਤ ਸਿੰਘ ਚਾਵਲਾ, ਐਸ. ਪੀ. ਸੋਂਧੀ, ਹਰਦੀਪ ਸਿੰਘ ਖੜਕਾ, ਗੁਰਦੀਪ ਸਿੰਘ ਮੱਕੜ, ਸ਼ਿਵ ਸ਼ੇਖੜੀ, ਸਰਵਣ ਸਿੰਘ ਖਾਲਸਾ, ਬਲਵੰਤ ਸਿੰਘ,ਕਲੱਬ ਪ੍ਰਧਾਨ ਮੀਨੂੰ ਭੁੱਟਾ, ਰੋਹਿਤ ਚੋਪੜਾ,ਸੁਖਜਿੰਦਰ ਸਿੰਘ, ਅਮਰਜੀਤ ਖਟਕੜ, ਅਰਜਨ ਦੇਵ,ਪ੍ਰਿਆ ਚੋਪੜਾ ਆਦਿ ਹਾਜ਼ਰ ਸਨ।

# ਖਿਡਾਰੀਆਂ ਦਾ ਟੀਚਾ ਓਲੰਪਿਕ ਖੇਡਾਂ 'ਚ ਤਮਗੇ ਜਿੱਤਣਾ ਹੋਣਾ ਚਾਹੀਦਾ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਖਿਡਾਰੀਆਂ ਦਾ ਟੀਚਾ ਓਲੰਪਿਕ ਖੇਡਾਂ ਵਿੱਚ ਤਗਮੇ ਜਿੱਤਣਾ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2036 ਦੇ ਓਲੰਪਿਕ ਖੇਡਾਂ ਵਿੱਚ ਭਾਰਤ ਨੂੰ ਖੇਡ ਮਹਾ ਸ਼ਕਤੀ ਵੱਜੋਂ ਸਥਾਪਤ ਕਰਨ ਦਾ ਟੀਚਾ ਰੱਖਿਆ ਹੈ। ਸੂਬਾ ਸਰਕਾਰ ਓਲੰਪਿਕ ਖੇਡਾਂ ਦੀ ਤਿਆਰੀਆਂ ਵਿੱਚ ਹੁਣੇ ਤੋਂ ਲਗ ਗਈ ਹੈ।ਮੁੱਖ ਮੰਤਰੀ ਅੱਜ ਪੰਚਕੂਲਾ ਵਿੱਚ ਯੋਨੇਕਸ-ਸਨਰਾਇਜ ਅਸ਼ਵਨੀ ਗੁਪਤਾ ਮੈਮੋਰਿਅਲ ਆਲ ਇੰਡੀਆ ਸਬ-ਜੂਨੀਅਰ ਰੈਂਕਿੰਗ ਬੈਡਮਿੰਟਨ ਟੂਰਨਾਮੈਂਟ 2025 ਦੇ ਉਦਘਾਟਨ ਪ੍ਰੋਗਰਾਮ ਵਿੱਚ ਦੇਸ਼ ਭਰ ਤੋਂ ਆਏ ਖਿਡਾਰੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮੁੱਖ ਮੰਤਰੀ ਨੇ ਬੈਡਮਿੰਟਨ ਟੂਰਨਾਮੈਂਟ ਦੇ ਸ਼ੁਭ ਆਰੰਭ ਦਾ ਐਲਾਨ ਕੀਤਾ ਅਤੇ ਸਪੋਰਟਸ ਪ੍ਰਮੋਸ਼ਨ ਸੋਸਾਇਟੀ ਪੰਚਕੂਲਾ ਨੂੰ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ।ਇਸ ਮੌਕੇ ਹਰਿਆਣਾ ਵਿਧਾਨ ਸਭਾ ਦੇ ਸਾਬਕਾ ਚੇਅਰਮੈਨ ਅਤੇ ਸਪੋਰਟਸ ਪ੍ਰਮੋਸ਼ਨ ਸੋਸਾਇਟੀ ਪੰਚਕੂਲਾ ਦੇ ਚੇਅਰਮੈਨ ਗਿਆਨਚੰਦ ਗੁਪਤਾ, ਐਂਟੀ ਕੁਰੱਪਸ਼ਨ ਬਿਊਰੋ ਦੇ ਡਾਇਰੈਕਟਰ ਜਨਰਲ ਆਲੋਕ ਮਿੱਤਲ, ਵਿਤ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਮੁਹੰਮਦ ਸ਼ਾਇਨ, ਡਿਪਟੀ ਕਮਿਸ਼ਨਰ ਸਤਪਾਲ ਸ਼ਰਮਾ, ਹਰਿਆਣਾ ਬੈਡਮਿੰਟਨ ਐਸੋਸੀਏਸ਼ਨ ਦੇ ਸਾਂਝੇ ਸਕੱਤਰ ਜਿਤੇਂਦਰ ਮਹਾਜਨ, ਬੈਡਮਿੰਟਨ ਐਸੋਸੀਏਸ਼ਨ ਆਫ ਇੰਡੀਆ ਦੇ ਉਪ ਪ੍ਰਧਾਨ ਅਜੈ ਕੁਮਾਰ ਸਿੰਘਾਨੀਆ, ਪੰਚਕੂਲਾ ਸਪੋਰਟਸ ਪ੍ਰਮੋਸ਼ਨ ਸੋਸਾਇਟੀ ਦੇ ਪ੍ਰਧਾਨ ਡੀ ਪੀ ਸੋਨੀ ਵੀ ਮੌਜੂਦ ਸਨ।ਮੁੱਖ ਮੰਤਰੀ ਨੇ ਵੱਖ ਵੱਖ ਰਾਜਾਂ ਤੋਂ ਆਏ ਤਕਰੀਬਨ 2000 ਪ੍ਰਤੀਭਾਗੀ ਖਿਡਾਰੀਆਂ ਦਾ ਹਰਿਆਣਾ ਵਿੱਚ ਸੁਆਗਤ ਕਰਦੇ ਹੋਏ ਕਿਹਾ ਕਿ ਜਿੱਤ ਅਤੇ ਹਾਰ ਖੇਡ ਦਾ ਹਿੱਸਾ ਹੈ ਪਰ ਤੁਹਾਡਾ ਹੌਸਲਾ ਅਤੇ ਖੇਡ ਦੀ ਭਾਵਨਾ ਹੀ ਤੁਹਾਨੂੰ ਮਹਾਨ ਖਿਡਾਰੀ ਬਣਾਏਗੀ।ਖਿਡਾਰੀਆਂ ਲਈ ਕਲਾਸ ਇੱਕ ਤੋਂ ਕਲਾਸ ਕਲਾਸ ਤਿੰਨ ਤੱਕ ਦੇ ਅਹੁਦਿਆਂ ਦੀ ਸਿੱਧੀ ਭਰਤੀ ਵਿੱਚ ਰਿਜ਼ਰਵੇਸ਼ਨ ਦਾ ਪ੍ਰਾਵਧਾਨ ਕੀਤਾ ਗਿਆ ਹੈ।ਇਸ ਮੌਕੇ ਮੁੱਖ ਮੰਤਰੀ ਨੇ ਬੈਡਮਿੰਟਨ ਖੇਡ ਕੇ ਖਿਡਾਰੀਆਂ ਦਾ ਹੌਸਲਾ ਵਧਾਇਆ।

# ਬਿਰਧ ਸੇਵਾ ਆਸ਼ਰਮ ਵਿਖੇ ਮਰੀਜ਼ਾਂ ਨੂੰ ਲੰਗਰ ਵੰਡਿਆ



**ਆਦਮਪੁਰ (ਪਰਮਜੀਤ ਸਿੰਘ)**- ਜਾਗਰਤੀ ਚੈਰੀਟੇਬਲ ਸੁਸਾਇਟੀ ਰਜਿਸਟਰਡ ਆਦਮਪੁਰ ਵੱਲੋਂ ਲਾਗਲੇ ਪਿੰਡ ਕਠਾਰ ਵਿਖੇ ਬਿਰਧ ਸੇਵਾ ਆਸ਼ਰਮ ਦੇ ਮਰੀਜ਼ਾਂ ਅਤੇ ਬਜ਼ੁਰਗਾਂ ਦੀ ਸੇਵਾ ਲਈ ਲੰਗਰ ਬਣਾ ਕੇ ਜਾਗਰਤੀ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਮਨਮੋਹਨ ਸਿੰਘ ਬਾਬਾ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਪਵਿੱਤਰ ਸਿੰਘ ਦੀ ਵਿਸ਼ੇਸ਼ ਦੇਖਰੇਖ ਹੇਠ ਮਰੀਜ਼ਾਂ ਨੂੰ ਵਿਤਰਿਤ ਕੀਤਾ ਗਿਆ। ਇਸ ਮੌਕੇ ਪਵਿੱਤਰ ਸਿੰਘ ਨੇ ਕਿਹਾ ਕਿ ਮਾਨਵਤਾ ਦੀ ਸੇਵਾ ਸਭ ਤੋਂ ਉੱਤਮ ਧਰਮ ਤੇ ਸੇਵਾ ਹੈ। ਜ਼ਿਕਰਯੋਗ ਹੈ ਕਿ ਇਹ ਸੁਸਾਇਟੀ ਪਿਛਲੇ ਲੰਮੇ ਸਮੇਂ ਤੋਂ ਆਸ਼ਰਮ ਦੇ ਮਰੀਜ਼ਾਂ ਦੀ ਸੇਵਾ ਹਿੱਤ ਆਸ਼ਰਮ ਵਿੱਚ ਲੰਗਰ ਦੀ ਸੇਵਾ ਕਰਵਾਉਂਦੀ ਆ ਰਹੀ ਹੈ। ਇਸ ਮੌਕੇ ਤੇ ਬਿਰਧ ਸੇਵਾ ਆਸ਼ਰਮ ਦੀ ਪ੍ਰਧਾਨ ਬੀਬੀ ਕਮਲਜੀਤ ਕੌਰ ਵੱਲੋਂ ਆਸ਼ਰਮ ਵਿਖੇ ਲੰਗਰ ਲੈ ਕੇ ਪੁੱਜੇ ਸੇਵਾਦਾਰਾਂ ਪਤਵੰਤੇ ਸੱਜਣਾਂ ਦੀ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਾਗਰਤੀ ਕਲੱਬ ਦੇ ਉਪ ਪ੍ਰਧਾਨ ਬਲਵੀਰ ਗਿਰ, ਸਕੱਤਰ ਗੁਲਸ਼ਨ ਦਿਲਬਾਗੀ, ਜੁਆਇੰਟ ਕੈਸ਼ੀਅਰ ਵਿਜੇ ਯਾਦਵ, ਸੁਖਵਿੰਦਰ ਸਿੰਘ ਸੁੱਖਾ, ਜਸਵੀਰ ਕੌਰ ਮਿਨਹਾਸ, ਹਰਪ੍ਰੀਤ ਸਿੰਘ, ਪਰਵੇਜ਼ ਮਸੀਹ, ਰਵਿੰਦਰ ਸਿੰਘ ਰਾਮਾ, ਕੋਮਲ ਅਤੇ ਹੋਰ ਮੈਂਬਰ ਤੇ ਸੇਵਾਦਾਰ ਹਾਜ਼ਰ ਸਨ।

# ਗੁਰੂ ਨਾਨਕ ਖਾਲਸਾ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ



**ਸੁਲਤਾਨਪੁਰ ਲੋਧੀ (ਹਨੀ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਬੀ ਏ ਭਾਗ ਪਹਿਲਾ ਦੇ ਨਤੀਜੇ 'ਚ ਗੁਰੂ ਨਾਨਕ ਖਾਲਸਾ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋਫੈਸਰ ਜਸਬੀਰ ਕੌਰ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਸੋਨਮਪ੍ਰੀਤ ਕੌਰ ਪੁੱਤਰੀ ਰੂਪ ਚੰਦ ਨੇ 7.74 ਸੀ ਜੀ ਪੀ ਏ ਨਾਲ ਯੂਨੀਵਰਸਿਟੀ ਮੈਰਿਟ ਵਿੱਚ 95ਵੀਂ ਪੁਜੀਸ਼ਨ ਹਾਸਲ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਮੰਨਤ ਪੁੱਤਰੀ ਜੀਤ ਨੇ 7.66 ਸੀ ਜੀ ਪੀ ਏ ਨਾਲ ਯੂਨੀਵਰਸਿਟੀ ਮੈਰਿਟ ਵਿੱਚ 128ਵੀਂ ਪੁਜੀਸ਼ਨ ਹਾਸਲ ਕਰਕੇ ਕਾਲਜ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। ਅਨਮੋਲਦੀਪ ਸਿੰਘ ਪੁੱਤਰ ਬਚਿੱਤਰ ਸਿੰਘ ਅਤੇ ਵਰਿੰਦਰ ਸਿੰਘ ਪੁੱਤਰ ਮਨਜੀਤ ਸਿੰਘ ਨੇ 7.16 ਸੀ ਜੀ ਪੀ ਏ ਹਾਸਲ ਕਰਕੇ ਕਾਲਜ ਵਿੱਚੋਂ ਸਾਂਝੇ ਤੌਰ 'ਤੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਕੌਰ ਨੇ ਹੋਣਹਾਰ ਵਿਦਿਆਰਥੀਆਂ, ਉਨਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ।

# ਹੜ੍ਹ ਪੀੜਤਾਂ ਦੀਆਂ ਗਿਰਦਾਵਰੀਆ ਤੁਰੰਤ ਤੇ ਨਿਰਪੱਖ ਹੋਣਗੀਆਂ : ਡਾ. ਰਾਜ ਕੁਮਾਰ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਬੀਤੇ ਸਮੇਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਨਤਾ ਨੂੰ ਅਤੇ ਕਿਸਾਨੀ ਨੂੰ ਹੜ੍ਹਾਂ ਕਰਕੇ ਭਾਰੀ ਜਾਨੀ, ਮਾਲੀ ਅਤੇ ਫਸਲਾਂ ਦਾ ਨੁਕਸਾਨ ਹੋਇਆ ਹੈ। ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹੜ੍ਹ ਪੀੜਤਾਂ ਲਈ ਫੌਰੀ ਰਾਹਤ ਪੀੜਤਾਂ ਲਈ ਇੱਕ ਸੁਚੱਜੀ ਯੋਜਨਾ ਬਣਾਈ ਹੈ, ਜਿਸ ਤਹਿਤ ਪਿੰਡਾਂ ਵਿੱਚ ਹੋਈਆਂ ਫਸਲਾਂ ਦੇ ਨੁਕਸਾਨ ਲਈ 20 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਅਤੇ ਹੁਸ਼ਿਆਰਪੁਰ, ਮੁਕੇਰੀਆਂ, ਟਾਂਡਾ, ਚੱਬੇਵਾਲ ਅਤੇ ਸ਼ਾਮ ਚੁਰਾਸੀ ਹਲਕਿਆਂ ਦੇ ਸਰਵੇ ਕਰਵਾ ਕੇ ਹੋਰ ਹੋਏ ਮਾਲੀ ਨੁਕਸਾਨ ਲਈ ਮੁਆਵਜ਼ਾ ਤਹਿ ਕਰਨਾ ਸ਼ਾਮਿਲ ਹਨ। ਇਸ ਸਬੰਧੀ ਵਿੱਚ ਮੁੱਖ ਮੰਤਰੀ ਵੱਲੋਂ ਸਰਵੇ ਅਤੇ ਗਿਰਦਾਵਰੀਆਂ 40 ਦਿਨਾਂ ਵਿੱਚ ਪੂਰੀ ਕਰਕੇ ਰਿਪੋਰਟ ਭੇਜਣ ਦੇ ਨਿਰਦੇਸ਼ ਦਿੱਤੇ ਜਾ ਚੁੱਕੇ ਹਨ।ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਨੇ ਇਸ ਸਬੰਧ ਵਿੱਚ ਸਬੰਧਿਤ ਡਿਪਟੀ ਕਮਿਸ਼ਨਰਾਂ ਨਾਲ ਗੱਲ ਕਰ ਕੇ ਇਹਨਾਂ ਹਦਾਇਤਾਂ ਨੂੰ ਤੁਰੰਤ ਅਮਲ ਵਿੱਚ ਲਿਆਉਣ ਬਾਰੇ ਕਿਹਾ।ਉਹਨਾਂ ਡਿਪਟੀ ਕਮਿਸਨਰ ਆਸ਼ਿਕਾ ਜੈਨ ਨਾਲ ਜ਼ਿਲ੍ਹੇ ਵਿੱਚ ਬਿਲਕੁੱਲ ਨਿਰਪੱਖ ਅਤੇ ਫਾਸਟ ਟਰੈਕ ਸਰਵੇ ਕਰਵਾਉਣ ਲਈ ਸਮੂਹ ਸਬੰਧਿਤ ਅਫ਼ਸਰਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਨ ਲਈ ਕਿਹਾ।

# ਤਿੰਨ ਰੋਜ਼ਾਂ ਉਰਸ ਦੀਆਂ ਤਿਆਰੀਆਂ ਸ਼ੁਰੂ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਦੇ ਪਿੰਡ ਉਦੇਸੀਆਂ ਵਿਖੇ ਹਜਰਤ ਬਾਬਾ ਸ਼ਾਹ ਕਮਾਲ ਜੀ ਸਾਂਈ ਜੁਮਲੇ ਸ਼ਾਹ ਜੀ ਵੈਲਫੇਅਰ ਸੁਸਾਇਟੀ ਉਦੇਸੀਆ ਵਲੋਂ ਸਾਂਈ ਜੁਮਲੇ ਸ਼ਾਹ ਜੀ ਦਾ 59ਵਾਂ ਅਤੇ ਸਯੱਦ ਫਕੀਰ ਬੀਬੀ ਸ਼ਰੀਫਾਂ ਜੀ ਦਾ ਪਹਿਲਾ ਤਿੰਨ ਰੋਜ਼ਾਂ ਉਰਸ ਨਗਰ ਪੰਚਾਇਤ, ਸੰਗਤਾਂ, ਇਲਾਕਾ ਵਾਸੀਆਂ ਅਤੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਬੜੇ ਉਤਸ਼ਾਹ ਨਾਲ 21, 22, 23 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਜਿਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਬੰਧਕਾਂ ਨੇ ਦੱਸਿਆ ਕਿ 21 ਸਤੰਬਰ ਸ਼ਾਮ ਨੂੰ ਚਿਰਾਗ ਰੋਸ਼ਨ ਕੀਤੇ ਜਾਣਗੇ। ਇਸ ਤੋਂ ਬਾਅਦ ਸਾਰੀ ਰਾਤ ਕਵਾਲ ਕਵਾਲੀਆਂ ਰਾਹੀਂ ਦਰਬਾਰ ਵਿਚ ਹਾਜ਼ਰੀ ਲਗਵਾਉਣਗੇ। 22 ਸਤੰਬਰ ਸਵੇਰੇ ਝੰਡੇ ਅਤੇ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਉਪਰੰਤ ਮਹਿਫਲ ਸਜੇਗੀ। 23 ਸਤੰਬਰ ਨੂੰ ਪੰਜਾਬੀ ਕਲਾਕਾਰਾਂ ਵਲੋਂ ਸੂਫੀਆਨਾ ਕਲਾਮਾਂ ਰਾਹੀਂ ਦਰਬਾਰ ਵਿਚ ਹਾਜ਼ਰੀ ਲਗਾਈ ਜਾਵੇਗੀ। ਮੇਲੇ ਦੇ ਤਿੰਨੋ ਦਿਨ ਪੀਰਾਂ ਦਾ ਅਤੁੱਟ ਲੰਗਰ ਚਲੇਗਾ।

# ਪ੍ਰਧਾਨ ਮੰਤਰੀ ਵੱਲੋਂ 1600 ਕਰੋੜ ਰਾਹਤ ਫੰਡ ਹੜ੍ਹ ਪੀੜਤਾਂ ਨਾਲ ਕੋਝਾ ਮਜ਼ਾਕ : ਲਾਚੋਵਾਲ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਾਜਸ਼ੀ ਢੰਗ ਨਾਲ ਡੈਮਾਂ ਚੋਂ ਛੱਡੇ ਪਾਣੀ ਕਾਰਨ ਆਏ ਹੜ੍ਹਾਂ ਨਾਲ ਹੋਈ ਭਾਰੀ ਬਰਬਾਦੀ ਤੋਂ ਰਾਹਤ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਲੋਕਾਂ ਲਈ ਐਲਾਨੀ 1600 ਕਰੋੜ ਦੀ ਨਿਗੂਣੀ ਜਿਹੀ ਰਾਹਤ ਫੰਡ ਪੀੜਤਾਂ ਨਾਲ ਕੋਝਾ ਮਜ਼ਾਕ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੀ ਮਹੀਨਾਵਾਰ ਮੀਟਿੰਗ ਕਰਨ ਤੋਂ ਬਾਅਦ ਗੱਲਬਾਤ ਕਰਦੇ ਹੋਏ ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਨੇ ਕੀਤਾ। ਇਸ ਸਮੇਂ ਲਾਚੋਵਾਲ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਤਿੰਨ ਖੇਤੀ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਪੰਜਾਬ ਦੇ ਲੋਕਾਂ ਨੇ ਵੱਡਾ ਯੋਗਦਾਨ ਪਾਇਆ ਸੀ ਉਸ ਦੀ ਖੁੰਦਕ ਕੱਢਣ ਲਈ ਨਰਿੰਦਰ ਮੋਦੀ ਪੰਜਾਬ ਦੇ ਲੋਕਾਂ ਨਾਲ ਬੇਇਨਸਾਫੀ ਕਰ ਰਹੇ ਹਨ। ਇਸ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਸਮੇਂ ਸਰਬ ਸੰਮਤੀ ਨਾਲ ਹੜ੍ਹ ਪੀੜਤਾਂ ਦੀ ਮਦਦ ਲਈ ਪਹੁੰਚ ਕਰਨ, ਪ੍ਰਵਾਸੀ ਮਜ਼ਦੂਰ ਵੱਲੋਂ ਪੰਜ ਸਾਲ ਦੇ ਬੱਚੇ ਨੂੰ ਵਹਿਸ਼ੀਆਨਾ ਨਾਲ ਢੰਗ ਨਾਲ ਕਤਲ ਕਰਨ ਦੀ ਸਖਤ ਨਿਖੇਧੀ ਕੀਤੀ ਅਤੇ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਦੀ ਮੰਗ ਕੀਤੀ, ਪੰਜਾਬ ਸਰਕਾਰ ਵੱਲੋਂ ਸਹਿਕਾਰੀ ਮਿੱਲਾਂ ਦੇ 61 ਰੁਪਏ ਗੰਨਾ ਕਿਸਾਨਾਂ ਨੂੰ ਦੇਣ ਪਰ ਪ੍ਰਾਈਵੇਟ ਮਿੱਲਾਂ ਦੇ ਪੈਸੇ ਨਾ ਦੇਣ ਦੀ ਸਖਤ ਨਿਖੇਧੀ ਕੀਤੀ ਅਤੇ ਇਸ ਲਈ ਜਲਦ ਹੀ ਸਹਿਯੋਗੀ ਜਥੇਬੰਦੀਆਂ ਨਾਲ ਮਿਲ ਕੇ ਕੈਬਨਿਟ ਮੰਤਰੀ ਰਵਜੋਤ ਸਿੰਘ ਨੂੰ ਮਿਲਣ ਦੇ ਮਤੇ ਪਾਸ ਕੀਤੇ। ਇਸ ਸਮੇਂ ਗੁਰਦੀਪ ਸਿੰਘ ਖੁਣ ਖੁਣ, ਰਣਧੀਰ ਸਿੰਘ ਅਸਲਪੁਰ, ਹਰਪ੍ਰੀਤ ਸਿੰਘ ਲਾਲੀ, ਅਕਬਰ ਸਿੰਘ ਬੂਰੇ ਜੱਟਾਂ, ਗੁਰਨਾਮ ਸਿੰਘ ਸਿੰਗੜੀਵਾਲਾ, ਅਵਤਾਰ ਸਿੰਘ ਖਡਿਆਲਾ, ਮਨਜੀਤ ਸਿੰਘ ਲੰਬੜਦਾਰ, ਕੁਲਦੀਪ ਸਿੰਘ ਦੇਹਰੀਵਾਲ, ਸਤਵੰਤ ਸਿੰਘ ਮੁਰਾਦਪੁਰ, ਬਿੱਕਰ ਸਿੰਘ ਸ਼ੇਰਪੁਰ, ਲੰਬੜਦਾਰ ਜਗਤ ਸਿੰਘ, ਸਾਬਕਾ ਸਰਪੰਚ ਰਾਜ ਕੁਮਾਰ ਪੰਡੋਰੀ ਖਜੂਰ, ਜਸਪਾਲ ਸਿੰਘ ਰਾਜਾ, ਬਾਬਾ ਕਿਰਪਾਲ ਸਿੰਘ ਪੰਡੋਰੀ ਖਜੂਰ, ਬਲਵੀਰ ਸਿੰਘ ਬੱਗੇਵਾਲ, ਪ੍ਰੀਤਮ ਸਿੰਘ ਨੰਗਲ ਕਲਾਲ, ਮਲਕੀਤ ਸਿੰਘ ਆਲੋਵਾਲ ਆਦਿ ਹਾਜ਼ਰ ਸਨ।

# ਐਨ ਆਰ ਆਈ ਪਰਵਾਰ ਨੇ ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡੇ

**ਅਲਾਵਲਪੁਰ (ਮਦਨ ਬੰਗੜ)**- ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਅਲਾਵਲਪੁਰ ਵਿਖੇ ਐਨ ਆਰ ਆਈ ਪਰਿਵਾਰ ਵੱਲੋਂ ਬੱਚਿਆਂ ਨੂੰ ਬੈਗ ਭੇਟ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਾਬਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉੱਘੇ ਸਮਾਜ ਸੇਵੀ ਐਨ ਆਰਆਈ ਪਰਮਜੀਤ ਸਿੰਘ ਦੂਹੜਾ, ਰਾਜਵਿੰਦਰ ਕੌਰ ਵੱਲੋਂ ਵੱਖ-ਵੱਖ ਸਮੇਂ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਇਸ ਵਾਰ ਉਨਾਂ ਵੱਲੋਂ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਰਿਸ਼ੀ ਨਗਰ ਮਹੱਲਾ ਅਲਾਵਲਪੁਰ ਦੇ ਲਗਭਗ 85 ਸਕੂਲ ਵਿਦਿਆਰਥੀਆਂ ਨੂੰ ਬੈਗ ਭੇਂਟ ਕੀਤੇ ਗਏ ਹਨ। ਉਹਨਾਂ ਕਿਹਾ ਕਿ ਭਵਿੱਖ ਵਿੱਚ ਬੱਚਿਆਂ ਲਈ ਉਹ ਹੋਰ ਵੀ ਉਪਰਾਲਾ ਕਰਨਗੇ। ਇਸ ਮੌਕੇ ਬੱਚਿਆਂ ਨੂੰ ਸਕੂਲ ਬੈਗ ਦੇਣ ਲਈ ਸਮਾਜ ਸੇਵੀ ਐਨ ਆਰ ਆਈ ਪਰਵਾਰ ਦਾ ਸਕੂਲ ਹੈਡ ਟੀਚਰ ਗੁਰਮੰਗ ਰਾਮ ਸਿੰਘ ਵੱਲੋਂ ਧੰਨਵਾਦ ਕੀਤਾ। ਇਸ ਮੌਕੇ ਜਸਵਿੰਦਰ ਕੌਰ, ਕੁਸਮ ਲਤਾ, ਜਸਦੀਪ ਕੌਰ,ਬੰਦਨਾ, ਬਾਬਾ ਗੁਰਪ੍ਰੀਤ ਸਿੰਘ ,ਪਰਮਜੀਤ ਪਾਲ ਅਤੇ ਸਕੂਲ ਵਿਦਿਆਰਥੀ ਹਾਜ਼ਰ ਸਨ।



# ਕ੍ਰਿਕਟ ਸਟੇਡੀਅਮ ਮੁੱਲਾਂਪੁਰ ਤੇ ਇਸ ਦੇ ਆਲੇ-ਦੁਆਲੇ ਨੂੰ 'ਨੋ ਫਲਾਇੰਗ ਜ਼ੋਨ' ਐਲਾਨਿਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਅਧੀਨ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਮਹਾਰਾਜਾ ਯਾਦਵਿੰਦਰਾ ਕ੍ਰਿਕਟ ਸਟੇਡੀਅਮ ਮੁੱਲਾਂਪੁਰ ਅਤੇ ਇਸ ਦੇ ਆਲੇ-ਦੁਆਲੇ ਏਰੀਆ ਵਿੱਚ ਨੂੰ ਨੋ-ਡਰੋਨ ਅਤੇ ਨੋ ਫਲਾਈ ਜ਼ੋਨ ਐਲਾਨ ਕਰਦਿਆਂ, ਕਿਸੇ ਵੀ ਕਿਸਮ ਦੇ 'ਫਲਾਇੰਗ ਆਬਜੈਕਟ' ਨੂੰ ਉਡਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ ਮਹਾਰਾਜਾ ਯਾਦਵਿੰਦਰਾ ਕ੍ਰਿਕਟ ਸਟੇਡੀਅਮ, ਮੁੱਲਾਂਪੁਰ ਵਿੱਚ 14 ਸਤੰਬਰ 2025 ਅਤੇ 17 ਸਤੰਬਰ 2025 ਨੂੰ, ਹੋਣ ਵਾਲੇ ਭਾਰਤ ਅਤੇ ਆਸਟ੍ਰੇਲੀਆ ਦੀਆਂ ਮਹਿਲਾ ਕ੍ਰਿਕਟ ਟੀਮਾਂ ਦਰਮਿਆਨ ਹੋਣ ਵਾਲੇ ਮੈਚ ਦੀਆਂ ਮਿਤੀਆਂ ਨੂੰ ਲਾਗੂ ਰਹਿਣਗੇ।



ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਲੰਗੜੋਆ ਤੇ ਡਾਕਟਰ ਬੀ ਆਰ ਵੈਲਫੇਅਰ ਸੋਸਾਇਟੀ ਦੇ ਕਮੇਟੀ ਮੈਂਬਰ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ ਤੇ ਹਰ ਪੀੜਤਾਂ ਨੂੰ ਰਾਸ਼ੀ ਦਿੱਤੀ ਗਈ। ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਲੰਗੜੋਆ ਤੇ ਡਾਕਟਰ ਬੀ ਆਰ ਵੈਲਫੇਅਰ ਸੋਸਾਇਟੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਕਰਨਾ ਸਾਡਾ ਮਨੁੱਖੀ ਫ਼ਰਜ਼ ਹੈ। ( **ਫੋਟੋ ਤੇ ਵੇਰਵਾ : ਕੁਲਵਿੰਦਰ ਸਿੰਘ ਦੁਰਗਾਪੁਰੀਆ, ਨਵਾਂਸ਼ਹਿਰ**)



# ਸਾਲਾਨਾ ਸ਼ਰਾਧ ਮੇਲਾ ਸ਼ਰਧਾ ਨਾਲ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਗੜ੍ਹਸ਼ੰਕਰ ਸ਼ਹਿਰ ਦੇ ਨਜ਼ਦੀਕ ਪਿੰਡ ਦੇਣੋਵਾਲ ਖੁਰਦ ਵਿਖੇ ਸੰਤ ਨਿਹਾਲ ਦਾਸ ਡੇਰਾ ਬਾਬਾ ਦੁੱਧਾਧਾਰੀ ਦੇ ਸਥਾਨ 'ਤੇ ਮੌਜੂਦਾ ਗੱਦੀ ਨਸ਼ੀਨ ਸੰਤ ਬਾਬਾ ਸੁਖਦੇਵ ਰਾਜ ਦੀ ਅਗਵਾਈ ਹੇਠ ਇਲਾਕੇ ਦੀਆਂ ਸਭ ਸੰਗਤਾਂ ਤੇ ਸਭਸੇਵਕਾਂ ਦੇ ਸਹਿਯੋਗ ਨਾਲ ਸਾਲਾਨਾ ਸ਼ਰਾਧ ਮੇਲਾ ਸ਼ਰਧਾ ਭਾਵਨਾ ਨਾਲ ਸੰਪੰਨ ਹੋਇਆ। ਇਹ ਮੇਲਾ ਹਰ ਸਾਲ 5ਵੇਂ ਸ਼ਰਾਧ ਵਾਲੇ ਦਿਨ ਮਨਾਇਆ ਜਾਂਦਾ ਹੈ। ਸਵੇਰ ਤੋਂ ਸ਼ਾਮ ਦੇਰ ਰਾਤ ਤੱਕ ਧਾਰਮਿਕ ਦੀਵਾਨ ਸਜਾਏ ਗਏ।ਸੰਗਤਾ ਨੂੰ ਗੁਰੂ ਚਰਨਾ ਨਾਲ ਜੋੜਿਆ ਗਿਆ। ਸਟੇਜ ਸਕੱਤਰ ਦੀ ਸੇਵਾ ਕਰਨੈਲ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਬਾਬਾ ਸੁਖਦੇਵ ਰਾਜ ਵੱਲੋਂ ਆਏ ਹੋਏ ਸਭ ਮਹਾਪੁਰਸ਼ਾਂ ਦਾ ਸਤਿਕਾਰ ਧੰਨਵਾਦ ਕੀਤਾ ਗਿਆ।

# ਡੇਂਗੂ ਨੂੰ ਸੱਦਾ ਦੇ ਰਹੇ ਹਨ ਸੀਵਰੇਜ ਦੇ ਖੁੱਲ੍ਹੇ ਨਾਲੇ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਿਹਤ ਵਿਭਾਗ ਵਲੋਂ ਡੇਂਗੂ ਦੇ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪ੍ਰੰਤੂ ਨੂਰਮਹਿਲ ਦੀਆਂ ਮੁੱਖ ਸੜਕਾਂ ਤੇ ਸੀਵਰੇਜ ਦੇ ਖੁੱਲ੍ਹੇ ਨਾਲਿਆਂ ਵਿੱਚ ਖੜ੍ਹੇ ਗੰਦੇ ਪਾਣੀ ਦੀ ਬਦਬੂ ਬਿਮਾਰੀਆਂ ਨੂੰ ਖੁੱਲ੍ਹੇਆਮ ਸੱਦਾ ਦੇ ਰਹੀ ਹੈ। ਇਥੇ ਜਿਕਰਯੋਗ ਹੈ ਮਨਜੀਤ ਹਸਪਤਾਲ ( ਨਕੋਦਰੀ ਚੁੰਗੀ) ਬਣੇ ਪੈਖਾਨੇ ਦੇ ਆਲੇ ਦੁਆਲੇ ਖੁੱਲ੍ਹੇ ਸੀਵਰੇਜ ਦੇ ਗੰਦੇ ਪਾਣੀ ਕਾਰਨ ਆਲੇ ਦੁਆਲੇ ਦੇ ਦੁਕਾਨਦਾਰ ਕਾਫੀ ਪ੍ਰੇਸ਼ਾਨ ਹਨ। ਇਥੇ ਜਿਕਰਯੋਗ ਹੈ ਪੈਖਾਨੇ ਦੇ ਨੇੜੇ ਹੀ ਇੱਕ ਨਾਨ ਅਤੇ ਚਾਹ ਦੀ ਸਟਾਲ ਹੈ ਪਰ ਫਿਰ ਵੀ ਬਦਬੂ ਵਿੱਚ ਖੜ੍ਹ ਕੇ ਖਾਣਾ ਖਾਣ ਲਈ ਮਜਬੂਰ ਹਨ। ਦੁਕਾਨਦਾਰਾਂ ਨੇ ਦੱਸਿਆ ਕਿ ਅਸੀਂ ਕਈ ਵਾਰ ਸੰਬੰਧਿਤ ਈ ਓ ਨੂੰ ਸ਼ਿਕਾਇਤ ਕਰ ਚੁੱਕੇ ਹਾਂ ਪਰ ਮਹਿਕਮੇ ਦੇ ਕੰਨਾਂ ਤੇ ਜੂੰ ਤੱਕ ਨਹੀਂ ਸਰਕਦੀ। ਇਹੀ ਹਾਲ ਪੰਜਾਬ ਗ੍ਰਾਮੀਣ ਅਤੇ ਖੇੜਾ ਇਲੈਕਟ੍ਰੋਨਿਕ ਦੇ ਵਿਚਕਾਰ ਬਣੀ ਸੜਕ ਦਾ ਹੈ। ਭਾਵੇਂ ਬਰਸਾਤ ਨੂੰ ਕਾਫੀ ਦਿਨ ਬੀਤ ਗਏ ਪ੍ਰੰਤੂ ਏਥੇ ਸੀਵਰੇਜ ਬੰਦ ਹੋਣ ਕਾਰਨ ਪਾਣੀ ਦਾ ਕੋਈ ਨਿਕਾਸ ਨਹੀਂ ਹੋ ਰਿਹਾ ਜਿਸ ਕਾਰਨ ਆਉਣ ਜਾਣ ਵਾਲੇ ਅਤੇ ਮੋਟਰਸਾਈਕਲ ਅਤੇ ਸਕੂਟਰ ਸਵਾਰ ਕਾਫੀ ਪ੍ਰੇਸ਼ਾਨ ਹੋ ਰਹੇ ਹਨ। ਇਸੇ ਤਰ੍ਹਾਂ ਜਲੰਧਰ ਨਕੋਦਰ ਰੋਡ,( ਨੇੜੇ ਸੰਗਮ ਪੈਲੇਸ ) ਅੱਗੇ ਬਣੇ ਸੀਵਰੇਜ ਦਾ ਹਾਲ ਹੈ ਜਿਸ ਦੀ ਸਫਾਈ ਨਾ ਹੋਣ ਕਾਰਨ ਉਹ ਵੀ ਡੇਂਗੂ ਨੂੰ ਬੁਲਾਵਾ ਦੇ ਰਿਹਾ ਹੈ। ਖੁੱਲ੍ਹੇ ਸੀਵਰੇਜ ਦੇ ਆਲੇ ਦੁਆਲੇ ਦੇ ਦੁਕਾਨਦਾਰਾਂ ਦੀ ਸੰਬੰਧਿਤ ਵਿਭਾਗ ਦੇ ਅਧਿਕਾਰੀਆਂ ਪਾਸੋਂ ਮੰਗ ਹੈ ਕਿ ਇਸ ਖੁੱਲ੍ਹੇ ਸੀਵਰੇਜ ਦੀ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ ਤਾਂ ਕਿ ਡੇਂਗੂ ਅਤੇ ਹੋਰ ਬਿਮਾਰੀਆਂ ਦੇ ਫੈਲਣ ਨੂੰ ਰੋਕਿਆ ਜਾ ਸਕੇ।



# ਨੌਜਵਾਨਾਂ ਵੱਲੋਂ ਸਤਲੁਜ ਬੰਨ੍ਹ 'ਤੇ ਕੀਤੀ ਗਈ ਸੇਵਾ ਕਾਬਲੇ-ਤਾਰੀਫ : ਸਤਨਾਮ ਸਿੰਘ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖ ਵੱਖ ਪਿੰਡਾਂ ਨਾਲ ਲਗਦੇ ਸਤਲੁਜ ਦਰਿਆ ਦੇ ਬੰਨ੍ਹ ਉਤੇ ਲਗਾਤਾਰ ਪਿਛਲੇ 15 ਦਿਨਾਂ ਤੋਂ ਕਾਫੀ ਥਾਵਾਂ ਉਤੇ ਧੁੱਸੀ ਬੰਨ੍ਹ ਦੀ ਸਥਿਤੀ ਕਾਫੀ ਨਾਜ਼ੁਕ ਤੇ ਚਿੰਤਾਜਨਕ ਬਣੀ ਹੋਈ ਸੀ ਪਰ ਸਾਰੇ ਇਲਾਕੇ ਦੀਆਂ ਸੰਗਤਾਂ ਵੱਲੋਂ ਜਿਸ ਜੋਸ਼ ਅਤੇ ਜਜ਼ਬੇ ਨਾਲ ਦਰਿਆ ਦੇ ਬੰਨ੍ਹ ਉਤੇ ਸੇਵਾ ਕੀਤੀ ਹੈ ਉਹ ਵਾਕਿਆ ਹੀ ਕਾਬਲੇ ਤਾਰੀਫ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਇੰਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਦੱਸਿਆ ਕਿ ਜਿਥੇ ਪੂਰੇ ਜ਼ਿਲ੍ਹੇ ਵਿੱਚ ਪ੍ਰਸ਼ਾਸਨ ਵੱਲੋਂ ਪੁਖਤਾ ਪ੍ਰਬੰਧ ਕੀਤੇ ਗਏ ਉਥੇ ਹੀ ਸੰਗਤਾਂ ਵੱਲੋਂ ਕੀਤੀ ਗਈ ਸੇਵਾ ਨੇ ਹਜ਼ਾਰਾਂ ਲੋਕਾਂ ਨੂੰ ਘਰੋਂ ਬੇਘਰ ਹੋਣ ਤੋਂ ਬਚਾਅ ਲਿਆ। ਸਾਰੇ ਜ਼ਿਲੇ ਦੇ ਬਜ਼ੁਰਗਾਂ ਨੌਜਵਾਨਾਂ ਮਾਵਾਂ ਭੈਣਾਂ ਤੇ ਬੱਚਿਆਂ ਵੱਲੋਂ ਕੀਤੀ ਸਿਰਤੋੜ ਮਿਹਨਤ ਅਤੇ ਪ੍ਰਸ਼ਾਸਨ ਵੱਲੋਂ ਕੀਤੇ ਪੁਖਤਾ ਪ੍ਰਬੰਧਾਂ ਦੀ ਬਦੌਲਤ ਹੀ ਹੁਣ ਤੱਕ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਪੂਰਾ ਇਲਾਕਾ ਕਿਸੇ ਵੀ ਤਰ੍ਹਾਂ ਦੇ ਜਾਨੀ ਮਾਲੀ ਨੁਕਸਾਨ ਤੋਂ ਬਚਿਆ ਹੋਇਆ ਹੈ। ਚੇਅਰਮੈਨ ਸਤਨਾਮ ਸਿੰਘ ਜਲਵਾਹਾ ਨੇ ਕਿਹਾ ਕਿ ਇਲਾਕੇ ਦੀਆਂ ਸੰਗਤਾਂ ਵੱਲੋਂ ਜਿਥੇ ਗੁਰੂ ਕੇ ਲੰਗਰਾਂ, ਮਿੱਟੀ ਨਾਲ ਭਰੀਆਂ ਟਰਾਲੀਆਂ ਤੇ ਮਿੱਟੀ ਨਾਲ ਭਰੇ ਥੈਲਿਆਂ ਦੀ ਆਥਾਹ ਸੇਵਾ ਕੀਤੀ ਹੈ ਉਥੇ ਹੀ ਪੂਰੇ ਜ਼ਿਲ੍ਹੇ ਵਿੱਚੋਂ ਲੰਘਦੇ ਧੁੱਸੀ ਬੰਨ੍ਹ ਨੂੰ ਟੁੱਟਣ ਤੋਂ ਬਚਾਉਣ ਲਈ ਵੀ ਵੱਡਮੁੱਲਾ ਯੋਗਦਾਨ ਪਾਇਆ ਹੈ। ਲੋਕਾਂ ਨੂੰ ਇਸ ਕੁਦਰਤੀਂ ਕ੍ਰੋਪੀ ਤੋਂ ਬਚਾਉਣ ਲਈ ਲਈ ਵੀ ਪ੍ਰਸ਼ਾਸਨ ਨਾਲ ਮਿਲਕੇ ਇਲਾਕੇ ਦੇ ਨੌਜਵਾਨਾਂ ਵੱਲੋਂ ਵੱਡਮੁੱਲਾ ਯੋਗਦਾਨ ਪਾਇਆ ਹੈ।

# ਸਰਕਾਰੀ ਕਾਲਜ ਡੇਰਾ ਬੱਸੀ ਨੇ ਮਨਾਈ ਐਲੂਮਨੀ ਮੀਟ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਪ੍ਰਿੰਸੀਪਲ ਗਿਤਾਂਜਲੀ ਕਾਲੜਾ ਦੀ ਅਗਵਾਈ ਹੇਠ ਐਲੂਮਨੀ ਮੀਟ ਕਰਵਾਈ ਗਈ ।ਇਸ ਸਮਾਗਮ ਦਾ ਆਗਾਜ਼ ਕਾਲਜ ਸ਼ਬਦ ਨਾਲ ਹੋਇਆ। ਪ੍ਰਿੰਸੀਪਲ ਨੇ ਐਲੂਮਨੀ ਮੀਟ ਵਿੱਚ ਆਏ ਪੁਰਾਣੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ । ਕੁਲਜੀਤ ਸਿੰਘ ਰੰਧਾਵਾ ਕਾਲਜ ਦੇ ਸਾਬਕਾ ਵਿਦਿਆਰਥੀ ਹੋਣ ਦੇ ਨਾਲ ਡੇਰਾਬੱਸੀ ਇਲਾਕੇ ਦੇ ਐਮ.ਐਲ.ਏ ਵੀ ਹਨ, ਨੇ ਕਾਲਜ ਵਿੱਚ ਬਿਤਾਏ ਆਪਣੇ ਪਲਾਂ ਨੂੰ ਵਿਦਿਆਰਥੀਆ ਨਾਲ ਸਾਂਝੇ ਕਰਦਿਆਂ ਕਿਹਾ ਕਿ ਕਾਲਜ ਨੂੰ ਖੜ੍ਹਾ ਕਰਨ ਲਈ ਉਨ੍ਹਾਂ ਨੇ ਬਹੁਤ ਸੰਘਰਸ਼ ਕੀਤਾ , ਨਾਲ ਹੀ ਕਾਲਜ ਦੀ ਤਰੱਕੀ ਲਈ ਹਰ ਸੰਭਵ ਮਦਦ ਕਰਨ ਦਾ ਵਾਅਦਾ ਵੀ ਕੀਤਾ । ਇਸ ਤੋਂ ਬਾਅਦ ਸੱਭਿਆਚਾਰਕ ਪ੍ਰੋਗਰਾਮ ਦਾ ਆਰੰਭ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀ ਨੇ ਆਪਣੀ ਗਜ਼ਲ ਨਾਲ ਕੀਤਾ । ਕਾਲਜ ਦੇ ਕੁਝ ਪੁਰਾਣੇ ਵਿਦਿਆਰਥੀਆਂ ਵੱਲੋਂ ਫਿਲਮ ਨਿਰਮਾਣ ਦੇ ਖੇਤਰ ਵਿੱਚ ਕਦਮ ਰੱਖਣ ਅਤੇ ਉਹਨਾਂ ਦੁਆਰਾ ਬਣਾਈ ਗਈ ਪਹਿਲੀ ਵੈਬ ਸੀਰੀਜ਼ (ਛੋਕਰੇ) ਦਾ ਟਰੇਲਰ ਦਿਖਾਇਆ ਗਿਆ । ਇਸ ਤੋਂ ਬਾਅਦ ਵਿਦਿਆਰਥੀਆਂ ਦੇ ਮਨੋਰੰਜਨ ਲਈ ਕੁਝ ਦਿਲਚਸਪ ਗੇਮਾਂ ਵੀ ਖੇਡੀਆਂ ਗਈਆਂ ਅਤੇ ਕਾਲਜ ਡਾਇਰੀ ਨਾਂ ਦੀ ਸਕਿੱਟ ਦਿਖਾਈ ਗਈ। ਸਰਕਾਰੀ ਪੋਸਟ ਗਰੈਜੂਏਟ ਕਾਲਜ ਸੈਕਟਰ-11 ਚੰਡੀਗੜ੍ਹ ਦੇ ਪ੍ਰਿੰਸੀਪਲ ਸ੍ਰੀ ਜੇ.ਕੇ. ਸਹਿਗਲ ਜੋ ਕਿ ਇਸ ਕਾਲਜ ਦੇ ਸਾਬਕਾ ਵਿਦਿਆਰਥੀ ਹਨ , ਨੇ ਆਪਣੇ ਵਿਦਿਆਰਥੀ ਜੀਵਨ ਦੇ ਤਜਰਬਿਆਂ ਨੂੰ ਸਭ ਨਾਲ ਸਾਂਝਾ ਕਰਦੇ ਹੋਏ ਕਾਲਜ ਦੇ ਮੌਜੂਦਾ ਵਿਦਿਆਰਥੀਆਂ ਨੂੰ ਚੰਗੇ ਉੱਦਮੀ ਬਣਨ ਲਈ ਪ੍ਰੇਰਿਤ ਕੀਤਾ । ਇਸ ਤੋਂ ਬਾਅਦ ਵੱਖ- ਵੱਖ ਖੇਤਰਾਂ ਵਿੱਚ ਵਿਲੱਖਣ ਸ਼ਖ਼ਸੀਅਤਾ ਦੇ ਰੂਪ ਵਿੱਚ ਸਥਾਪਿਤ ਇਸ ਕਾਲਜ ਦੇ ਵਿਦਿਆਰਥੀਆਂ ਨੇ ਕਾਲਜ ਵਿੱਚ ਬਿਤਾਏ ਆਪਣੇ ਪਲਾਂ ਅਤੇ ਤਜ਼ਰਬਿਆ ਨੂੰ ਸਾਂਝੇ ਕੀਤਾ । ਕਾਲਜ ਦੇ 50 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਕਾਲਜ ਦੀਆਂ ਕੁਝ ਸੁਨਹਿਰੀ ਯਾਦਾਂ ਨੂੰ ਇੱਕ ਦਸਤਾਵੇਜ਼ ਦੇ ਰੂਪ ਵਿੱਚ ਰਿਲੀਜ਼ ਕੀਤਾ ਗਿਆ। ਅੰਤ ਵਿੱਚ ਪ੍ਰੋ. ਰਾਜਬੀਰ ਕੌਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ । ਇਹ ਪ੍ਰੋਗਰਾਮ ਕਾਲਜ ਦੀ ਐਲੂਮਨੀ ਕਮੇਟੀ ਜਿਸ ਦੇ ਕਨਵੀਨਰ ਪ੍ਰੋ. ਅੰਸ਼ੁਲ ਭਾਟੀਆ, ਡਾ. ਸੁਮੀਤਾ ਕਟੋਚ , ਪ੍ਰੋ. ਸ਼ਵੇਤਾ ਖਰਬੰਦਾ ਅਤੇ ਉਹਨਾਂ ਦੀ ਸਮੁੱਚੀ ਟੀਮ ਰਾਹੀ ਕਰਵਾਇਆ ਗਿਆ । ਮੰਚ ਸੰਚਾਲਨ ਪ੍ਰੋ. ਕੋਮਲ ਦਿਓਲ , ਪ੍ਰੋ. ਪ੍ਰਗਤੀ ਅਤੇ ਡਾ. ਨਵੀਨ ਦੁਆਰਾ ਕੀਤਾ ਗਿਆ ।



# ਗਾਇਕ ਜਤਿੰਦਰ ਰਾਣਾ ਦਾ ਚਠਿਆਲੀ ਵਿਖੇ ਕਾਰ ਦੇ ਕੇ ਸਨਮਾਨ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਚਮਕੌਰ ਸਾਹਿਬ ਹਲਕੇ ਦੀ ਜਾਣੀ ਮਾਣੀ ਸ਼ਖਸੀਅਤ ਕੁਸ਼ਤੀ ਕਮੈਂਟਰ ਲਿਖਾਰੀ ਅਤੇ ਗਾਇਕ ਜਤਿੰਦਰ ਰਾਣਾ ਦਾ ਪਿੰਡ ਵੱਡੀ ਚਠਿਆਲੀ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਾਲਾਨਾ ਕੁਸ਼ਤੀ ਦੰਗਲ ਤੇ ਪ੍ਰਬੰਧਕਾਂ ਵੱਲੋਂ ਮੋਡੀਫਾਈ ਸਵਿਫਟ ਡਿਜਾਇਰ ਕਾਰ ਨਾਲ ਸਨਮਾਨ ਕੀਤਾ। ਸ੍ਰੀ ਰਾਣਾ ਨੇ ਦੱਸਿਆ ਕਿ ਇਹ ਸਨਮਾਨ ਉਨ੍ਹਾਂ ਨੂੰ ਮੋਹਣ ਯੂ ਐਸ ਏ,ਗੋਸ਼ਾ ਪਹਿਲਵਾਨ ਯੂ ਐਸ ਏ, ਬਲਜੀਤ ਬੱਲੀ ਯੂ ਐਸ ਏ ਅਤੇ ਲਾਲੀ ਅਨਮੋਲ ਗਰੁੱਪ ਹੁਸ਼ਿਆਰਪੁਰ ਵੱਲੋਂ ਦਿੱਤਾ ਗਿਆ। ਸ੍ਰੀ ਰਾਣਾ ਦੇ ਹੁਣ ਤੱਕ ਪਹਿਲਵਾਨੀ ਉੱਤੇ 6 ਗੀਤ ਆ ਚੁੱਕੇ ਹਨ, ਦੋ ਪੰਜਾਬੀ ਗੀਤ ਤੇ ਇਕ ਗੀਤ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉੱਤੇ 'ਘਰ ਘਰ ਚੱਲੀ ਗੱਲ ਚੰਨੀ ਕਰਦਾ ਮਸਲੇ ਹੱਲ' ਵੀ ਮਸ਼ਹੂਰ ਹੋਏ। ਇਸ ਤੋਂ ਪਹਿਲਾਂ ਵੀ ਰਾਣਾ ਨੂੰ ਪੰਜਾਬ, ਹਰਿਆਣਾ, ਹਿਮਾਚਲ, ਰਾਜਸਥਾਨ ਅਤੇ ਯੂਪੀ ਵਿੱਚ ਮੋਬਾਇਲ ਫੋਨ, ਚਾਂਦੀ ਦਾ ਸਿੱਕਾ, ਸਮਾਰਟ ਵਾਚ, 43 ਇੰਚ ਐਲ ਈ ਡੀ ਟੀ ਵੀ, ਦੋ ਗੁਰਜ, ਵੱਡੀਆਂ ਫੋਟੋਆਂ ਅਤੇ ਵੱਡੇ ਕੱਪਾਂ ਦੇ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

# ਹੜ੍ਹ ਪੀੜਤ ਪਰਵਾਰਾਂ ਦੇ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ : ਜਸਵੀਰ ਰਾਜਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਪੰਜਾਬ ਵਿੱਚ ਦਰਿਆਵਾਂ ਕਿਨਾਰੇ ਪਿੰਡਾਂ ਵਿੱਚ ਹੜ੍ਹ ਆਉਣ ਕਾਰਨ ਜਿੱਥੇ ਲੋਕ ਘਰੋਂ ਬੇਘਰ ਹੋ ਗਏ, ਉੱਥੇ ਉਨ੍ਹਾਂ ਨੂੰ ਖਾਣ ਪੀਣ ਦੀਆਂ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਔਖੀ ਘੜੀ ਵਿੱਚ ਜਿੱਥੇ ਪੰਜਾਬ ਦੀ ਹਰ ਇੱਕ ਸੰਸਥਾ ਉਨ੍ਹਾਂ ਲੋਕਾਂ ਦੀ ਸਹਾਇਤਾ ਕਰ ਰਹੀ ਹੈ ਉੱਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਉਨ੍ਹਾਂ ਦੇ ਵਿਧਾਇਕ ਦਿਨ-ਰਾਤ ਪੂਰੀ ਮਿਹਨਤ ਨਾਲ ਉਨ੍ਹਾਂ ਲੋਕਾਂ ਦੀ ਹਰ ਪੱਖੋਂ ਮਦਦ ਅਤੇ ਸੇਵਾ ਕਰ ਰਹੇ ਹਨ।ਮਾਨ ਸਰਕਾਰ ਵੱਲੋਂ ਹੜ੍ਹ ਪੀੜਿਤ ਪਰਵਾਰਾਂ ਲਈ ਭੇਜੀ ਜਾ ਰਹੀ ਰਾਸ਼ਨ ਸਮੱਗਰੀ ਉਨ੍ਹਾਂ ਨੂੰ ਪਹੁੰਚਾਉਣ ਲਈ ਹਲਕਾ ਟਾਂਡਾ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਪੂਰੇ ਪੂਰੇ ਉਪਰਾਲੇ ਕਰ ਰਹੇ ਹਨ। ਇਸੇ ਕੜੀ ਤਹਿਤ ਪੂਰੀ ਸੇਵਾ ਭਾਵਨਾ ਨਾਲ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਅੱਜ ਹਲਕਾ ਟਾਂਡਾ ਉੜਮੁੜ ਵਿੱਚ ਹੜ੍ਹ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਤ ਪਿੰਡ ਅਬਦੁੱਲਾਪੁਰ ਪਹੁੰਚੇ ਜੋ ਕਿ ਹੜ੍ਹ ਦੌਰਾਨ ਪੂਰਾ ਪਿੰਡ ਹੀ ਖਾਲੀ ਕਰਵਾ ਲਿਆ ਗਿਆ ਸੀ। ਵਿਧਾਇਕ ਰਾਜਾ ਨੇ ਹੜ੍ਹ ਪ੍ਰਭਾਵਤ ਲੋਕਾਂ ਨੂੰ ਜਿੱਥੇ ਰਾਸ਼ਨ ਸਮੱਗਰੀ ਵੰਡੀ ਉਥੇ ਉਨ੍ਹਾਂ ਦੇ ਹੋਏ ਨੁਕਸਾਨ ਅਤੇ ਟੁੱਟੇ ਹੋਏ ਘਰਾਂ ਦੀ ਸਥਿਤੀ ਦਾ ਵੀ ਪੂਰਾ ਜਾਇਜ਼ਾ ਲਿਆ।ਵਿਧਾਇਕ ਰਾਜਾ ਨੇ ਹੜ੍ਹ ਪੀੜਿਤ ਪਰਵਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਦੁੱਖ ਦੀ ਔਖੀ ਘੜੀ ਵਿੱਚ ਮਾਨ ਸਰਕਾਰ ਤੁਹਾਡੇ ਨਾਲ ਪੂਰੀ ਤਰ੍ਹਾਂ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਇਸ ਹੜ੍ਹ ਵਿੱਚ ਕਈ ਪਰਵਾਰਾਂ ਦੇ ਪਸ਼ੂ ਰੁੜ੍ਹ ਗਏ ਜਾਂ ਬਿਮਾਰ ਪੈ ਗਏ ਹਨ, ਮਾਨ ਸਰਕਾਰ ਵੱਲੋਂ ਵੈਟਨਰੀ ਡਾਕਟਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਂ ਜੋ ਡੰਗਰਾਂ ਦਾ ਪੂਰਾ ਤੇ ਸਹੀ ਇਲਾਜ ਹੋ ਸਕੇ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਗਲੀਆਂ ਅਤੇ ਰਸਤਿਆਂ ਵਿਚ ਚਿੱਕੜ ਦੀ ਸਫ਼ਾਈ ਜਲਦ ਕਰਵਾ ਦਿੱਤੀ ਜਾਵੇਗੀ ਅਤੇ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਹਰ ਪਰਵਾਰ ਨੂੰ ਅਕਤੂਬਰ ਤੱਕ ਦੇ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਸਰਪੰਚ ਜਸਵੰਤ ਸਿੰਘ ਬਿੱਟੂ ਜਲਾਲਪੁਰ, ਲਖਵਿੰਦਰ ਸਿੰਘ ਸੇਠੀ ਜਲਾਲਪੁਰ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਗੁਰਦੀਪ ਸਿੰਘ ਹੈਪੀ, ਸੁਖਵਿੰਦਰ ਸਿੰਘ ਝਾਵਰ, ਸਨਮਦੀਪ ਸਿੰਘ ਮਿਆਣੀ ਅਤੇ ਹੋਰ ਹਾਜ਼ਰ ਸਨ।



## ਗੋਲੀ ਕਾਂਡ ਦਾ ਦੂਜਾ ਮੁਲਜ਼ਮ ਦੇਸੀ ਪਿਸਤਲ ਸਮੇਤ ਕਾਬੂ

**ਬਲਾਚੌਰ (ਜਸਵਿੰਦਰ ਬੈਂਸ)**- ਪਿਛਲੇ ਕੁਝ ਮਹੀਨੇ ਪਹਿਲਾਂ ਸਵੇਰ ਦੇ ਸਮੇਂ ਇੱਕ ਨੌਜਵਾਨ ਜੋ ਕਿ ਆਪਣੇ ਕੁੱਤੇ ਨੂੰ ਲੈ ਕੇ ਸੈਰ ਕਰ ਰਿਹਾ ਸੀ ਤਾਂ ਕੁਝ ਵਿਅਕਤੀਆਂ ਵੱਲੋਂ ਬਲਾਚੌਰ ਦੀ ਦਾਣਾ ਮੰਡੀ ਵਿੱਚ ਉਸ 'ਤੇ ਹਮਲਾ ਕਰ ਦਿੱਤਾ ਗਿਆ ਸੀ। ਜਿਸ ਵਿਚ ਗੋਲੀ ਉਸ ਦੇ ਕੁੱਤੇ ਦੀ ਲੱਤ ਵਿੱਚ ਵੱਜੀ ਸੀ ਤੇ ਉਸ ਦਾ ਬਚਾਅ ਹੋ ਗਿਆ ਸੀ। ਜਿਸ ਨੂੰ ਲੈ ਕੇ ਪੁਲਸ ਵਲੋਂ ਪਹਿਲਾਂ ਹੀ 1 ਮੁਲਜ਼ਮ ਆਰੀਅਨ ਪੁੱਤਰ ਰਕੇਸ਼ ਕੁਮਾਰ ਵਾਸੀ ਰੱਕੜਾਂ



ਢਾਹਾਂ ਥਾਣਾ ਬਲਾਚੌਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਦੂਸਰਾ ਮੁਲਜ਼ਮ ਵਿਨੋਦ ਕੁਮਾਰ ਉਰਫ਼ ਕਾਕਾ ਪੁੱਤਰ ਨਸੀਬ ਚੰਦ ਵਾਸੀ ਸੁਨਿਆਰਾ ਬਾਜ਼ਾਰ ਵਾਰਡ ਨੰਬਰ 5 ਗੜ੍ਹੰਗ ਰੋਡ ਬਲਾਚੌਰ ਜੋ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਸੀ, ਨੂੰ ਬਲਾਚੌਰ ਪੁਲਸ ਵਲੋਂ ਪਿਛਲੇ ਦਿਨੀਂ ਗ੍ਰਿਫ਼ਤਾਰ ਕਰ ਲਿਆ। ਅੱਜ ਉਸ ਨੂੰ ਮਾਨਯੋਗ ਅਦਾਲਤ ਬਲਾਚੌਰ ਵਿਖੇ ਪੇਸ਼ ਕਰਕੇ 2 ਦਿਨ ਦਾ ਰਿਮਾਂਡ ਹਾਸਲ ਕਰ ਲਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀ ਐਸ ਪੀ ਸ਼ਾਮ ਸੁੰਦਰ ਨੇ ਦੱਸਿਆ ਕਿ ਦੂਸਰੇ ਦੋਸ਼ੀ ਕੋਲੋਂ ਇੱਕ ਦੇਸੀ ਪਿਸਤਲ ਸਮੇਤ ਇੱਕ ਜ਼ਿੰਦਾ ਰੌਂਦ ਬਰਾਮਦ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਦੋਸ਼ੀ ਕੋਲੋਂ ਬਾਰੀਕੀ ਨਾਲ ਪੁੱਛਗਿੱਛ ਕਰਕੇ ਬਾਕੀ ਰਹਿੰਦੇ ਦੋਸ਼ੀਆਂ ਬਾਰੇ ਵੀ ਪਤਾ ਲਗਾਇਆ ਜਾਵੇਗਾ।

## ਕੌਮੀ ਲੋਕ ਅਦਾਲਤ ਦੌਰਾਨ 21192 ਕੇਸਾਂ ਦਾ ਨਿਪਟਾਰਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਨਵੀਂ ਦਿੱਲੀ ਵੱਲੋਂ ਭੇਜੇ ਗਏ ਪ੍ਰੋਗਰਾਮ ਅਨੁਸਾਰ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ, ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਜਸਟਿਸ ਮਹਾਬੀਰ ਸਿੰਘ ਸਿੰਧੂ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਐਡਮਿਨਿਸਟ੍ਰੇਟਿਵ ਜੱਜ, ਸੈਸ਼ਨਜ਼ ਡਵੀਜ਼ਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਦੀ ਸਰਪ੍ਰਸਤੀ ਅਤੇ ਅਤੁਲ ਕਸਾਨਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਐਸ.ਏ.ਐਸ. ਨਗਰ ਦੀ ਗਵਾਈ ਵਿਚ ਅੱਜ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਲੋਕ ਅਦਾਲਤ ਵਿਚ ਰਾਜ਼ੀਨਾਮਾ ਯੋਗ ਫੌਜਦਾਰੀ ਕੇਸ, ਚੈਕ ਬਾਊਂਸ ਕੇਸ, ਬੈਂਕ ਰਿਕਵਰੀ ਕੇਸ, ਵਿਵਾਹਿਕ ਝਗੜੇ, ਐਮ.ਏ.ਸੀ.ਟੀ ਕੇਸ, ਕਿਰਤ ਸਬੰਧੀ ਝਗੜੇ, ਲੈਂਡ ਐਕਿਊਜਿਸ਼ਨ ਕੇਸ, ਬਿਜਲੀ ਅਤੇ ਪਾਣੀ ਦੇ ਬਿੱਲਾਂ ਸਬੰਧੀ ਮਾਮਲੇ, ਮਾਲ ਵਿਭਾਗ ਨਾਲ ਸਬੰਧਤ ਅਤੇ ਹਰ ਤਰ੍ਹਾਂ ਦੇ ਦੀਵਾਨੀ ਕੇਸ ਨਿਪਟਾਰੇ ਲਈ ਰੱਖੇ ਗਏ।ਇਸ ਕੌਮੀ ਲੋਕ ਅਦਾਲਤ ਲਈ ਜ਼ਿਲ੍ਹਾ ਅਦਾਲਤ ਮੋਹਾਲੀ ਵਿੱਚ 17 ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਰਾਸ਼ਟਰੀ ਲੋਕ ਅਦਾਲਤ ਲਈ ਮੋਹਾਲੀ, ਡੇਰਾਬੱਸੀ ਅਤੇ ਖਰੜ ਦੀਆਂ ਸਾਰੀਆਂ ਅਦਾਲਤਾਂ ਨੇ ਵੱਧ ਤੋਂ ਵੱਧ ਕੇਸ



ਰਾਜ਼ੀਨਾਮੇ ਦੇ ਅਧਾਰ ਤੇ ਨਿਪਟਾਰੇ ਲਈ ਰੱਖੇ। ਸ੍ਰੀਮਤੀ ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਨੇ ਦੱਸਿਆ ਕਿ ਅੱਜ ਦੀ ਇਸ ਕੌਮੀ ਲੋਕ ਅਦਾਲਤ ਵਿੱਚ ਕੁੱਲ 23469 ਕੇਸ ਨਿਪਟਾਰੇ ਲਈ ਰੱਖੇ ਗਏ ਜਿਨ੍ਹਾਂ ਵਿੱਚੋਂ 21192 ਕੇਸਾਂ ਦਾ ਨਿਪਟਾਰਾ ਕਰਕੇ ਕੁੱਲ 2,01,61,61,712 ਕੀਮਤ ਦੇ ਅਵਾਰਡ ਪਾਸ ਕੀਤੇ ਗਏ।

## ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਨੇ ਹੜ੍ਹ ਪੀੜਤ ਪਰਵਾਰਾਂ ਨਾਲ ਕੀਤਾ ਸੰਪਰਕ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਸਰਦਾਰ ਮੱਖਣ ਸਿੰਘ ਕੋਠੀ ਨੇ ਪਿਛਲੇ ਸਮੇਂ ਦੌਰਾਨ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਪਰਵਾਰਾਂ ਨਾਲ ਸੰਪਰਕ ਕਰਕੇ ਉਹਨਾਂ ਦਾ ਹਾਲ ਚਾਲ ਪੁੱਛਿਆ। ਗੱਲਬਾਤ ਕਰਦਿਆਂ ਸਰਦਾਰ ਮੱਖਣ ਸਿੰਘ ਕੋਠੀ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਹੋਈਆਂ ਭਾਰੀ ਬਾਰਿਸ਼ਾਂ ਅਤੇ ਹੜ੍ਹਾਂ ਕਾਰਨ ਜੋ ਖੇਤਾਂ,ਮਕਾਨਾਂ ਅਤੇ ਸੜਕਾਂ ਆਦਿ ਦਾ ਨੁਕਸਾਨ ਹੋਇਆ ਹੈ, ਉਸ ਲਈ ਲੋੜਵੰਦ ਵਿਅਕਤੀ ਉਹਨਾਂ ਨਾਲ ਸੰਪਰਕ ਕਰਕੇ ਪਿੰਡ ਫਤਿਹਪੁਰ ਕੋਠੀ ਤੋਂ ਮੁਫਤ ਮਿੱਟੀ ਲਿਜਾ ਸਕਦੇ ਹਨ। ਉਹਨਾਂ ਨਾਲ 99151- 85342 ਮੋਬਾਈਲ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਆਂਗਨਵਾੜੀ ਕੇਂਦਰ ਸ੍ਰੀ ਗੁਰੂ ਰਵਿਦਾਸ ਨਗਰ 'ਚ ਈ ਸੀ ਸੀ ਈ ਦਿਵਸ ਮਨਾਇਆ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਡਾਇਰੈਕਟਰ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਅਤੇ ਸੀ.ਡੀ.ਪੀ.ਓ ਹੁਸ਼ਿਆਰਪੁਰ-1 ਰਵਿੰਦਰ ਕੌਰ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਨਗਰ ਸਥਿਤ ਆਂਗਨਵਾੜੀ ਕੇਂਦਰ ਵਿਖੇ ਈ.ਸੀ.ਸੀ.ਈ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਮਿਸ਼ਨ ਆਰੰਭ ਦੇ ਪ੍ਰੋਗਰਾਮ ਮੈਨੇਜਰ ਸੁਖਚੈਨ ਸਿੰਘ, ਸੁਪਰਵਾਈਜ਼ਰ, ਤਿੰਨ ਤੋਂ ਛੇ ਸਾਲ ਦੀ ਉਮਰ ਦੇ ਬੱਚੇ, ਉਨ੍ਹਾਂ ਦੀਆਂ ਮਾਵਾਂ ਅਤੇ ਇਲਾਕੇ ਦੇ ਪਤਵੰਤੇ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਏ। ਇਸ ਮੌਕੇ ਮਾਰਕੀਟ ਕਮੇਟੀ ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਪ੍ਰੋਗਰਾਮ ਦੌਰਾਨ ਬੱਚਿਆਂ ਤੋਂ ਵੱਖ-ਵੱਖ ਤਰ੍ਹਾਂ ਦੀਆਂ ਈ.ਸੀ.ਸੀ.ਈ ਗਤੀਵਿਧੀਆਂ ਕਰਵਾਈਆਂ ਗਈਆਂ। ਸੁਪਰਵਾਈਜ਼ਰ ਰਜਿੰਦਰ



ਕੌਰ ਨੇ ਬੱਚਿਆਂ ਨਾਲ ਕਵਿਤਾਵਾਂ ਗਾਈਆਂ ਅਤੇ ਹੱਥਾਂ ਦੀ ਸਫ਼ਾਈ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਬੱਚਿਆਂ ਅਤੇ ਮਾਵਾਂ ਨੂੰ ਹੱਥ ਧੋਣ ਦਾ ਸਹੀ ਤਰੀਕਾ ਦੱਸਿਆ ਗਿਆ। ਸੀ.ਡੀ.ਪੀ.ਓ ਰਵਿੰਦਰ ਕੌਰ ਨੇ ਮਾਵਾਂ ਨੂੰ ਅਪੀਲ ਕੀਤੀ ਕਿ ਉਹ ਹੜ੍ਹ ਤੋਂ ਬਾਅਦ ਦੀ ਸਥਿਤੀ ਦੇ ਮੱਦੇਨਜ਼ਰ ਬੱਚਿਆਂ ਦੀ ਸਿਹਤ ਵੱਲ ਵਿਸ਼ੇਸ਼ ਧਿਆਨ ਦੇਣ। ਉਨ੍ਹਾਂ ਨੇ ਉਨ੍ਹਾਂ ਨੂੰ ਉਬਾਲ ਕੇ ਪਾਣੀ ਪੀਣ ਅਤੇ ਡੇਂਗੂ ਤੋਂ ਬਚਾਅ ਲਈ ਉਪਾਅ ਅਪਣਾਉਣ ਦੀ ਸਲਾਹ ਦਿੱਤੀ।

## ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਦੇ ਮੈਂਬਰਾਂ ਨੂੰ ਦਿੱਤਾ ਪਸ਼ੂਆਂ ਵਾਸਤੇ ਚਾਰਾ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** 'ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਸਹਿਯੋਗ ਸੇਵਾ ਸੁਸਾਇਟੀ ਬੰਗਾ' ਦੇ ਮੈਂਬਰ 100 ਕੁਇੰਟਲ ਪਸ਼ੂਆਂ ਦਾ ਅਚਾਰ ਲੈ ਕੇ ਇੰਦਰਾਂ ਦਾਣਾ ਮੰਡੀ ਲੋਹੀਆਂ ਵਿੱਚ ਪਹੁੰਚੇ ਜਿੱਥੇ ਕਿ 'ਗੁਰੂ ਨਾਨਕ ਮੋਦੀਖਾਨਾ ਪਰਿਵਾਰ' ਦੇ ਮੈਂਬਰਾਂ ਵੱਲੋਂ ਪਿਛਲੇ 22 ਦਿਨਾਂ ਤੋਂ ਮਿੱਟੀ ਦੇ ਬੋਰੇ ਭਰਨ ਦੀ ਸੇਵਾ ਲਗਾਤਾਰ ਜਾਰੀ ਹੈ। ਇਹ ਅਚਾਰ ਛੋਟੇ ਪੱਧਰ ਦੇ ਪਸ਼ੂ ਪਾਲਕਾਂ 'ਚ ਤਕਸੀਮ ਕਰਦਿਆਂ




'ਸ਼੍ਰੀ ਹਰਗੋਬਿੰਦ ਸਾਹਿਬ ਸੇਵਾ ਸੁਸਾਇਟੀ ਬੰਗਾ' ਦੇ ਆਗੂ ਵਕੀਲ ਅਮਰੀਕ ਸਿੰਘ ਅੱਬਲ ਡਾ: ਹਰਦਵਿੰਦਰ ਸਿੰਘ, ਮਾ: ਕੁਲਦੀਪ ਸਿੰਘ, ਸੁਰਿੰਦਰਪਾਲ ਸਿੰਘ ਚੱਕ ਕਲਾਲ ਅਤੇ ਸਾਥੀਆਂ ਨੇਂ ਕਿਹਾ ਕਿ ਹੜਾਂ ਦੀ ਇਹ ਮੁਸੀਬਤ ਛੋਟੇ ਪਸ਼ੂ ਪਾਲਕਾਂ ਲਈ ਵਧੇਰੇ ਮਾਰੂ ਸਾਬਿਤ ਹੋ ਰਹੀ ਹੈ, ਧਨਾਢ ਕਿਸਾਨਾਂ ਨੂੰ ਚੱਲ ਰਹੀਆਂ ਸੇਵਾਵਾਂ ਵਿੱਚੋਂ ਲਾਭ ਲੈਣ ਦੀ ਬਜਾਏ ਛੋਟੇ ਪਸ਼ੂ ਪਾਲਕਾਂ ਦੀ ਮਦਦ ਵਾਸਤੇ ਅੱਗੇ ਆਉਣਾ ਚਾਹੀਦਾ ਹੈ।ਸਧਾਰਨ ਪਸ਼ੂ ਪਾਲਕਾਂ ਲਈ ਸੁਸਾਇਟੀ ਵੱਲੋਂ ਕੀਤੇ ਗਏ ਇਸ ਨੇਕ ਉਪਰਾਲੇ ਵਾਸਤੇ ਉਨ੍ਹਾਂ ਦਾ ਧੰਨਵਾਦ ਕਰਨ ਵਾਲਿਆਂ ਵਿੱਚ ਸਤਿੰਦਰ ਸਿੰਘ ਖ਼ਾਲਸਾ ਅਮਰਜੀਤ ਸਿੰਘ ਅਹੂਜਾ, ਦਲਬੀਰ ਸਿੰਘ ਕੰਗ, ਦਵਿੰਦਰ ਸਿੰਘ ਬਿੱਲਾ ਸਾਹਿਬਜੋਤ ਸਿੰਘ ਕੰਗ, ਈਸ਼ਵਰ ਸਿੰਘ ਕੰਗ, ਹਰਨੂਰਪ੍ਰੀਤ ਸਿੰਘ ਲੇਹਲ, ਤਲਵਿੰਦਰ ਸਿੰਘ ਕੰਗ ਅਤੇ ਅਜੀਤ ਸਿੰਘ ਸਿੰਧੜਾਂ ਮੌਜੂਦ ਸਨ।

## 76 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਫਿਲੌਰ (ਨਿਰਮਲ)**- ਥਾਣਾ ਮੁਖੀ ਫਿਲੌਰ ਸਬ ਇੰਸਪੈਕਟਰ ਭੂਸ਼ਣ ਕੁਮਾਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਏ ਐਸ ਆਈ ਸੁਖਦੇਵ ਸਿੰਘ ਨੇ ਪੁਲਸ ਪਾਰਟੀ ਸਾਹਿਤ ਗਸ਼ਤ ਦੌਰਾਨ ਇੱਕ ਸ਼ੱਕੀ ਵਿਅਕਤੀ ਨੂੰ ਕਾਬੂ ਕੀਤਾ, ਤਲਾਸ਼ੀ ਲੈਣ ਤੇ ਉਸ ਕੋਲੋਂ 76 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਫੜ੍ਹੇ ਗਏ ਵਿਅਕਤੀ ਦਾ ਨਾਂਅ ਮਨਦੀਪ ਕੁਮਾਰ ਉਰਫ਼ ਨੋਨਾ ਪੁੱਤਰ ਸ਼ਿੰਦਰਪਾਲ ਵਾਸੀ ਅਪਰਾ (ਫਿਲੌਰ) ਹੈ। ਉਸ ਵਿਰੁੱਧ ਥਾਣਾ ਥਾਣਾ ਥਾਣਾ ਫਿਲੌਰ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਜਾਰੀ ਹੈ।

## ਗੋਲੀ ਲੱਗਣ ਨਾਲ 80 ਸਾਲਾ ਬਜ਼ੁਰਗ ਗੰਭੀਰ ਰੂਪ 'ਚ ਜ਼ਖ਼ਮੀ

**ਮਾਹਿਲਪੁਰ, ਹੁਸ਼ਿਆਰਪੁਰ (ਸ਼ਫ਼ਰੀ, ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਹੁਸ਼ਿਆਰਪੁਰ ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡ ਢਾਡਾ ਖੁਰਦ ਵਿਚ ਤਿੰਨ ਗੱਡੀਆ ਵਿਚ ਸਵਾਰ ਹੋ ਕੇ ਆਏ ਦਰਜਨ ਦੇ ਕਰੀਬ ਵਿਅਕਤੀਆ ਨੇ ਨਿੱਜੀ ਦੁਸ਼ਮਣੀ ਅਧੀਨ ਗੋਲੀ ਚਲਾ ਦਿੱਤੀ, ਜਿਸ ਵਿਚ ਇਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ।ਥਾਣਾ ਮਾਹਿਲਪੁਰ ਦੀ ਪੁਲਸ ਨੇ ਮੌਕੇ ਤੇ ਪਹੁੰਚ ਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਜ਼ਖਮੀ ਨੂੰ ਸਿਵਲ ਹਸਪਤਾਲ ਮਾਹਿਲਪੁਰ ਦਾਖਲ ਕਰਵਾਇਆ ਜਿਥੇ ਉਸ ਦੀ ਹਾਲਤ ਨਾਜ਼ੁਕ ਦੇਖਦੇ ਹੋਏ ਹੁਸ਼ਿਆਰਪੁਰ ਰੈਫਰ ਕਰ ਦਿੱਤਾ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਦੇਰ ਰਾਤ ਪੌਣੇ ਨੌਂ ਵਜੇ ਦੇ ਕਰੀਬ ਇਕ ਥਾਰ ਅਤੇ ਦੋ ਹੋਰ ਗੱਡੀਆ ਵਿਚ ਸਵਾਰ ਹੋ ਕੇ ਆਏ ਦਰਜਨ ਦੇ ਕਰੀਬ ਵਿਅਕਤੀਆ ਨੇ ਆਉਂਦੇ ਹੀ ਰੁਪਿੰਦਰ ਸਿੰਘ ਪੁੱਤਰ ਤਰਸੇਮ ਸਿੰਘ



ਉਰਫ ਗੁਦਾਵਰ ਸਿੰਘ ਦੇ ਘਰ ਦੇ ਗੇਟ ਵਿਚ ਗੋਲੀ ਮਾਰ ਦਿੱਤੀ। ਘਰ ਵਿਚ ਮੌਜੂਦ ਵਿਅਕਤੀ ਦੇ ਹਮਲਾਵਰਾਂ ਨਾਲ ਭਿੜ ਗਏ। ਇਸੇ ਦੌਰਾਨ ਗੁਆਂਢੀ ਦੀਦਾਰ ਸਿੰਘ ਪੁੱਤਰ ਬੰਤਾ ਸਿੰਘ ਛੁਡਾਉਣ ਆ ਗਿਆ ਅਤੇ ਇਸੇ ਦੌਰਾਨ ਇਕ ਗੋਲੀ ਉਸ ਦੇ ਪੱਟ ਵਿਚ ਲੱਗ ਗਈ। ਪਿੰਡ ਵਾਸੀ ਇਕੱਠੇ ਹੋਣ ਲੱਗ ਪਏ ਤਾਂ ਹਮਲਾਵਰ ਫਰਾਰ ਹੋ ਗਏ।ਦੱਸਿਆ ਜਾ ਰਿਹਾ ਹੈ ਕਿ ਨਿੱਜੀ ਦੁਸ਼ਮਣੀ ਅਤੇ ਫੋਨ ਤੇ ਇਕ ਦੂਜੇ ਨਾਲ ਬਹਿਸ ਕਰਨ ਤੋ ਬਾਦ ਹਮਲਾਵਰ ਘਰ ਆ ਗਏ ਅਤੇ ਹਮਲਾ ਕਰ ਦਿੱਤਾ। ਪੁਲਸ ਦੇ ਉੱਚ ਅਫਸਰ ਅਤੇ ਥਾਣਾ ਮਾਹਿਲਪੁਰ ਦੀ ਪੁਲਸ ਨੇ ਮੌਕੇ ਤੇ ਪਹੁੰਚ ਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਸੀ।

## ਵਿਦਿਆਰਥੀਆਂ ਨੇ ਵਿਦਿਅਕ ਦੌਰੇ 'ਤੇ ਸੁਪਰੀਮ ਕੋਰਟ ਦਾ ਕੀਤਾ ਦੌਰਾ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸ੍ਰੀ ਸੁਖਮਨੀ ਕਾਲਜ ਆਫ਼ ਲਾਅ, ਡੇਰਾ ਬੱਸੀ ਨੇ ਨਵੀਂ ਦਿੱਲੀ ਦੀ ਇੱਕ ਦਿਨ ਦੀ ਵਿਦਿਅਕ ਯਾਤਰਾ ਦਾ ਆਯੋਜਨ ਕੀਤਾ, ਜਿਸ ਵਿੱਚ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਭਾਰਤ ਦੀ ਕਾਨੂੰਨੀ ਪ੍ਰਣਾਲੀ, ਇਤਿਹਾਸ ਅਤੇ ਰਾਸ਼ਟਰੀ ਵਿਰਾਸਤ ਬਾਰੇ ਕੀਮਤੀ ਵਿਹਾਰਕ ਜਾਣਕਾਰੀ ਦਿੱਤੀ ਗਈ। ਇਸ ਦੌਰੇ ਦਾ ਇੱਕ ਮੁੱਖ ਆਕਰਸ਼ਣ ਦੇਸ਼ ਦੀ ਸਰਵਉੱਚ ਨਿਆਂਇਕ ਅਥਾਰਟੀ, ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਦਾ ਦੌਰਾ ਸੀ। ਵਿਦਿਆਰਥੀਆਂ ਨੂੰ ਲਾਈਵ ਅਦਾਲਤੀ ਕਾਰਵਾਈਆਂ ਦੇਖਣ, ਨਿਆਂਇਕ ਪ੍ਰਕਿਰਿਆ ਵਿੱਚ ਸੂਝ ਪ੍ਰਾਪਤ ਕਰਨ ਅਤੇ ਲੋਕਤੰਤਰ ਨੂੰ ਕਾਇਮ ਰੱਖਣ ਵਿੱਚ ਨਿਆਂਪਾਲਿਕਾ ਦੀ ਭੂਮਿਕਾ ਬਾਰੇ ਆਪਣੀ ਸਮਝ ਨੂੰ ਡੂੰਘਾ ਕਰਨ ਦਾ ਦੁਰਲੱਭ ਮੌਕਾ ਮਿਲਿਆ। ਉਨ੍ਹਾਂ ਨੇ ਸੁਪਰੀਮ ਕੋਰਟ ਅਜਾਇਬ ਘਰ ਅਤੇ ਲਾਇਬ੍ਰੇਰੀ ਦੀ ਵੀ ਪੜਚੋਲ ਕੀਤੀ, ਜਿਸ ਨੇ ਭਾਰਤ ਦੀ ਕਾਨੂੰਨੀ ਅਤੇ ਸੰਵਿਧਾਨਕ ਯਾਤਰਾ ਦੀ ਉਨ੍ਹਾਂ ਦੀ ਕਦਰ ਨੂੰ ਵਧਾਇਆ।ਇਸ ਦੌਰੇ ਵਿੱਚ ਇੰਡੀਆ ਗੇਟ ਦਾ ਦੌਰਾ ਵੀ ਸ਼ਾਮਲ ਸੀ, ਜੋ ਕਿ ਪ੍ਰਤੀਕ ਯੁੱਧ ਸਮਾਰਕ ਅਤੇ ਰਾਸ਼ਟਰੀ ਸਵੈਮਾਣ ਦਾ ਪ੍ਰਤੀਕ ਹੈ।

## ਗਮਾਡਾ ਨੇ ਕਲੀਅਰੈਂਸ ਸਰਟੀਫਿਕੇਟ ਸੌਂਪਣ ਲਈ ਲਗਾਇਆ ਕੈਂਪ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਨੇ ਪ੍ਰਮੋਟਰਾਂ/ ਬਿਲਡਰਾਂ ਅਤੇ ਹੋਰ ਸਟੇਕਹੋਲਡਰਾਂ ਵੱਲੋਂ ਦਿੱਤੀਆਂ ਅਰਜ਼ੀਆਂ ਦੀਆਂ ਪਰਮਿਸ਼ਨਾਂ ਜਾਰੀ ਕਰਨ ਲਈ ਇੱਕ ਕੈਂਪ ਲਗਾਇਆ। ਪੁੱਡਾ ਭਵਨ, ਸੈਕਟਰ 62, ਐਸ.ਏ.ਐਸ. ਨਗਰ ਵਿਖੇ ਆਯੋਜਿਤ ਕੈਂਪ ਵਿੱਚ ਕੁੱਲ 45 ਕਲੀਅਰੈਂਸ ਸਰਟੀਫਿਕੇਟ ਜਾਰੀ ਕੀਤੇ ਗਏ। ਕਾਰਵਾਈ ਦੀ ਪ੍ਰਧਾਨਗੀ ਕਰਦਿਆਂ, ਵਿਸ਼ੇਸ਼ ਸਾਰੰਗਲ, ਮੁੱਖ ਪ੍ਰਸ਼ਾਸਕ ਨੇ 45 ਬਿਨੈਕਾਰਾਂ ਨੂੰ ਲੈਂਟਰ ਆਫ ਇੰਟੈਂਟ, ਕੰਪਲੀਸ਼ਨ ਸਰਟੀਫਿਕੇਟ, ਆਰਕੀਟੈਕਚਰਲ ਕੰਟਰੋਲ, ਬਿਲਡਿੰਗ ਪਲਾਨ, ਪ੍ਰਮੋਟਰ ਰਜਿਸਟ੍ਰੇਸ਼ਨ ਸਰਟੀਫਿਕੇਟ, ਜ਼ੋਨਿੰਗ ਪਲਾਨ ਆਦਿ ਸੌਂਪੇ। ਭਾਵੇਂ ਕੈਂਪ ਲਗਾਉਣ ਦਾ ਉਦੇਸ਼ ਕਲੀਅਰੈਂਸ ਸਰਟੀਫਿਕੇਟ ਸੌਂਪਣਾ ਸੀ, ਪਰੰਤੂ ਕੁਝ ਪ੍ਰੋਜੈਕਟਾਂ ਦੇ ਵਸਨੀਕਾਂ ਨੇ ਆਪਣੀਆਂ ਸਮੱਸਿਆਵਾਂ ਧਿਆਨ ਵਿੱਚ ਲਿਆਉਂਦੀਆਂ। ਮੁੱਖ ਪ੍ਰਸ਼ਾਸਕ ਨੇ ਧੀਰਜਪੂਰਵਕ ਸ਼ਿਕਾਇਤਾਂ ਸੁਣੀਆਂ ਅਤੇ ਜ਼ਿਆਦਾਤਰ ਮਾਮਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕਰ ਦਿੱਤਾ ਗਿਆ।



## ਬਿਆਸ ਪਿੰਡ ਵਿਖੇ ਮੱਛਰ ਮਾਰੂ ਦਵਾਈਆਂ ਦਾ ਛਿੜਕਾਅ ਤੇ ਫੋਗਿੰਗ ਕਰਵਾਈ

**ਅਲਾਵਲਪੁਰ (ਮਦਨ ਬੰਗੜ)**- ਪੰਜਾਬ ਸਰਕਾਰ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪਿੰਡਾਂ ਵਿੱਚ ਬਰਸਾਤ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਲਈ ਮੱਛਰ ਮਾਰੂ ਦਵਾਈਆਂ ਦੇ ਛਿੜਕਾਅ ਤੇ ਫੋਗਿੰਗ ਕਰਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਬਿਆਸ ਪਿੰਡ ਵਿਖੇ ਸਮੁੱਚੀ ਪੰਚਾਇਤ ਵੱਲੋਂ ਮੱਛਰ ਮਾਰੂ ਦਵਾਈਆਂ ਦਾ ਛਿੜਕਾ ਕੀਤਾ ਗਿਆ ਅਤੇ ਫੋਗਿੰਗ ਕਰਵਾਈ ਗਈ। ਇਸ ਸਬੰਧੀ ਲੋਕਾਂ ਨੂੰ ਬਰਸਾਤ ਦੌਰਾਨ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਗਰੂਕ ਵੀ ਕੀਤਾ ਗਿਆ। ਇਸ ਮੁਹਿੰਮ ਤਹਿਤ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਵੀ ਮੱਛਰ ਮਾਰੂ ਦਵਾਈਆਂ ਦਾ ਛਿੜਕਾਅ ਕਰਾ ਰਹੀਆਂ ਹਨ। ਇਸ ਮੌਕੇ ਲੋਕਾਂ ਨੂੰ ਅਪੀਲ ਕੀਤੀ ਕਿ ਬਰਸਾਤੀ ਮੌਸਮ ਵਿੱਚ ਆਪਣੇ ਘਰਾਂ ਜਾਂ ਆਸ-ਪਾਸ ਕਿਤੇ ਵੀ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ, ਜਿੱਥੇ ਪਾਣੀ ਖੜ੍ਹਾ ਹੋਵੇ, ਉੱਥੇ ਕਾਲਾ ਤੇਲ ਪਾਇਆ ਜਾ ਸਕਦਾ ਹੈ ਤਾਂ ਕਿ ਮੱਛਰ ਪੈਦਾ ਹੋਣ ਤੋਂ ਰੋਕਿਆ ਜਾ ਸਕੇ। ਵਾਧੂ ਬਰਤਨਾਂ, ਕੂਲਰਾਂ ਜਾਂ ਟੈਂਕੀਆਂ ਵਿੱਚੋਂ ਪਾਣੀ ਖਾਲੀ ਰੱਖਿਆ ਜਾਵੇ ਅਤੇ ਮੱਛਰ ਦੇ ਕੱਟਣ ਤੋਂ ਬਚਾਅ ਲਈ ਪੂਰੇ ਸਰੀਰ ਨੂੰ ਢਕਣ ਵਾਲੇ ਕੱਪੜੇ ਪਾਉਣ ਦੇ ਨਾਲ-ਨਾਲ ਮੱਛਰ ਮਾਰੂ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਸਿੱਖਿਆ ਸ਼ਾਸ਼ਤਰੀ ਗੁਰਪ੍ਰੀਤ ਰੱਖਰਾ, ਪੰਚ ਜ਼ੋਰਾ ਸਿੰਘ, ਨੰਬਰਦਾਰ ਸੋਮ ਪ੍ਰਕਾਸ਼ ਅਤੇ ਮੋਹਤਵਰ ਵਿਅਕਤੀ ਹਾਜ਼ਿਰ ਸਨ।



## ਕੇਂਦਰੀ ਰਾਜ ਮੰਤਰੀ ਨੇ ਹੜ ਪ੍ਰਭਾਵਤ ਪਿੰਡਾਂ ਦਾ ਕੀਤਾ ਦੌਰਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਕੇਂਦਰੀ ਰਾਜ ਮੰਤਰੀ ਐਲ ਮੁਰਗਨ ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਅਤੇ ਨੰਗਲ ਦੇ ਹੜ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨ ਲਈ ਪੁੱਜੇ। ਇਸ ਮੌਕੇ ਉਹਨਾਂ ਵੱਲੋਂ ਭਾਜਪਾ ਦੇ ਆਗੂਆਂ ਦੇ ਨਾਲ ਟਰੈਕਟਰ ਤੇ ਬੈਠ ਕੇ ਸਤਲੁਜ ਦਰਿਆ ਵਸੇ ਪਿੰਡਾਂ ਹਰੀਵਾਲ, ਸ਼ਾਹਪੁਰ ਬੇਲਾ, ਬੇਲਾ ਧਿਆਨੀ ਆਦਿ ਪਿੰਡਾਂ ਦਾ ਦੌਰਾ ਕੀਤਾ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ। ਕੇਂਦਰੀ ਰਾਜ ਮੰਤਰੀ ਹਰੀਵਾਲ ਵਿਖੇ ਸਤਲੁਜ ਦਰਿਆ ਦੇ ਟੁੱਟੇ ਡੰਗਿਆਂ ਨੂੰ ਦੇਖਣ ਲਈ ਵੀ ਗਏ। ਇਸ ਮੌਕੇ ਉਹਨਾਂ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ ਹੜ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ ਤੇ ਹੜਾਂ ਦੇ ਮੁੱਦੇ ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਉਹਨਾਂ ਕਿਹਾ ਕਿ ਇਹ ਸਮਾਂ ਸਿਆਸਤ ਕਰਨ ਦਾ ਨਹੀਂ ਸਗੋਂ ਹੜਾਂ ਦੀ ਮਾਰ ਹੇਠ ਆਏ ਲੋਕਾਂ ਦੀ ਬਾਂਹ ਫੜਨ ਦਾ ਸਮਾਂ ਹੈ। ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ 1600 ਕਰੋੜ ਰੁਪਏ ਦੀ ਫੌਰੀ ਰਾਹਤ ਹੜ ਪ੍ਰਭਾਵਿਤ ਲੋਕਾਂ ਨੂੰ ਦਿੱਤੀ ਗਈ ਹੈ, ਜਿੱਥੇ ਜਿੱਥੇ ਨੁਕਸਾਨ ਹੋਇਆ ਉੱਥੇ ਅਸੈਸਮੈਂਟ ਹੋਣੀ ਸ਼ੁਰੂ ਹੋ ਚੁੱਕੀ ਹੈ ਤੇ ਜਲਦ ਇਹ ਰਾਹਤ ਲੋਕਾਂ ਤੱਕ ਪੁੱਜਣੀ ਸ਼ੁਰੂ ਹੋ ਜਾਵੇਗੀ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਇਜਾਸਟਰ ਮੈਨੇਜਮੈਂਟ 12 ਹਜਾਰ ਕਰੋੜ ਰੁਪਿਆ ਵੀ ਪਹਿਲਾਂ ਹੀ ਸੂਬਾ ਸਰਕਾਰ ਕੋਲ ਪਿਆ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਨਾਲ ਡੱਟ ਕੇ ਖੜੀ ਹੈ ਤੇ ਪੰਜਾਬ ਦੇ ਲੋਕਾਂ ਦੀ ਮਦਦ ਕੇਂਦਰ ਸਰਕਾਰ ਵੱਲੋਂ ਲਗਾਤਾਰ ਕੀਤੀ ਜਾ ਰਹੀ।



## ਮੋਹਿੰਦਰ ਭਗਤ ਨੇ ਮੇਹਰਚੰਦ ਪੋਲੀਟੈਕਨਿਕ ਨੂੰ ਨੈਸ਼ਨਲ ਐਵਾਰਡ ਮਿਲਣ 'ਤੇ ਦਿੱਤੀ ਵਧਾਈ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਨੂੰ ਸਮੁੱਚੇ ਭਾਰਤ ਵਿੱਚੋਂ ਬੈਸਟ ਪੋਲੀਟੈਕਨਿਕ ਐਵਾਰਡ ਮਿਲਣ 'ਤੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਦੁਆਬੇ ਅਤੇ ਜਲੰਧਰ ਸ਼ਹਿਰ ਲਈ ਮਾਣ ਦੀ ਗੱਲ ਹੈ ਕਿ ਇਥੋਂ ਦੇ ਇੱਕ ਪੋਲੀਟੈਕਨਿਕ ਕਾਲਜ ਨੂੰ ਨੈਸ਼ਨਲ ਪੱਧਰ 'ਤੇ ਸਨਮਾਨ ਮਿਲਿਆ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਮੰਤਰੀ ਦਾ ਮੂੰਹ ਮਿੱਠਾ ਕਰਵਾਇਆ ਅਤੇ ਨਾਲ ਹੀ ਦੱਸਿਆ ਕਿ ਮੇਹਰਚੰਦ ਪੋਲੀਟੈਕਨਿਕ ਕਾਲਜ, ਜਲੰਧਰ ਤੋਂ ਇਲਾਵਾ ਸਿਰਫ਼ ਨਚਿਮੁਥੂ ਪੋਲੀਟੈਕਨਿਕ ਕਾਲਜ, ਪੋਲਾਚੀ (ਤਾਮਿਲਨਾਡੂ) ਅਤੇ ਜੇ.ਐਸ.ਐਸ. ਪੋਲੀਟੈਕਨਿਕ ਕਾਲਜ, ਮੈਸੂਰ (ਕਰਨਾਟਕਾ) ਨੂੰ ਇਹ ਐਵਾਰਡ ਹਾਸਿਲ ਹੋਇਆ ਹੈ। ਕੈਬਨਿਟ ਮੰਤਰੀ ਇਹ ਜਾਣ ਕੇ ਬਹੁਤ ਖੁਸ਼ ਹੋਏ ਕਿ ਪੰਜਾਬ ਵਿੱਚ ਪਹਿਲੀ ਵਾਰ ਕਿਸੇ ਪੋਲੀਟੈਕਨਿਕ ਕਾਲਜ ਨੂੰ ਇਹ ਸਨਮਾਨ ਪ੍ਰਾਪਤ ਹੋਇਆ ਹੈ। ਉਹਨਾਂ ਭਰੋਸਾ ਦਿੱਤਾ ਕਿ ਇਹ ਜਾਣਕਾਰੀ ਜਲਦ ਹੀ ਮਾਣਯੋਗ ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਪੰਜਾਬ ਨੂੰ ਦੇਣਗੇ। ਇਸ ਮੌਕੇ ਕਾਲਜ ਦੇ ਵਰਕਸ਼ਾਪ ਦੇ ਸੀਨੀਅਰ ਇੰਸਟਰਕਟਰ ਦੁਰਗੇਸ਼ ਜੰਡੀ ਵੀ ਹਾਜ਼ਿਰ ਸਨ।

## ਹੜ੍ਹ ਪੀੜਤਾਂ ਦੀ ਸਹਾਇਤਾ ਲਈ 'ਮੋਬਾਈਲ ਕਲੀਨਿਕ' ਨਾਂਅ ਦੀ ਮੈਡੀਕਲ ਬੱਸ ਰਵਾਨਾ

**ਕੁਰਾਲੀ (ਮੋਹਨ ਅੱਗਰਵਾਲ)**- ਸਥਾਨਕ ਸ਼ਹਿਰ ਦੇ ਚੰਡੀਗੜ੍ਹ ਮਾਰਗ 'ਤੇ ਪਡਿਆਲਾ ਵਿਖੇ ਸਥਿਤ




ਪ੍ਰਭ ਆਸਰਾ ਸੰਸਥਾ ਵੱਲੋਂ ਪੰਜਾਬ ਵਿੱਚ ਕੁਦਰਤੀ ਆਪਦਾ ਕਾਰਨ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰ ਰਹੇ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ ਵੱਖ ਪਿੰਡਾਂ, ਜਿੱਥੇ ਕਈ-ਕਈ ਫੁੱਟ ਪਾਣੀ ਚੱਲ ਰਿਹਾ ਸੀ, ਉਹਨਾਂ ਇਲਾਕਿਆਂ ਵਿੱਚ 4 ਮੋਟਰ ਕਿਸ਼ਤੀਆਂ ਰਾਹੀ ਰੈਸਕਿਊ ਮੁਹਿੰਮ ਚਲਾਈ ਗਈ ਤੇ ਰਾਹਤ ਸਮੱਗਰੀ ਪਹੁੰਚਾਈ ਗਈ। ਸੰਸਥਾ ਵੱਲੋਂ ਹੜ੍ਹ ਪੀੜਤ ਲੋਕਾਂ ਦੀ ਮਦਦ ਲਈ ਇੱਕ ਹੋਰ ਸ਼ਲਾਘਾਯੋਗ ਕਦਮ ਵਧਾਉਂਦੇ ਹੋਏ 'ਪ੍ਰਭ ਆਸਰਾ ਕਲੀਨਿਕ' ਨਾਂਅ ਦੀ ਮੋਬਾਈਲ ਮੈਡੀਕਲ ਬੱਸ ਰਵਾਨਾ ਕੀਤੀ ਗਈ। ਸੰਸਥਾ ਦੇ ਮੁੱਖ ਪ੍ਰਬੰਧਕ ਭਾਈ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਭਾਵੇਂ ਇਸ ਸਮੇਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਾਣੀ ਉੱਤਰ ਗਿਆ ਹੈ ਪਰ ਹੁਣ ਲੋਕਾਂ ਦੀਆ ਸਮੱਸਿਆਂਵਾ ਹੋਰ ਵੀ ਵਧੀਆ ਹਨ, ਜਿਵੇਂ ਮਰੇ ਜਾਨਵਰਾਂ ਕਾਰਨ ਸੜ ਰਹੀਆਂ ਫ਼ਸਲਾਂ, ਸਮਾਨ ਅਤੇ ਫੈਲ ਰਹੀ ਬਦਬੂ ਅਤੇ ਪੈਦਾ ਹੋ ਰਹੀਆਂ ਬਿਮਾਰੀਆਂ ਤੋਂ ਬਚਾਓ ਲਈ ਮੈਡੀਕਲ ਸੁਵਿਧਾ ਦੀ ਪ੍ਰਮੁੱਖ ਲੋੜ ਹੈ। ਲੋਕਾਂ ਦੀਆਂ ਇਨ੍ਹਾਂ ਪ੍ਰਮੁੱਖ ਜਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਦੀ ਸੰਸਥਾ ਵੱਲੋਂ ਵਿਸ਼ੇਸ਼ ਤੌਰ 'ਤੇ ਲੋੜੀਂਦੀ ਮੈਡੀਕਲ ਸੁਵਿਧਾ ਨਾਲ ਲੈਸ ਇੱਕ ਮੋਬਾਈਲ ਮੈਡੀਕਲ ਬੱਸ ਤਿਆਰ ਕਰਵਾਈ ਗਈ ਹੈ, ਜਿਸ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਦੀ ਸਲਾਹ ਨਾਲ ਹਰ ਕਿਸਮ ਦੇ ਟੈਸਟ, ਦਵਾਈਆਂ, ਕਾਰਡੀਅਕ ਮਾਨੀਟਰ, ਈ.ਸੀ.ਜੀ, ਸਿਰਿੰਜ ਪੰਪ ਅਤੇ ਆਕਸੀਜਨ ਆਦਿ ਦੇ ਨਾਲ-ਨਾਲ ਐਮਬੂਲੈਂਸ ਗੱਡੀਆਂ ਦੇ ਖ਼ਾਸ ਪ੍ਰਬੰਧ ਕੀਤੇ ਗਏ ਹਨ। ਇਨ੍ਹਾਂ ਟੀਮਾਂ ਵਿੱਚ ਮਾਹਿਰ ਡਾਕਟਰਾਂ ਤੋਂ ਇਲਾਵਾ ਉਨ੍ਹਾਂ ਦੀ ਸਹਾਇਤਾ ਲਈ ਲੋੜਵੰਦ ਪੈਰਾਂ ਮੈਡੀਕਲ ਸਟਾਫ ਅਤੇ ਲੈਬ ਟੈਕਨੀਸ਼ੀਅਨ ਹੋਣਗੇ, ਜੋ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਹਰ ਮੈਡੀਕਲ ਸਹਾਇਤਾ ਦੇਣ ਦੀ ਕੋਸ਼ਿਸ਼ ਕਰਨਗੇ।

## ਸਕੂਲ ਦੇ ਚਾਰ ਕ੍ਰਿਕਟ ਖਿਡਾਰੀਆਂ ਦੀ ਪੰਜਾਬ ਸਟੇਟ ਲੈਵਲ ਮੁਕਾਬਲਿਆਂ ਲਈ ਹੋਈ ਚੋਣ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸਾਹਬਾਜ਼ਪੁਰ ਦੀ ਕ੍ਰਿਕਟ ਟੀਮ ਦੇ ਚਾਰ ਖਿਡਾਰੀਆਂ ਦੀ ਸਟੇਟ ਲੈਵਲ ਪੰਜਾਬ ਬੋਰਡ ਖੇਡਾਂ ਦੇ ਕ੍ਰਿਕਟ ਮੁਕਾਬਲਿਆਂ ਦੇ ਵਿੱਚ ਚੋਣ ਹੋਈ। ਟੀਮ ਨੇ ਜ਼ਿਲ੍ਹਾ ਪੱਧਰ ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਤੇ ਕਬਜ਼ਾ ਕੀਤਾ।ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਇਹਨਾਂ ਬੱਚਿਆਂ ਨੂੰ ਅਤੇ ਇਹਨਾਂ ਦੇ ਕੋਚ ਸਾਹਿਬਾਨ ਨੂੰ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਸੰਗਰ ਨੇ ਇਸ ਮੌਕੇ ਤੇ ਦੱਸਿਆ ਕਿ ਟੀਮ ਦੇ ਚਾਰ ਖਿਡਾਰੀ ਜਸ਼ਨ, ਗੁਰਸ਼ਾਨ ਸੈਣੀ, ਮਨਰਾਜ ਸਿੰਘ ਅਤੇ ਗੁਰਨੂਰ ਸਿੰਘ ਦੀ ਸਟੇਟ ਲੈਵਲ ਮੁਕਾਬਲਿਆਂ ਦੇ ਵਿੱਚ ਚੋਣ ਹੋਈ ਹੈ। ਚੇਅਰਮੈਨ ਤਰਲੋਚਨ ਸਿੰਘ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲੇ ਦੀ ਟੀਮ ਦੇ ਵਿੱਚ ਸਿਲਵਰ ਓਕ ਦੇ ਚਾਰ ਖਿਡਾਰੀਆਂ ਦਾ ਖੇਡਣਾ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ। ਬੱਚਿਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਉਹਨਾਂ ਕਿਹਾ ਕਿ ਮੈਂ ਉਮੀਦ ਰੱਖਦਾ ਹਾਂ ਕਿ ਸਾਰੇ ਹੀ ਖਿਡਾਰੀ ਆਪਣੀ ਸਰਵਉੱਚ ਖੇਡ ਦਾ ਪ੍ਰਦਰਸ਼ਨ ਸਟੇਟ ਪੱਧਰ ਤੇ ਵੀ ਇਸੇ ਤਰ੍ਹਾਂ ਜਾਰੀ ਰੱਖਣਗੇ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਸੁਰੇਸ਼ ਸਿੰਘ, ਅਮਰਜੀਤ ਕੌਰ ਸੈਣੀ, ਸੁਸ਼ੀਲ ਕੁਮਾਰ, ਵਿਸ਼ਾਲੀ, ਰਾਜਵੀਰ, ਰਾਜਵਿੰਦਰ ਅਤੇ ਬਾਕੀ ਸਟਾਫ ਵੀ ਮੌਜੂਦ ਸੀ।

## ਛਿੰਝ ਮੇਲਾ 17-18 ਨੂੰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਲੱਖਾਂ ਦੇ ਦਾਤੇ ਦੀ ਯਾਦ ਵਿੱਚ ਅਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਨੂਰਮਹਿਲ ਦੇ 121ਵੇਂ ਛਿੰਝ ਮੇਲਾ 17, 18, ਸਤੰਬਰ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ।ਇਸ ਛਿੰਝ ਮੇਲੇ ਵਿੱਚ ਭਾਰਤ ਦੇ ਨਾਮੀ ਪਹਿਲਵਾਨ ਆਪਣੀਆਂ ਕੁਸ਼ਤੀਆਂ ਦੇ ਜੌਹਰ ਦਿਖਾਉਣਗੇ। ਛਿੰਝ ਮੇਲੇ ਦੀ ਪਟਕੇ ਦੀ ਤੀਸਰੀ ਕੁਸ਼ਤੀ ਦਾ 51000 ਰੁਪਏ ਦੇ ਪਟਕੇ ਦਾ ਇਨਾਮ ਜਗਦੀਸ਼ ਸਿੰਘ ਦੀਸ਼ਾ ਸਾਬਕਾ ਸਰਪੰਚ ਰਾਮੇਵਾਲ, ਉਹਨਾਂ ਦੇ ਸਪੁੱਤਰ ਲਾਡੀ ਸਿੰਘ ਵਲੋਂ ਸਵਰਗਵਾਸੀ ਜਸਪਾਲ ਸਿੰਘ ਕਾਲਾ ਦੀ ਯਾਦ ਵਿੱਚ ਦਿੱਤਾ ਜਾਵੇਗਾ।ਇਸ ਛਿੰਝ ਮੇਲੇ ਵਿੱਚ ਐਮ ਪੀ ਜਲੰਧਰ ਚਰਨਜੀਤ ਸਿੰਘ ਚੰਨੀ, ਹਲਕਾ ਵਿਧਾਇਕ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ, ਸਾਬਕਾ ਵਿਧਾਇਕ ਨਕੋਦਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਡਾਕਟਰ ਨਵਜੋਤ ਸਿੰਘ ਦਾਹੀਆ ਹਲਕਾ ਇੰਚਾਰਜ ਕਾਂਗਰਸ ਨਕੋਦਰ ਅਤੇ ਅਦਿੱਤਿਆ ਭਟਾਰਾ ਹਲਕਾ ਇੰਚਾਰਜ ਭਾਜਪਾ ਨਕੋਦਰ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।ਛਿੰਝ ਮੇਲੇ ਵਿੱਚ ਘੋੜੀਆਂ ਦੀਆਂ ਦੌੜਾਂ ਅਤੇ ਟਰੈਕਟਰ ਤਵੀਆਂ ਦੇ ਮੁਕਾਬਲੇ ਵੀ ਕਰਵਾਏ ਜਾਣਗੇ।



## ਨੰਬਰਦਾਰ ਯੂਨੀਅਨ ਵੱਲੋਂ ਹੜ੍ਹਾਂ ਦੀ ਮਾਰ ਹੇਠਾਂ ਆਏ ਪਿੰਡਾਂ ਦੀ ਮਦਦ ਕਰਨ ਦਾ ਐਲਾਨ

**ਨਕੋਦਰ (ਮਨਜੀਤ ਮਾਨ)**- ਨੰਬਰਦਾਰ ਯੂਨੀਅਨ ਦੀ ਵਿਸ਼ੇਸ਼ ਮੀਟਿੰਗ ਤਹਿਸੀਲ ਪ੍ਰਧਾਨ ਨਕੋਦਰ ਸੁਰਜੀਤ ਸਿੰਘ ਹੇਅਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਹਰਕੰਵਲ ਸਿੰਘ ਮੁੰਧ ਮੀਤ ਪ੍ਰਧਾਨ ਪੰਜਾਬ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਕੰਵਲ ਸਿੰਘ ਮੁੰਧ ਨੇ ਕਿਹਾ ਪਿਛਲੇ ਦਿਨਾਂ ਵਿੱਚ ਜੋ ਪੰਜਾਬ ਵਿੱਚ ਕੁਦਰਤ ਦਾ ਕਹਿਰ ਵਰਤਿਆ ਹੈ,ਪੂਰੇ ਪੰਜਾਬ ਵਿੱਚ ਮੀਂਹ ਨਾਲ ਦਰਿਆਵਾਂ ਦੇ ਬੰਨ ਟੁੱਟ ਗਏ। ਇਸ ਕੁਦਰਤ ਦੀ ਕਰੋਪੀ ਕਾਰਨ ਕਿਸਾਨਾਂ ਦੀ ਲੱਖਾਂ ਏਕੜ ਫਸਲ ਬਰਬਾਦ ਹੋ ਗਈ। ਇਸ ਮੌਕੇ ਅਸੀਂ ਪੰਜਾਬ ਨੰਬਰਦਾਰ ਯੂਨੀਅਨ ਵੱਲੋਂ ਪੰਜਾਬ ਦੇ ਨਾਲ ਖੜ੍ਹੇ ਹਾਂ ਅਤੇ ਬਹੁਤ ਜਲਦੀ ਪੰਜਾਬ ਬਾਡੀ ਨਾਲ ਸਲਾਹ ਮਸ਼ਵਰਾ ਕਰਕੇ ਪੂਰੇ ਪੰਜਾਬ ਦੇ ਤਹਿਸੀਲ ਪੱਧਰ ਤੇ ਯੂਨੀਅਨ ਵੱਲੋਂ ਰਾਹਤ ਫੰਡ ਇਕੱਠਾ ਕਰਕੇ ਲੋਕਾਂ ਤੱਕ ਪਹੁੰਚਾਇਆ ਜਾਵੇਗਾ। ਇਸ ਮੌਕੇ ਤੇ ਨਕੋਦਰ ਤਹਿਸੀਲ ਵੱਲੋਂ ਨੰਬਰਦਾਰਾਂ ਵੱਲੋਂ ਪੰਜਾਬ ਪ੍ਰਧਾਨ ਗੁਰਪਾਲ ਸਿੰਘ ਸਮਰਾ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਰਾਹਤ ਫੰਡ ਇਕੱਠਾ ਕੀਤਾ ਜਾਵੇਗਾ। ਪ੍ਰਧਾਨ ਮੁੰਧ ਨੇ ਪੰਜਾਬ ਦੀਆਂ ਤਹਿਸੀਲ ਪੱਧਰ ਤੇ ਯੂਨੀਅਨ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਪਣੇ ਪੱਧਰ ਤੇ ਹੜ੍ਹ ਪੀੜਤਾਂ ਲਈ ਇਹ ਫੰਡ ਇਕੱਠਾ ਕਰਕੇ ਪੰਜਾਬ ਬਾਡੀ ਨੂੰ ਪਹੁੰਚਾਇਆ ਜਾਵੇ,ਤਾਂ ਜੋ ਇਹ ਬੇਸਹਾਰਾ ਹੋਏ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਤੇ ਹਰਕੰਵਲ ਸਿੰਘ ਮੁੰਧ ਮੀਤ ਪ੍ਰਧਾਨ ਪੰਜਾਬ,ਸੁਰਜੀਤ ਸਿੰਘ ਹੇਅਰ ਤਹਿਸੀਲ ਪ੍ਰਧਾਨ ਨਕੋਦਰ, ਰਾਜ ਕੁਮਾਰ ਮਹਿੰਮੀ ਜਨਰਲ ਸਕੱਤਰ ਜਿਲਾ ਜਲੰਧਰ ਦਿਹਾਤੀ, ਹਰਭਜਨ ਸਿੰਘ ਬੰਗੜ, ਹਰਨੇਕ ਸਿੰਘ ਸਿੱਧੂਪੁਰ ਮੀਤ ਪ੍ਰਧਾਨ ਜਲੰਧਰ, ਗੁਰਸ਼ਰਨਜੀਤ ਸਿੰਘ, ਜਤਿੰਦਰ ਸਿੰਘ ਮਾਲੜੀ, ਰਸ਼ਪਾਲ ਸਿੰਘ ਮੁੰਧ, ਗੁਰਮੁਖ ਸਿੰਘ ਸੰਧੂ, ਮਲਕੀਤ ਸਿੰਘ ਆਲੇਵਾਲੀ, ਹਰਭਜਨ ਸਿੰਘ ਬੰਗੜ, ਅਮਨਦੀਪ ਸਿੰਘ ਸਿਆਣੀਵਾਲ ਤੋਂ ਇਲਾਵਾ ਸਮੂਹ ਨੰਬਰਦਾਰ ਹਾਜ਼ਰ ਸਨ।



## ਸਾਲਾਨਾ ਭਗਵਤੀ ਜਾਗਰਣ ਭਲਕੇ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)**- ਜੈ ਮਾਂ ਚਿੰਤਪੁਰਨੀ ਜਾਗਰਣ ਕਮੇਟੀ ਪਿੰਡ ਕੋਲ ਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਮੂਹ ਨਗਰ ਨਿਵਾਸੀਆਂ ਤੇ ਗ੍ਰਾਮ ਪੰਚਾਇਤ ਅਤੇ ਐਨ ਆਰ ਆਈ ਵੀਰਾਂ ਅਤੇ ਸੋਨੂੰ ਧੁਤੀ ਯੂ, ਕੇ ਦੇ ਵਿਸ਼ੇਸ਼ ਸਹਿਯੋਗ ਨਾਲ ਸਾਲਾਨਾ ਭਾਗਵੰਤੀ ਜਾਗਰਣ 16 ਸਤੰਬਰ ਨੂੰ ਪਿੰਡ ਕੋਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਪੰਡਿਤ ਹਰਜਿੰਦਰ ਪਾਲ ਨੇ ਦੱਸਿਆ ਕਿ ਇਸ ਮੌਕੇ ਤੇ ਪੰਜਾਬ ਦੇ ਮਸ਼ਹੂਰ ਗਾਇਕ ਰਣਜੀਤ ਰਾਣਾ, ਸੁਖਦੇਵ ਮਹੁੰਮਦ ਅਤੇ ਬਲਜਿੰਦਰ ਸਾਬਰ ਮਾਤਾ ਦੀਆਂ ਭੇਟਾ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਮਹਾਂਮਾਈ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।



## ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਦੀ ਹੋਈ ਮੀਟਿੰਗ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਮਾਜ ਸੇਵੀ ਸੰਸਥਾ ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਦੀ ਵਿਸ਼ੇਸ਼ ਮੀਟਿੰਗ ਸਥਾਨਕ ਦੁਆਬਾ ਸਿੱਖ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਜੇ.ਐਸ.ਗਿੱਦਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਸੰਚਾਲਨ ਪ੍ਰਿੰਸੀਪਲ ਪਰਵਿੰਦਰ ਸਿੰਘ ਜੱਸੋਮਜਾਰਾ ਨੇ ਖੁਦ, ਮਾ:ਨਰਿੰਦਰ ਸਿੰਘ ਭਾਰਟਾ ਸਮੇਤ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਕੀਤੇ ਦੌਰੇ ਦੀ ਜਾਣਕਾਰੀ ਸਾਂਝੀ ਕਰਦਿਆਂ ਉਪਕਾਰ ਹੜ੍ਹਪੀੜਤ ਰਲੀਫ ਫੰਡ ਦੀ ਵੇਰਵੇ ਸਹਿਤ ਰਿਪੋਰਟਿੰਗ ਕੀਤੀ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਮੀਟਿੰਗ ਵਿੱਚ ਹੜ੍ਹਾਂ ਉਪ੍ਰੰਤ ਆਉਣ ਵਾਲ੍ਹੀਆਂ ਮੁਸ਼ਕਲਾਂ ਤੇ ਚਰਚਾ ਹੋਈ। ਸਭ ਦਾ ਵਿਚਾਰ ਸੀ ਕਿ ਇਹ ਵਧੇਰੇ ਚਿੰਤਾਜਨਕ ਹੋਣਗੀਆਂ ਪ੍ਰਾਰਥਨਾ ਕੀਤੀ ਗਈ ਕਿ ਮਿਸਾਲੀ ਸਹਿਯੋਗ ਬਾਅਦ ਵਿੱਚ ਵੀ ਬਣਿਆ ਰਹੇ। ਹਾਊਸ ਵਲੋਂ ਸਰਵਸੰਮਤੀ ਨਾਲ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਧਾਰਮਿਕ, ਸਮਾਜ ਸੇਵੀ ਸੰਸਥਾਵਾਂ ਤੇ ਸ਼ਖ਼ਸੀਅਤਾਂ, ਸਿਆਸੀ ਤੇ ਪ੍ਰਸ਼ਾਸਨਿਕ ਪੱਧਰ ਤੇ ਹੋ ਰਹੀ ਬੇਅੰਤ ਸੇਵਾ ਲਈ ਧੰਨਵਾਦ ਮਤਾ ਪਾਸ ਕੀਤਾ। ਹਾਊਸ ਵਲੋਂ ਡੇਰਾ ਬਾਬਾ ਨਾਨਕ ਤੇ ਅਜਨਾਲਾ ਖੇਤਰ ਦੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੇ ਨਾਲ੍ਹ ਲਗਦੇ ਇਲਾਕਿਆਂ ਵਿੱਚ ਆਪਣੇ ਮੈਂਬਰਾਂ ਰਾਹੀਂ ਉਤਪੰਨ ਹੋਣ ਵਾਲੀਆਂ ਅਸਲ ਲੋੜਾਂ ਦੀ ਸੂਚੀ ਤਿਆਰ ਕਰਨ ਲਈ ਪੰਜ ਮੈਂਬਰੀ ਕਮੇਟੀ ਨਾਮਜ਼ਦ ਕੀਤੀ ਜਿਸ 'ਚ ਮਾਸਟਰ ਨਰਿੰਦਰ ਸਿੰਘ ਭਾਰਟਾ, ਜਨਰਲ ਸਕੱਤਰ ਜੱਸੋਮਜਾਰਾ, ਸਤਨਾਮ ਸਿੰਘ, ਬੀਰਬੱਲ ਤੱਖੀ ਤੇ ਦੇਸ ਰਾਜ ਬਾਲੀ ਅਧਾਰਿਤ ਕਮੇਟੀ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋੜ ਅਨੁਸਾਰ ਸਹਿਯੋਗੀ ਕਾਰਜ ਕਰਨ ਲਈ ਅਧਿਕਾਰਤ ਕੀਤਾ।



## ਉੱਨਤੀ ਕੋਆਪਰੇਟਿਵ ਸੁਸਾਇਟੀ ਵੱਲੋਂ ਹੜ੍ਹ ਪੀੜਤਾਂ ਲਈ 1000 ਰਾਸ਼ਨ ਕਿੱਟਾਂ ਦਾ ਯੋਗਦਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਇਸ ਸਮੇਂ ਪੂਰਾ ਪੰਜਾਬ ਹੜ੍ਹ ਦੀ ਮਾਰ ਨਾਲ ਜੂਝ ਰਿਹਾ ਹੈ। ਇਸ ਮੁਸ਼ਕਿਲ ਘੜੀ ਵਿਚ ਪੀੜਤ ਪਰਵਾਰਾਂ ਨਾਲ ਪੂਰਾ ਦੇਸ਼ਾ ਖੜ੍ਹਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਬਹੁਤੇ ਇਲਾਕੇ ਵੀ ਇਸ ਕੁਦਰਤੀ ਆਫ਼ਤ ਦਾ ਸ਼ਿਕਾਰ ਹੋਏ ਹਨ। ਹੜ੍ਹਾਂ ਕਾਰਨ ਪੀੜਤ ਪਰਵਾਰਾਂ ਦੀ ਮਦਦ ਲਈ ਜਿਥੇ ਸਰਕਾਰ ਤਨਦੇਹੀ ਨਾਲ ਪੂਰੀ ਮਦਦ ਕਰ ਰਹੀ ਹੈ, ਉਥੇ ਹੀ ਸਵੈ-ਸੇਵੀ ਸੰਸਥਾਵਾਂ, ਕੰਪਨੀਆਂ, ਫੈਕਟਰੀਆਂ, ਦਾਨੀ ਸੱਜਣਾਂ ਅਤੇ ਹੋਰ ਸ਼ਹਿਰ ਵਾਸੀਆਂ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਵਿੱਤੀ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਮਦਦ ਕਰਨ ਸਬੰਧੀ ਅਪੀਲ ਕੀਤੀ ਗਈ ਸੀ, ਜਿਸ ਤਹਿਤ ਬਹੁਤ ਸਾਰੇ ਦਾਨੀ ਸੱਜਣਾਂ, ਸੰਸਥਾਵਾਂ, ਨਾਗਰਿਕਾਂ ਵੱਲੋਂ ਹੜ੍ਹ ਪੀੜਤਾਂ ਲਈ ਆਪਣੇ ਵੱਲੋਂ ਪੂਰਾ ਯੋਗਦਾਨ ਦਿੱਤਾ ਜਾ ਰਿਹਾ ਹੈ। ਇਸ ਸਬੰਧੀ ਦਾਨੀ ਸੱਜਣਾਂ ਵੱਲੋਂ ਰਾਹਤ ਸਮੱਗਰੀ, ਰਾਸ਼ਨ ਕਿੱਟਾਂ, ਤਰਪਾਲਾਂ, ਮੱਛਰਦਾਨੀਆਂ, ਹਾਈਜੀਨ ਕਿੱਟਾਂ, ਬਰੈੱਡ ਅਤੇ ਹੋਰ ਬਹੁਤ ਸਾਰੀ ਸਮੱਗਰੀ ਤੋਂ ਇਲਾਵਾ ਵਿੱਤੀ ਸਹਾਇਤਾ ਮੁਹੱਈਆ ਕਰਵਾ ਕੇ ਆਪਣ ਫਰਜ਼ ਨਿਭਾਇਆ ਜਾ ਰਿਹਾ ਹੈ।ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਇਸੇ ਲੜੀ ਤਹਿਤ ਉੱਨਤੀ ਕੋਆਪਰੇਟਿਵ ਸੁਸਾਇਟੀ, ਤਲਵਾੜਾ ਨੇ ਹੜ੍ਹ ਪੀੜਤਾਂ ਦੀ ਮਦਲ ਲਈ ਰੈੱਡ ਕਰਾਸ ਨੂੰ 1000 ਰਾਸ਼ਨ ਕਿੱਟਾ ਦਾ ਸਹਿਯੋਗ ਕੀਤਾ ਹੈ, ਜਿਸ ਸਬੰਧੀ ਉਨ੍ਹਾਂ ਸੁਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਹਾਲਤਾਂ ਵਿਚ ਉਨ੍ਹਾਂ ਵੱਲੋਂ ਕੀਤੀ ਗਈ ਮਦਦ ਹੜ੍ਹ ਪੀੜਤਾਂ ਲਈ ਇਕ ਵੱਡਮੁੱਲਾ ਯੋਗਦਾਨ ਹੈ। ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਉੱਨਤੀ ਕੋਅਪਰੇਟਿਵ ਸੁਸਾਇਟੀ, ਤਲਵਾੜਾ ਵੱਲੋਂ ਹਮੇਸ਼ਾ ਹੀ ਮੁਸ਼ਕਿਲ ਘੜੀ ਵਿਚ ਰੈੱਡ ਕਰਾਸ ਦਾ ਸਹਿਯੋਗ ਕੀਤਾ ਜਾਂਦਾ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਜ਼ਿਲ੍ਹੇ ਦੀਆ ਕੰਪਨੀਆਂ, ਫੈਕਟਰੀਆਂ, ਦਾਨੀ ਸੱਜਣਾਂ, ਉਦਯੋਗਪਤੀਆਂ, ਸਕੂਲ/ਕਾਲਜ ਮਾਲਕਾਂ, ਵੱਡੇ ਵਪਾਰੀ ਭਾਈਚਾਰੇ ਅਤੇ ਹਰ ਨਾਗਰਿਕ ਨੂੰ ਅਪੀਲ ਕੀਤੀ ਕਿ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਣ। ਜਿਸ ਲਈ ਰੈੱਡ ਕਰਾਸ ਸੁਸਾਇਟੀ ਵੱਲੋਂ ਜਾਰੀ ਕੀਤੇ ਗਏ ਕਿਊ.ਆਰ ਕੋਡ ਦੇ ਲਿੰਕ https://tinyurl.com/redcrosshoshiarpur 'ਤੇ ਕਲਿੱਕ ਕਰਕੇ ਸਹਿਯੋਗ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਸਮਾਜ ਭਲਾਈ ਦੇ ਕੰਮ ਲਈ ਨਿੱਜੀ ਤੌਰ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਰੈੱਡ ਕਰਾਸ ਦਫ਼ਤਰ, ਜੋਧਾ ਮੱਲ ਰੋਡ, ਹੁਸ਼ਿਆਰਪੁਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

## ਕੌਮੀ ਲੋਕ ਅਦਾਲਤ 'ਚ 10100 ਕੇਸਾਂ ਦਾ ਮੌਕੇ 'ਤੇ ਨਿਪਟਾਰਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਜੀਆਂ ਦੀ ਅਗਵਾਈ ਹੇਠ ਅਤੇ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਡਾ.ਅਮਨਦੀਪ ਜੀਆਂ ਦੀ ਦੇਖ-ਰੇਖ ਹੇਠ ਜ਼ਿਲ੍ਹਾਂ ਕੋਰਟ ਕੰਪਲੈਕਸ, ਸ ਭ ਸ ਨਗਰ ਅਤੇ ਸਬ-ਡਵੀਜ਼ਨ ਕੋਰਟ, ਤਹਿਸੀਲ ਬਲਾਚੌਰ ਵਿਖੇ ਮਿਤੀ 13.09.2025 ਨੂੰ ਕੌਮੀ ਲੋਕ ਅਦਾਲਤ ਲਗਾਈ ਗਈ। ਇਸ ਮੌਕੇ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀਮਤੀ ਪ੍ਰਿਆ ਸੂਦ ਜੀਆਂ ਵੱਲੋਂ ਕੌਮੀ ਲੋਕ ਅਦਾਲਤ ਦੇ ਸਾਰੇ ਬੈਂਚਾਂ ਦਾ ਜ਼ਾਇਜਾ ਲਿਆ ਗਿਆ। ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਲਗਾਏ ਗਏ 8 ਬੈਚਾਂ ਵੱਲੋ ਵੱਖ ਵੱਖ ਤਰ੍ਹਾਂ ਦੇ 11912 ਕੇਸਾਂ ਵਿੱਚੋਂ 10100 ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ ਤੇ ਨਿਪਟਾਰਾ ਕਰਦਿਆ 6 ਕਰੋੜ 61 ਲੱਖ 5 ਹਜ਼ਾਰ 720 ਰੁਪਏ ਦੇ ਅਵਾਰਡ ਸੁਣਾਏ ਗਏ। ਇਹ ਜਾਣਕਾਰੀ ਦੇਂਦਿਆ ਹੋਇਆ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਵੱਲੋ ਦੱਸਿਆ ਕਿ ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਵੱਖ-ਵੱਖ ਕੇਸਾਂ ਦੀ ਸੁਣਵਾਈ ਲਈ ਜ਼ਿਲ੍ਹਾਂ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਪੱਧਰ ਤੇ 07 ਬੈਂਚ ਅਤੇ ਕੋਰਟ, ਸਬ-ਡਵੀਜ਼ਨ, ਬਲਾਚੌਰ ਵਿਖੇ 1 ਬੈਂਚ ਲਗਾਏ ਗਏ। ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਚੇਅਰਮੈਨ ਸਥਾਈ ਲੋਕ ਅਦਾਲਤ (ਜਨ-ਉਪਯੋਗੀ ਸੇਵਾਵਾਂ) ਸ਼੍ਰੀ ਅਸ਼ੋਕ ਕਪੂਰ, ਵਧੀਕ ਜ਼ਿਲ੍ਹਾਂ ਅਤੇ ਸੈਸ਼ਨ ਜੱਜ-99 ਮਿਸ ਗਗਨਦੀਪ ਕੌਰ, ਪ੍ਰਿੰਸੀਪਲ ਜੱਜ, ਫੈਮਿਲੀ ਕੋਰਟ, ਸ਼ਹੀਦ ਭਗਤ ਸਿੰਘ ਨਗਰ ਸ. ਬਲਜਿੰਦਰ ਸਿੰਘ ਮਾਨ, ਸਿਵਲ ਜੱਜ (ਸੀਨੀਅਰ ਡੀਵੀਜ਼ਨ) ਮਿਸ ਪਰਵਿੰਦਰ ਕੌਰ, ਸੀ.ਜੇ.ਐਮ ਸ੍ਰੀ ਮਹੇਸ਼ ਕੁਮਾਰ, ਸਿਵਲ ਜੱਜ (ਜੂਨੀਅਰ ਡੀਵੀਜ਼ਨ) ਤੁਸ਼ਾਰ ਕੌਰ ਥਿੰਦ, ਸਿਵਲ ਜੱਜ (ਜੂਨੀਅਰ ਡੀਵੀਜ਼ਨ) ਸਿਮਰਨ ਚਲਾਨਾ, ਅਤੇ ਐਸ.ਡੀ.ਜੇ.ਐਮ ਬਲਾਚੌਰ ਮਿਸ. ਲਵਜਿੰਦਰ ਕੌਰ ਜੀਆਂ ਦੀਆਂ ਅਦਾਲਤਾਂ ਵੱਲੋ ਇਸ ਕੌਮੀ ਲੋਕ ਅਦਾਲਤ ਵਿੱਚ ਲੱਗੇ ਵੱਖ-ਵੱਖ ਤਰ੍ਹਾਂ ਦੇ ਕੇਸਾਂ ਦਾ ਦੋਵੇ ਧਿਰਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ ਇਸ ਤੋਂ ਇਲਾਵਾ ਇਨ੍ਹਾਂ ਬੈਚਾਂ ਦੇ ਨਾਲ ਮੈਂਬਰ ਦੇ ਤੌਰ ਐਡਵੋਕੇਟ, ਐਨ.ਜੀ.ਓ ਮੈਬਰ ਅਤੇ ਨੋਮੀਨੇਸ਼ਨ ਮੈਬਰ, ਡੀ.ਐਲ.ਐਸ.ਏ ਸ਼ਾਮਲ ਸਨ। ਇਸ ਮੌਕੇ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀਮਤੀ ਪ੍ਰਿਆ ਸੂਦ ਵੱਲੋ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦਾ ਮੁੱਖ ਮਕਸਦ ਦੋਵਾਂ ਧਿਰਾਂ ਦਾ ਆਪਸੀ ਸਮਝੌਤੇ ਅਤੇ ਰਾਜੀਨਾਮੇ ਰਾਹੀ ਅਦਾਲਤੀ ਕੇਸਾਂ ਦਾ ਫੈਸਲਾ ਕਰਵਾਉਣਾ ਹੈ ਤਾਂ ਜੋ ਸਬੰਧਤ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ ਨਾਲ ਉਨ੍ਹਾਂ ਦੀ ਆਪਸੀ ਦੁਸ਼ਮਣੀ ਵੀ ਘਟਾਈ ਜਾ ਸਕੇ ਤੇ ਲੋਕਾਂ ਵਿੱਚ ਆਪਸੀ ਭਾਈਚਾਰੇ ਵਿੱਚ ਪਿਆਰ ਬਣਿਆ ਰਹੇ। ਉਹਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਇਸ ਤਰਾਂ ਦੀਆਂ ਸਮੇ-ਸਮੇ ਤੇ ਲੱਗ ਰਹੀਆ ਲੋਕ ਅਦਾਲਤਾਂ ਦਾ ਵੱਧ ਤੋ ਵੱਧ ਲਾਭ ਲੈਣਾ ਚਾਹੀਦਾ ਹੈ।




## ਅੰਤਰਰਾਸ਼ਟਰੀ ਜਮਹੂਰੀਅਤ ਦਿਹਾੜੇ 'ਤੇ ਸ਼ਮੂਲੀਅਤ ਕੀਤੀ ਜਾਵੇਗੀ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- 15 ਸਤੰਬਰ ਨੂੰ ਅੰਤਰਰਾਸ਼ਟਰੀ ਜਮਹੂਰੀਅਤ ਦਿਹਾੜਾ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਖੇ ਭਾਈ ਗੁਰਦਾਸ ਹਾਲ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਰੋਸ ਮਾਰਚ ਕੀਤਾ ਜਾ ਰਿਹਾ ਹੈ ਕਿਉਂਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸਾਜਸ਼ੀ ਢੰਗ ਨਾਲ ਸਿੱਖ ਕੌਮ ਦੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪਿਛਲੇ 14 ਸਾਲਾਂ ਤੋਂ ਨਹੀਂ ਕਰਵਾਈਆਂ ਜਾ ਰਹੀਆਂ। ਇਕੱਠ ਵਿੱਚ ਹੁਸ਼ਿਆਰਪੁਰ ਤੋਂ ਜੱਥਾ ਰਵਾਨਾ ਹੋਵੇਗਾ ਤੇ ਰੋਸ ਮਾਰਚ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਜਾਰੀ ਕਰਦਿਆਂ ਹੋਇਆ ਕੀਤਾ।

15-SEP-PAGE-10.qxd 9/14/2025 8:36 PM Page 1



## ਡੀ ਬੀ ਯੂ ਵਿਖੇ 'ਸਵਯਮ ਤੇ ਸਵੈਮ ਪ੍ਰਭਾ' ਵਿਸ਼ੇ 'ਤੇ ਜਾਗਰੂਕਤਾ ਵਰਕਸ਼ਾਪ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਸਵੈਮ (ਸਥਾਨਕ ਚੈਪਟਰ) ਦੇ ਸਹਿਯੋਗ ਨਾਲ ਵਪਾਰ ਪ੍ਰਬੰਧਨ ਤੇ ਵਣਜ ਵਿਭਾਗ ਨੇ 'ਸਵਯਮ ਤੇ ਸਵੈਮ ਪ੍ਰਭਾ' ਵਿਸ਼ੇ 'ਤੇ ਇੱਕ ਰੋਜ਼ਾ ਆਨਲਾਈਨ ਜਾਗਰੂਕਤਾ ਵਰਕਸ਼ਾਪ ਕਰਵਾਈ।ਇਹ ਵਰਕਸ਼ਾਪ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਸਿੱਖਿਆ ਮੰਤਰਾਲੇ ਅਧੀਨ ਭਾਰਤ ਸਰਕਾਰ ਦੇ ਡਿਜੀਟਲ ਸਿੱਖਿਆ ਪਹਿਲਕਦਮੀਆਂ ਨਾਲ ਜਾਣੂ ਕਰਵਾਉਣ ਲਈ ਤਿਆਰ ਕੀਤੀ ਗਈ ਸੀ।ਇਸ ਸਮਾਗਮ ਦੀ ਸ਼ੁਰੂਆਤ ਟੀਚਿੰਗ ਅਸਿਸਟੈਂਟ ਪ੍ਰਭਜੀਤ ਕੌਰ ਨੇ ਮੁੱਖ ਮਹਿਮਾਨਾਂ ਡਾ. ਜ਼ੋਰਾ ਸਿੰਘ ਚਾਂਸਲਰ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਦਾ ਸਵਾਗਤ ਕਰਕੇ ਕੀਤੀ।ਵਿਸ਼ੇਸ਼ ਮਹਿਮਾਨਾਂ ਵਜੋਂ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ, ਡਾ. ਹਰਸ਼ ਸਦਾਵਰਤੀ, ਵਾਈਸ ਚਾਂਸਲਰ ਤੇ ਡਾ. ਅਮਰਜੀਤ ਸਿੰਘ, ਪ੍ਰੋ-ਵਾਈਸ ਚਾਂਸਲਰ (ਅਕਾਦਮਿਕ) ਨੇ ਸ਼ਿਰਕਤ ਕੀਤੀ।ਇਸ ਤੋਂ ਇਲਾਵਾ ਵਿਭਾਗ ਮੁਖੀ ਡਾ. ਰਜਨੀ ਸਲੂਜਾ ਤੇ ਡਾ. ਖੁਸ਼ਬੂ ਬਾਂਸਲ, ਡਿਪਟੀ ਡਾਇਰੈਕਟਰ, ਇੰਜੀਨੀਅਰਿੰਗ ਤਕਨਾਲੋਜੀ ਤੇ ਕੰਪਿਊਟਿੰਗ ਫੈਕਲਟੀ ਹਾਜ਼ਰ ਸਨ।ਵਰਕਸ਼ਾਪ ਦੇ ਮਹਿਮਾਨ ਬੁਲਾਰੇ ਇੰਜੀਨੀਅਰ ਮਨਪ੍ਰੀਤ ਸਿੰਘ, ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਰਿਸਰਚ ਅਫਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਨ।ਇਸ ਮੌਕੇ ਡਾ. ਜ਼ੋਰਾ ਸਿੰਘ ਨੇ ਵਰਕਸ਼ਾਪ ਨੂੰ ਸਫਲਤਾਪੂਰਵਕ ਕਰਵਾਉਣ ਲਈ ਵਿਭਾਗ ਨੂੰ ਵਧਾਈ ਦਿੱਤੀ ਤੇ ਸਿੱਖਿਆ ਦੇ ਮੌਜੂਦਾ ਦ੍ਰਿਸ਼ਟੀਕੋਣ ਵਿੱਚ, ਖਾਸ ਕਰਕੇ ਮਹਾਂਮਾਰੀ ਤੋਂ ਬਾਅਦ ਦੇ ਦ੍ਰਿਸ਼ਟੀਕੋਣ ਵਿੱਚ ਡਿਜੀਟਲ ਪਲੇਟਫਾਰਮਾਂ ਦੀ ਵੱਧ ਰਹੀ ਮਹੱਤਤਾ ਨੂੰ ਉਜਾਗਰ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਸਵੈਮ ਤੇ ਸਵੈਮ ਪ੍ਰਭਾ ਵਰਗੇ ਪ੍ਰੋਗਰਾਮਾਂ ਰਾਹੀਂ ਅਕਾਦਮਿਕ ਮੌਕਿਆਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ 'ਗੁਰੂ ਵੰਦਨ-ਛਾਤਰ ਅਭਿਨੰਦਨ' ਪ੍ਰੋਗਰਾਮ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਰਤ ਵਿਕਾਸ ਪ੍ਰੀਸ਼ਦ ਸੁਨਾਮ ਵੱਲੋਂ ਸ੍ਰੀ ਸੂਰਜ ਕੁੰਡ ਸਰਵ ਹਿੱਤਕਾਰੀ ਵਿੱਦਿਆ ਮੰਦਰ ਸਕੂਲ ਸੁਨਾਮ ਵਿੱਚ 'ਗੁਰੂ ਵੰਦਨ-ਛਾਤਰ ਅਭਿਨੰਦਨ' ਪ੍ਰੋਗਰਾਮ ਕਰਵਾਇਆ ਗਿਆ।ਪ੍ਰੋਗਰਾਮ ਵਿੱਚ ਸਕੂਲਾਂ ਦੇ 8 ਹੋਣਹਾਰ ਅਧਿਆਪਕਾਂ, 14 ਮੈਰੀਟੋਰੀਅਸ ਵਿਦਿਆਰਥੀਆਂ ਤੇ 2 ਹੋਸਟਲ ਵਾਰਡਨਾਂ ਨੂੰ ਸਨਮਾਨਤ ਕੀਤਾ ਗਿਆ।ਵੱਖ-ਵੱਖ ਸਕੂਲਾਂ ਦੇ ਅਧਿਆਪਕ ਤੇ ਵਿਦਿਆਰਥੀ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਮੂਹਗਾਨ ਨਾਲ ਹੋਈ।ਉਪਰੰਤ ਸ੍ਰੀ ਅਮਿਤ ਡੋਗਰਾ ਪ੍ਰਿੰਸੀਪਲ ਸ੍ਰੀ ਸੂਰਜ ਹਿੱਤਕਾਰੀ ਵਿੱਦਿਆ ਮੰਦਰ ਸੁਨਾਮ ਨੇ 'ਗੁਰੂ ਵੰਦਨ-ਛਾਤਰ ਅਭਿਨੰਦਨ' ਪ੍ਰੋਗਰਾਮ ਸਬੰਧੀ ਵਿਸਥਾਰ ਨਾਲ ਚਾਨਣਾ ਪਾਇਆ।ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਸਾਰੇ ਪਹੁੰਚੇ ਸਕੂਲਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ।ਗੋਪਾਲ ਸ਼ਰਮਾ ਰੀਜਨਲ ਸਕੱਤਰ ਪੰਜਾਬ ਨੇ ਸਾਰੇ ਪਤਵੰਤਿਆਂ ਦਾ ਧੰਨਵਾਦ ਕੀਤਾ।ਸਟੇਜ ਦਾ ਸੰਚਾਲਨ ਸ੍ਰੀ ਬਲਵਿੰਦਰ ਭਾਰਦਵਾਜ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਗਿਆ।ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰ ਕੇਵਲ ਕ੍ਰਿਸ਼ਨ, ਮਨਦੀਪ ਗੋਇਲ, ਪ੍ਰੋਜੈਕਟ ਚੇਅਰਮੈਨ ਰਾਜਿੰਦਰ ਗੋਇਲ (ਪ੍ਰਿੰਸੀਪਲ), ਅਨਿਲ ਜੈਨ (ਪ੍ਰਿੰਸੀਪਲ), ਅਸ਼ੋਕ ਵਰਮਾ, ਭੂਸ਼ਣ ਕਾਂਸਲ, ਧੀਰਜ ਗਰਗ, ਸ਼ਸ਼ੀ ਗਰਗ, ਸੀਮਾ ਰਾਣੀ (ਮਹਿਲਾ ਪ੍ਰਮੁੱਖ), ਵੇਦ ਕਪੂਰ, ਬਿਕਰਮ ਸ਼ਰਮਾ, ਹਰੀਸ਼ ਗੱਖੜ, ਰਾਜ ਕੁਮਾਰ (ਪ੍ਰਿੰਸੀਪਲ) ਸਮੇਤ ਕਈ ਹੋਰ ਪਤਵੰਤੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

## ਹੜ੍ਹ ਪ੍ਰਭਾਵਤ ਫਸਲਾਂ ਦੀ ਗਿਰਦਾਵਰੀ ਦਾ ਕੰਮ ਸ਼ੁਰੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਡਿਪਟੀ ਕਮਿਸ਼ਨਰ ਲੁਧਿਆਣਾ ਦੇ ਨਿਰਦੇਸ਼ਾਂ ਤਹਿਤ ਮਾਲ ਵਿਭਾਗ ਵੱਲੋਂ ਮਾਛੀਵਾੜਾ ਇਲਾਕੇ ਦੇ ਸਤਲੁਜ ਦਰਿਆ ਅੰਦਰ ਹੜ੍ਹ ਕਾਰਨ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ, ਉਸ ਦੀ ਗਿਰਦਾਵਰੀ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਅੱਜ ਮਾਲ ਵਿਭਾਗ ਦੇ ਕਾਨੂੰਨਗੋ ਤੇ ਪਟਵਾਰੀ ਸਤਲੁਜ ਦਰਿਆ ਅੰਦਰ ਉਨ੍ਹਾਂ ਜ਼ਮੀਨਾਂ ਦੀ ਨਿਸ਼ਾਨਦੇਹੀ ਕਰਦੇ ਦੇਖੇ ਗਏ, ਜਿਨ੍ਹਾਂ ਦੀ ਹੜ੍ਹ ਕਾਰਨ ਫਸਲ ਪ੍ਰਭਾਵਿਤ ਹੋਈ। ਜਾਣਕਾਰੀ ਅਨੁਸਾਰ ਮਾਛੀਵਾੜਾ ਸਬ-ਤਹਿਸੀਲ ਅਧੀਨ ਹੜ੍ਹ ਕਾਰਨ ਪਿੰਡ ਧੁੱਲੇਵਾਲ, ਦੌਲਤਪੁਰ ਤੇ ਦੋਪਾਨਾ ਦੀ 300 ਏਕੜ ਤੋਂ ਵੱਧ ਫਸਲ ਪ੍ਰਭਾਵਿਤ ਹੋਈ ਹੈ, ਜਿਸ ਦੀ ਮਾਲ ਵਿਭਾਗ ਵੱਲੋਂ ਗਿਰਦਾਵਰੀ ਕੀਤੀ ਜਾ ਰਹੀ ਹੈ।ਮਾਲ ਵਿਭਾਗ ਦੇ ਅਧਿਕਾਰੀ ਪਰਮਿੰਦਰ ਸਿੰਘ ਨੇ ਦੱਸਿਆ ਕਿ ਦੋ ਦਿਨਾਂ ਵਿੱਚ ਸਤਲੁਜ ਦਰਿਆ ਅੰਦਰ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਹੜ੍ਹ ਕਾਰਨ ਪਾਣੀ ਵਿੱਚ ਰੁੜ ਗਈ ਜਾਂ ਫਸਲਾਂ ਡੁੱਬ ਕੇ ਤਬਾਹ ਹੋ ਗਈਆਂ, ਇੱਥੋਂ ਤੱਕ ਕਈ ਕਿਸਾਨਾਂ ਦੇ ਜ਼ਮੀਨਾਂ ਵਿਚ ਲੱਗੇ ਪਾਪੂਲਰ ਵੀ ਰੁੜ ਗਏ ਹਨ, ਉਨ੍ਹਾਂ ਦੀ ਗਿਰਦਾਵਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਨਿਰਦੇਸ਼ ਹਨ ਕਿ ਤੁਰੰਤ ਪੀੜਤ ਕਿਸਾਨਾਂ ਦੀ ਰਿਪੋਰਟ ਤਿਆਰ ਕਰਕੇ ਭੇਜੀ ਜਾਵੇ ਤਾਂ ਜੋ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਜਲਦ ਦਿੱਤਾ ਜਾ ਸਕੇ।

## ਪਾਵਾ ਦੀ ਮੀਟਿੰਗ 'ਚ ਅਸ਼ੋਕ ਰੌਣੀ ਨੇ ਫੂਡ ਸੇਫਟੀ ਐਕਟ ਤੇ ਦੁੱਧ 'ਚ ਮਿਲਾਵਟ ਬਾਰੇ ਦਿੱਤੀ ਜਾਣਕਾਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਿਲਾਵਟਖੋਰਾਂ ਖਿਲਾਫ ਮੁਹਿੰਮ ਚਲਾਉਣ ਲਈ ਬਣੀ ਸੰਸਥਾ ਪਬਲਿਕ ਅਕਸਟ ਅਡਲਟ੍ਰੇਸ਼ਨ ਵੈੱਲਵੇਅਰ ਐਸੋਸੀਏਸ਼ਨ (ਪਾਵਾ) ਵੱਲੋਂ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਕੀਤੀ ਗਈ।ਪ੍ਰਧਾਨ ਗੁਰਦੀਪ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਡੇਅਰੀ ਡਿਵੈਲਪਮੈਂਟ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਅਸ਼ੋਕ ਰੌਣੀ ਨੇ ਫੂਡ ਸੇਫਟੀ ਐਕਟ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਤੋਂ ਇਲਾਵਾ ਉਨ੍ਹਾਂ ਦੁੱਧ ਤੇ ਦੁੱਧ ਤੋਂ ਬਣੀਆਂ ਵਸਤੂਆਂ ਵਿੱਚ ਕਿਸ ਤਰ੍ਹਾਂ ਮਿਲਾਵਟ ਹੁੰਦੀ ਹੈ ਅਤੇ ਇਸ ਮਿਲਾਵਟ ਦੀ ਪਹਿਚਾਨ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ, ਇਸ ਸੰਬੰਧੀ ਜਾਣਕਾਰੀ ਦਿੱਤੀ।ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਦੀ ਸਭ ਨੇ ਸ਼ਲਾਘਾ ਕੀਤੀ।ਮੀਟਿੰਗ ਵਿੱਚ ਜਨਰਲ ਸਕੱਤਰ ਝੋਬਲ ਰਾਓ ਸਿੰਗਲਾ, ਖਜ਼ਾਨਚੀ ਐੱਮ. ਐੱਸ. ਸੰਧੂ, ਸੰਯੁਕਤ ਸਕੱਤਰ ਸੁਰਿੰਦਰ ਸਿੰਘ, ਮਨਜੀਤ ਸਿੰਘ, ਜਗਦੇਵ ਸਿੰਘ, ਰਜਿੰਦਰ ਸਿੰਘ, ਆਰ. ਕੇ. ਸਿੰਗਲਾ, ਜੇ. ਕੇ. ਗੁਪਤਾ ਅਤੇ ਐਸ. ਸੀ. ਮਦਾਨ ਨੇ ਵੀ ਵਿਚਾਰ ਪੇਸ਼ ਕੀਤੇ।ਇਸ ਤੋਂ ਇਲਾਵਾ ਮੈਂਬਰਾਂ ਨੇ ਇਸ ਤਿਉਹਾਰੀ ਸੀਜ਼ਨ ਦੌਰਾਨ ਮਿਲਾਵਟਖੋਰੀ ਪ੍ਰਤੀ ਜਾਗਰੂਕਤਾ ਲਈ ਆਪਣੇ ਕੀਮਤੀ ਸੁਝਾਅ ਦਿੱਤੇ ਤੇ ਪੂਰੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਸਿਹਤ ਵਿਭਾਗ ਨੂੰ ਮੋਬਾਈਲ ਫੋਨ ਰਾਹੀਂ ਖਾਣ-ਪੀਣ ਵਾਲੀਆਂ ਵਸਤਾਂ ਦੇ ਨਮੂਨੇ ਲੈਣ ਦੀ ਅਪੀਲ ਕੀਤੀ।ਪ੍ਰਧਾਨ ਪਾਵਾ ਜ਼ਿਲ੍ਹਾ ਪਟਿਆਲਾ ਨੇ ਵੀ ਸਾਰੇ ਮੈਂਬਰਾਂ ਨੂੰ ਪਾਵਾ ਦੀ ਰਾਜ ਕਾਰਜਕਾਰਨੀ ਦੇ ਨਿਰਦੇਸ਼ਾਂ ਅਨੁਸਾਰ ਹੜ੍ਹ ਰਾਹਤ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ।

## ਮਾਤਾ ਸੁੰਦਰੀ ਗਰੁੱਪ ਢੱਡੇ ਦਾ ਬੀ. ਕਾਮ ਦਾ ਨਤੀਜਾ ਸ਼ਾਨਦਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲੜਕੀਆਂ ਦੀ ਸਿੱਖਿਆ ਨੂੰ ਸਮਰਪਤ, ਅੰਤਰ-ਰਾਸ਼ਟਰੀ ਤੇ ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੀ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੇ ਬੀ. ਕਾਮ ਭਾਗ ਤੀਜਾ ਸਮੈਸਟਰ ਛੇਵਾਂ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ।ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਹਮੇਸ਼ਾ ਹੀ ਆਪਣੇ ਵਿਦਿਆਰਥੀਆਂ 'ਤੇ ਮਾਣ ਰਿਹਾ ਹੈ ਕਿ ਉਨ੍ਹਾਂ ਹਮੇਸ਼ਾ ਹੀ ਸ਼ਾਨਦਾਰ ਨਤੀਜੇ ਸੰਸਥਾ ਦੀ ਝੋਲੀ ਪਾ ਕੇ ਸੰਸਥਾ ਦਾ ਮਾਣ ਵਧਾਇਆ ਹੈ।ਸਮੁੱਚੀ ਸੰਸਥਾ ਇਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੀ ਹੈ। ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਸੰਸਥਾ ਅਕਾਦਮਿਕ ਪੱਖੋਂ ਵੀ ਯੂਨੀਵਰਸਿਟੀ ਦੇ ਐਨਾਲੇ ਗਏ ਨਤੀਜਿਆਂ ਵਿੱਚੋਂ ਹਮੇਸ਼ਾ ਹੀ ਬੁਲੰਦੀਆਂ 'ਤੇ ਰਹੀ ਹੈ। ਸਾਡੀ ਹਮੇਸ਼ਾ ਹੀ ਕੋਸ਼ਿਸ਼ ਰਹੀ ਹੈ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਰੋਜ਼ਗਾਰ ਦੇ ਸਾਧਨਾਂ ਨਾਲ ਵੀ ਪ੍ਰੇਰਤ ਕੀਤਾ ਜਾਵੇ।ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਕਾਮਰਸ ਦਾ ਸਾਡੀ ਜ਼ਿੰਦਗੀ ਵਿੱਚ ਅਹਿਮ ਰੋਲ ਹੈ, ਕਾਮਰਸ ਦੀ ਪੜ੍ਹਾਈ ਕਰਨ ਨਾਲ ਵਿਦਿਆਰਥੀ ਦੀ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਅਨੇਕਾਂ ਹੀ ਰਸਤੇ ਖੁੱਲ੍ਹਦੇ ਹਨ।ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਹਰਸ਼ ਰਾਣੀ ਨੇ ਦੱਸਿਆ ਕਿ ਪਰਵਿੰਦਰ ਕੌਰ 83.09% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਜਗਵਿੰਦਰ ਕੌਰ 83.00% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਅਮਨਦੀਪ ਕੌਰ 80.72% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ।ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਤੋਂ ਮਿਲੇ ਸਹਿਯੋਗ ਦੀ ਸ਼ਲਾਘਾ ਕੀਤੀ ਅਤੇ ਅਧਿਆਪਕਾਂ ਦੁਆਰਾ ਕੀਤੀ ਗਈ ਮਿਹਨਤ ਦਾ ਫਲ ਮਿਲਿਆ।ਇਸ ਮੌਕੇ ਕਾਲਜ ਦੇ ਸੀਨੀਅਰ ਪ੍ਰੋ. ਜਸਵਿੰਦਰ ਸਿੰਘ, ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ, ਪ੍ਰੋ. ਕਰਨਵੀਰ ਸਿੰਘ, ਸੀਨੀਅਰ ਪ੍ਰੋ. ਰਣਜੀਤ ਕੌਰ, ਪ੍ਰੋ. ਕਿਰਨਜੀਤ ਕੌਰ, ਪ੍ਰੋ. ਹਰਮਨਦੀਪ ਕੌਰ, ਪ੍ਰੋ. ਵੀਰਪਾਲ ਕੌਰ ਆਦਿ ਹਾਜ਼ਰ ਸਨ।

## ਬੀ ਐੱਸ ਐੱਫ ਦੇ ਜਵਾਨਾਂ ਲਈ ਵੱਡੀ ਰਾਹਤ ਸਮੱਗਰੀ ਭੇਜੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ ਪੀ ਸਿੰਘ ਉਬਰਾਏ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਨਿਰੰਤਰ ਵੱਡੀ ਗਿਣਤੀ ਵਿੱਚ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ। ਡਾ. ਉਬਰਾਏ ਵੱਲੋਂ ਭੇਜੀ ਗਈ ਰਾਹਤ ਸਮੱਗਰੀ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਅਗਵਾਈ ਵਿੱਚ ਬੀਐੱਸਐੱਫ ਦੀਆਂ ਫਿਰੋਜ਼ਪੁਰ ਸੈਕਟਰ ਦੀਆਂ ਦੋ ਬਟਾਲੀਅਨਾਂ ਤੱਕ ਪਹੁੰਚਾਈ ਗਈ। ਇਹ ਦੋਵੇਂ ਬਟਾਲੀਅਨਾਂ ਪਾਣੀ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੇ ਬਾਵਜੂਦ ਸਰਹੱਦੀ ਖੇਤਰ ਦੇ ਸਤਲੁਜ ਦਰਿਆ ਦੇ ਕੰਢੇ ਵਸਦੇ ਪਿੰਡਾਂ ਦੇ ਲੋਕਾਂ ਦੀ ਸੇਵਾ ਵਿਚ ਲੱਗੇ ਹੋਏ ਹਨ। ਬੀਐੱਸਐੱਫ ਦੇ ਜਵਾਨਾਂ ਵੱਲੋਂ ਰਾਹਤ ਸਾਮਾਨ ਦੀ ਮੰਗ ਨੂੰ ਫੌਰੀ ਤੌਰ 'ਤੇ ਪੂਰਾ ਕਰਦਿਆਂ ਡਾ. ਉਬਰਾਏ ਵੱਲੋਂ ਬੀਐੱਸਐੱਫ ਬਟਾਲੀਅਨ 155 ਤੇ ਬਟਾਲੀਅਨ 99 ਮਮਦੋਟ ਦੀਆਂ 24 ਤੋਂ ਵੱਧ ਚੌਕੀਆਂ ਲਈ ਲੋੜੀਂਦਾ ਸਮਾਨ ਦੋ ਟਰੱਕਾਂ ਰਾਹੀਂ ਭੇਜਿਆ ਗਿਆ। ਅੱਜ ਹੁਸੈਨੀਵਾਲਾ ਬਾਰਡਰ 'ਤੇ ਦੋਨੋਂ ਬਟਾਲੀਅਨਾਂ ਦੇ ਕਮਾਂਡਰ ਸਾਹਿਬਾਨ ਨੂੰ ਟਰੱਸਟ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਡਾ. ਕਮਲ ਬਾਗੀ ਵੱਲੋਂ ਆਪਣੇ ਕਰ-ਕਮਲਾਂ ਨਾਲ ਸਾਮਾਨ ਸਪੁਰਦ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਸਮੂਹ ਫਿਰੋਜ਼ਪੁਰ ਟੀਮ ਵੀ ਹਾਜ਼ਰ ਸੀ। ਸਪੁਰਦ ਕੀਤੇ ਗਏ ਰਾਹਤ ਸਾਮਾਨ ਵਿੱਚ 04 ਕੁਇੰਟਲ ਬਲੀਚਿੰਗ ਪਾਊਡਰ, ਕਲੋਰੀਨ ਟੈਬਲਟ, ਕਾਰਬੋਲਿਕ ਐਸਿਡ, ਨਾਈਲੋਨ ਰੱਸੇ, ਪੀਣ ਵਾਲਾ ਪਾਣੀ, ਦਸਤਾਨੇ, ਡਰੈਸਿੰਗ ਮਟੀਰੀਅਲ ਤੇ ਪਲਾਸਟਿਕ ਡਰੱਮ ਵੱਡੀ ਗਿਣਤੀ ਵਿਚ ਸ਼ਾਮਲ ਸਨ।

ਇਸ ਮੌਕੇ ਐੱਸਐੱਨ ਗੋਸਵਾਮੀ (ਸੀ.ਓ., ਬਟਾਲੀਅਨ 155), ਵਿਸ਼ਾਲ ਵਰਮਾ (ਡਿਪਟੀ ਕਮਾਂਡੈਂਟ, ਬਟਾਲੀਅਨ 99 ਮਮਦੋਟ) ਅਤੇ ਮਹੇਸ਼ ਵਰਮਾ (ਕੰਪਨੀ ਕਮਾਂਡੈਂਟ, ਹੁਸੈਨੀਵਾਲਾ ਚੈੱਕ ਪੋਸਟ) ਨੇ ਡਾ. ਉਬਰਾਏ ਵੱਲੋਂ ਭੇਜੀ ਗਈ ਰਾਹਤ ਸਮੱਗਰੀ ਲਈ ਧੰਨਵਾਦ ਕੀਤਾ।

## ਨੈਸ਼ਨਲ ਲੋਕ ਅਦਾਲਤ 'ਚ ਕੀਤਾ 19243 ਕੇਸਾਂ ਦਾ ਨਿਪਟਾਰਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜ਼ਿਲ੍ਹੇ ਵਿੱਚ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਦੀਆਂ ਹਦਾਇਤਾਂ ਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਸ੍ਰੀ ਕਰੁਨੇਸ਼ ਕੁਮਾਰ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਦੀ ਯੋਗ ਅਗਵਾਈ ਹੇਠ ਨੈਸ਼ਨਲ ਲੋਕ ਅਦਾਲਤ ਜ਼ਿਲ੍ਹਾ ਕੋਰਟ ਕੰਪਲੈਕਸ ਬਠਿੰਡਾ, ਕੋਰਟ ਕੰਪਲੈਕਸ ਰਾਮਪੁਰਾ ਫੂਲ ਤੇ ਕੋਰਟ ਕੰਪਲੈਕਸ ਤਲਵੰਡੀ ਸਾਬੋ ਵਿੱਚ ਲਗਾਈ ਗਈ, ਜਿਨ੍ਹਾਂ ਵਿੱਚ ਕੁੱਲ 19243 ਕੇਸਾਂ ਦਾ ਨਿਪਟਾਰਾ ਰਾਜ਼ੀਨਾਮੇ ਰਾਹੀਂ ਕਰਵਾਇਆ ਗਿਆ, ਜਿਸ ਵਿੱਚ ਕੁੱਲ 47,78,05,348/- ਰੁਪਏ ਦੀ ਰਕਮ ਦੇ ਅਵਾਰਡ ਪਾਸ ਕੀਤੇ ਗਏ।ਇਸ ਲੋਕ ਅਦਾਲਤ ਵਿੱਚ ਕ੍ਰਿਮੀਨਲ ਕੰਪਾਊਂਡੇਬਲ, 138 ਐੱਨ. ਆਈ. ਐਕਟ, ਬੈਂਕ ਰਿਕਵਰੀ ਕੇਸ, ਐੱਮ.ਏ.ਸੀ.ਟੀ. ਕੇਸ, ਲੇਬਰ ਡਿਸਪਿਊਟ, ਬਿਜਲੀ ਤੇ ਪਾਣੀ ਦੇ ਬਿਲਾਂ ਸਬੰਧੀ ਕੇਸ, ਮੈਟਰੀਮੋਨੀਅਲ ਕੈਟਾਗਿਰੀ ਦੇ ਕੇਸ, ਐੱਲ.ਏ.ਸੀ. ਕੇਸ ਤੇ ਹੋਰ ਕੈਟਾਗਿਰੀ ਕੇਸਾਂ ਦੇ ਨਿਪਟਾਰੇ ਲਈ ਕੋਰਟ ਕੰਪਲੈਕਸ ਬਠਿੰਡਾ ਵਿੱਚ 16 ਬੈਂਚਾਂ, ਕੋਰਟ ਕੰਪਲੈਕਸ ਰਾਮਪੁਰਾ ਫੂਲ ਵਿੱਚ 2 ਬੈਂਚ ਤੇ ਕੋਰਟ ਕੰਪਲੈਕਸ ਤਲਵੰਡੀ ਸਾਬੋ ਵਿੱਚ 2 ਬੈਂਚਾਂ ਦਾ ਗਠਨ ਕੀਤਾ ਗਿਆ ਸੀ।ਕੋਰਟ ਕੰਪਲੈਕਸ ਬਠਿੰਡਾ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ ਸਾਹਿਬ ਸ੍ਰੀ ਕਰੁਨੇਸ਼ ਕੁਮਾਰ, ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਾਜੀਵ ਕਾਲਰਾ, ਰੰਜਨ ਕੁਮਾਰ ਖੁੱਲਰ, ਆਸ਼ੀਸ਼ ਅਬਰੋਲ, ਸਿਵਲ ਜੱਜ (ਸੀਨੀਅਰ ਡਵੀਜ਼ਨ) ਇੰਦਰਜੀਤ ਸਿੰਘ, ਸਿਵਲ ਜੱਜ (ਜੂਨੀਅਰ ਡਵੀਜ਼ਨ) ਸੰਦੀਪ ਕੁਮਾਰ, ਤਰੁਣ ਕੁਮਾਰ, ਸੀਮਾ ਰਾਣੀ, ਰਸਵੀਨ ਕੌਰ, ਲਵਪ੍ਰੀਤ ਕੌਰ, ਸਾਕਸ਼ੀ ਅਰੋੜਾ, ਕੁਨਾਲ ਗੋਇਲ, ਨੂਰ ਸਚਦੇਵਾ, ਗੁਰਨੀਕ ਕੌਰ, ਨੀਸ਼ੂ ਤੇ ਲੇਬਰ ਕੋਰਟ ਵੱਲੋਂ ਲਗਾਏ ਗਏ ਬੈਂਚਾਂ ਵਿੱਚ ਕੁੱਲ 17320 ਕੇਸਾਂ ਦਾ ਨਿਪਟਾਰਾ ਕੀਤਾ ਗਿਆ।

ਇਸੇ ਤਰ੍ਹਾਂ ਕੋਰਟ ਕੰਪਲੈਕਸ ਰਾਮਪੁਰਾ ਫੂਲ ਵਿਖੇ ਸਿਵਲ ਜੱਜ (ਜੂਨੀਅਰ ਡਵੀਜ਼ਨ) ਪ੍ਰਿੰਯਕਾ ਤੇ ਰੀਨਾ ਰਾਣੀ ਦੁਆਰਾ ਲਗਾਏ ਗਏ ਬੈਂਚਾਂ ਵਿੱਚ ਕੁੱਲ 676 ਕੇਸਾਂ ਤੇ ਕੋਰਟ ਕੰਪਲੈਕਸ ਤਲਵੰਡੀ ਸਾਬੋ ਵਿਖੇ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਕਰਨਦੀਪ ਕੌਰ ਤੇ ਸਿਵਲ ਜੱਜ (ਜੂਨੀਅਰ ਡਵੀਜ਼ਨ) ਮਨਜਿੰਦਰ ਸਿੰਘ ਦੁਆਰਾ ਲਗਾਏ ਗਏ ਬੈਂਚਾਂ ਦੇ ਵਿੱਚ ਕੁੱਲ 1247 ਕੇਸਾਂ ਦਾ ਨਿਪਟਾਰਾ ਰਾਜ਼ੀਨਾਮੇ ਰਾਹੀਂ ਕਰਵਾਇਆ ਗਿਆ।ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਕਰੁਨੇਸ਼ ਕੁਮਾਰ ਨੇ ਦੱਸਿਆ ਕਿ ਜਿਨ੍ਹਾਂ ਕੇਸਾਂ ਦੇ ਨਿਪਟਾਰੇ ਹੋਏ ਹਨ, ਉਨ੍ਹਾਂ 'ਚ ਕੁਝ ਕੇਸ ਤਕਰੀਬਨ 12 ਸਾਲ ਪੁਰਾਣੇ ਵੀ ਹਨ।

## ਪੰਜਾਬ ਕਿਸਾਨ ਯੂਨੀਅਨ 17 ਨੂੰ ਸੌਂਪੇਗੀ ਡੀ ਸੀ ਨੂੰ ਮੰਗ ਪੱਤਰ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਮਾਲਵਾ ਜ਼ੋਨ ਦੀ ਇੱਕ ਜ਼ਰੂਰੀ ਮੀਟਿੰਗ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਦੀ ਪ੍ਰਧਾਨਗੀ ਹੇਠ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ। ਪਿਛਲੇ ਪਰੋਗਰਾਮਾਂ ਦੇ ਰੀਵਿਊ ਉਪਰੰਤ ਪੰਜਾਬ ਭਰ 'ਚ ਆਏ ਭਿਆਨਕ ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਸੰਬੰਧੀ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਡਿਪਟੀ ਕਮਿਸ਼ਨਰਾਂ ਰਾਹੀਂ ਪੰਜਾਬ ਸਰਕਾਰ ਤੇ ਪੰਜਾਬ ਸਰਕਾਰ ਰਾਹੀਂ ਕੇਂਦਰ ਸਰਕਾਰ ਨੂੰ ਮੰਗ ਪੱਤਰ ਸੌਂਪੇ ਜਾਣਗੇ। ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ 20 ਹਜ਼ਾਰ ਕਰੋੜ ਰੁਪੈ ਤੁਰੰਤ ਜਾਰੀ ਕਰੇ, ਨਿਗੂਣੇ ਮੁਆਵਜ਼ੇ ਨਾਲ ਪੀੜਤਾਂ ਨੂੰ ਦੁਬਾਰਾ ਪੈਰਾਂ ਸਿਰ ਖੜ੍ਹੇ ਹੋਣਾ ਮੁਸ਼ਕਲ ਹੈ।ਇਸ ਲਈ ਸਰਕਾਰ ਢੁੱਕਵੀਂ ਮਦਦ ਕਰਨੀ ਯਕੀਨੀ ਬਣਾਵੇ।ਇਸ ਸਮੇਂ ਗੁਰਨਾਮ ਸਿੰਘ ਭੀਖੀ, ਗੋਰਾ ਸਿੰਘ ਭੈਣੀਬਾਘਾ, ਗੁਰਜੰਟ ਸਿੰਘ ਮਾਨਸਾ, ਨਰਿੰਦਰ ਕੌਰ ਬੁਰਜ ਹਮੀਰਾ, ਭੋਲਾ ਸਮਾਓਂ, ਸਵਰਨ ਸਿੰਘ ਨਵਾਂਗਾਓਂ, ਜੱਗਾ ਸਿੰਘ ਬਦਰਾ, ਜਰਨੈਲ ਸਿੰਘ ਰੋੜਾਂਵਾਲੀ, ਰਾਮਫਲ ਚੱਕ ਅਲੀਸ਼ੇਰ, ਬਿੱਕਰ ਸਿੰਘ ਸੰਧੂ ਕਲਾਂ, ਗੁਰਜੀਤ ਸਿੰਘ ਜੈਤੋ, ਮੱਖਣ ਸਿੰਘ ਜੱਸੜ ਆਦਿ ਹਾਜ਼ਰ ਸਨ।

## ਕੌਮੀ ਲੋਕ ਅਦਾਲਤ 'ਚ 77 ਕਰੋੜ ਰੁਪਏ ਤੋਂ ਵੱਧ ਦੇ ਅਵਾਰਡ ਪਾਸ

### 117 ਪਰਿਵਾਰਕ ਝਗੜਿਆਂ ਤੇ ਚੈੱਕ ਬਾਊਂਸ ਮਾਮਲਿਆਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਇੰਚਾਰਜ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮੈਡਮ ਹਰਿੰਦਰ ਸਿੱਧੂ ਦੀ ਯੋਗ ਅਗਵਾਈ ਅਤੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਹਰਜੀਤ ਸਿੰਘ ਦੀ ਨਿਗਰਾਨੀ ਹੇਠ ਹਰ ਕਿਸਮ ਦੇ ਕੇਸਾਂ (ਨਾਨ ਕੰਪਾਊਂਡੇਬਲ ਕ੍ਰਿਮੀਨਲ ਕੇਸਾਂ ਨੂੰ ਛੱਡ ਕੇ) ਸਬੰਧੀ ਨੈਸ਼ਨਲ ਲੋਕ ਅਦਾਲਤ ਜ਼ਿਲ੍ਹਾ ਪਟਿਆਲਾ ਵਿਖੇ ਲਗਾਈ ਗਈ।ਇਸ ਮੌਕੇ ਜ਼ਿਲ੍ਹਾ ਪਟਿਆਲਾ ਵਿੱਚ 47 ਬੈਂਚਾਂ (28 ਪਟਿਆਲਾ, 6 ਰਾਜਪੁਰਾ, 5 ਨਾਭਾ ਤੇ 6 ਸਮਾਣਾ ਵਿੱਚ) ਦਾ ਗਠਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਸ਼੍ਰੇਣੀਆਂ ਅਧੀਨ 36230 ਕੇਸਾਂ ਦੀ ਸੁਣਵਾਈ ਕੀਤੀ ਗਈ ਤੇ ਕੁੱਲ 19247 ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ ਅਤੇ 777816506/- ਰੁਪਏ ਦੇ ਅਵਾਰਡ ਪਾਸ ਕੀਤੇ ਗਏ।ਇਸ ਨੈਸ਼ਨਲ ਲੋਕ ਅਦਾਲਤ ਦੌਰਾਨ ਸ੍ਰੀ ਹਰਜੀਤ ਸਿੰਘ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਪਟਿਆਲਾ ਨੇ ਮੈਡਮ ਅਮਨਦੀਪ ਕੰਬੋਜ, ਸੀ.ਜੇ.ਐਮ/ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਤੇ ਮੈਡਮ ਏਕਤਾ ਸਹੋਤਾ ਚੀਫ਼ ਜੂਡੀਸ਼ੀਅਲ ਮੈਜਿਸਟ੍ਰੇਟ ਦੇ ਨਾਲ ਇਸ ਨੈਸ਼ਨਲ ਲੋਕ ਅਦਾਲਤ ਦੇ ਬੈਂਚਾਂ ਦਾ ਦੌਰਾ ਕੀਤਾ ਅਤੇ ਧਿਰਾਂ ਨੂੰ ਆਪੋ-ਆਪਣੇ ਝਗੜਿਆਂ ਦਾ ਨਿਪਟਾਰਾ ਆਪਸੀ ਸਹਿਮਤੀ ਨਾਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਲੋਕ ਅਦਾਲਤਾਂ ਦੇ ਬਹੁਤ ਸਾਰੇ ਫਾਇਦਿਆਂ ਬਾਰੇ ਚਾਨਣਾ ਪਾਇਆ।ਇਸ ਨੈਸ਼ਨਲ ਲੋਕ ਅਦਾਲਤ ਦੀ ਮੁੱਖ ਵਿਸ਼ੇਸ਼ਤਾ ਪਰਿਵਾਰਕ ਅਦਾਲਤਾਂ ਵਿੱਚ ਪੈਂਡਿੰਗ 117 ਪਰਿਵਾਰਕ ਝਗੜਿਆਂ ਤੇ ਚੈੱਕ ਬਾਊਂਸ ਮਾਮਲਿਆਂ ਦੀ ਆਪਸੀ ਸਹਿਮਤੀ ਨਾਲ ਨਿਪਟਾਰਾ ਸੀ, ਚੈੱਕ ਬਾਊਂਸ ਕੇਸਾਂ ਵਿੱਚ ਕੁੱਲ ਰਕਮ 1,70,46,648/- ਦੇ ਅਵਾਰਡ ਪਾਸ ਕੀਤੇ ਗਏ।

## ਮਾਡਰਨ ਕਾਲਜ ਬੀਰ ਕਲਾਂ ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਦਾ ਬੀ ਐੱਡ ਕੋਰਸ (ਸੈਸ਼ਨ 2023-25) ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਪੂਰੇ ਕੋਰਸ ਦੌਰਾਨ ਵਿਦਿਆਰਥਣ ਜਸਲੀਨ ਕੌਰ ਤੇ ਪ੍ਰਨੀਤ ਕੌਰ ਨੇ (83%) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਰਣਜੀਤ ਕੌਰ ਨੇ (82%) ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਆਂਚਲ ਗਰਗ ਤੇ ਹਰਪ੍ਰੀਤ ਕੌਰ ਨੇ (81.80%) ਅੰਕ ਪ੍ਰਾਪਤ ਕਰਕੇ ਤੀਜਾ ਸਥਾਨ, ਸੰਦੀਪ ਕੌਰ ਨੇ (80%) ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਗਗਨਦੀਪ ਕੌਰ ਨੇ (80.94%) ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ, ਬਲਜਿੰਦਰ ਕੌਰ ਤੇ ਸਾਨੀਆ ਨਾਗਪਾਲ ਨੇ (80.83%) ਛੇਵਾਂ ਸਥਾਨ, ਰਸਵਿੰਦਰ ਕੌਰ ਨੇ (80.72%) ਅੰਕ ਪ੍ਰਾਪਤ ਕਰਕੇ ਸੱਤਵਾਂ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਬਾਕੀ ਸਾਰੇ ਵਿਦਿਆਰਥੀਆਂ ਨੇ ਪਹਿਲੀ ਸ਼੍ਰੇਣੀ ਵਿੱਚ ਅੰਕ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਦੁਆਰਾ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਵੀ ਕੇ ਰਾਏ ਤੇ ਸਮੂਹ ਸਟਾਫ ਦੁਆਰਾ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ।

## ਰਾਸ਼ਟਰੀ ਲੋਕ ਅਦਾਲਤ ਦੌਰਾਨ 13325 'ਚੋਂ 11627 ਕੇਸ ਨਿਪਟਾਏ, 9.24 ਕਰੋੜ ਦੇ ਅਵਾਰਡ ਜਾਰੀ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਮਾਨਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਨਵੀਂ ਦਿੱਲੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਸਾਰੇ ਭਾਰਤ ਵਿੱਚ ਕੌਮੀ ਲੋਕ ਅਦਾਲਤਾਂ ਆਯੋਜਿਤ ਕੀਤੀਆਂ ਗਈਆਂ।ਇਸ ਸੰਦਰਭ ਵਿੱਚ ਜਸਟਿਸ ਸ੍ਰੀ ਅਸ਼ਵਨੀ ਕੁਮਾਰ ਮਿਸ਼ਰਾ ਮਾਨਯੋਗ ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਸਹਿਤ ਕਾਰਜਕਾਰੀ ਚੇਅਰਮੈਨ ਪੰਜਾਬ ਸਟੇਟ ਲੀਗਲ ਸਰਵਿਸਜ਼ ਅਥਾਰਟੀ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸ੍ਰੀ ਦਿਨੇਸ਼ ਕੁਮਾਰ ਵਧਵਾ ਮਾਨਯੋਗ ਇੰਚਾਰਜ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਫ਼ਰੀਦਕੋਟ ਦੇ ਦਿਸ਼ਾ ਨਿਰਦੇਸ਼ ਹੇਠ ਮਿਸ ਗੁਰਪ੍ਰੀਤ ਕੌਰ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਰੀਦਕੋਟ ਵੱਲੋਂ ਜ਼ਿਲ੍ਹੇ ਦੀਆਂ ਅਦਾਲਤਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।ਇਸ ਤਹਿਤ ਜ਼ਿਲ੍ਹਾ ਫ਼ਰੀਦਕੋਟ ਦੀਆਂ ਅਦਾਲਤਾਂ ਵਿੱਚ 10 ਬੈਂਚ, ਸਥਾਈ ਲੋਕ ਅਦਾਲਤ ਵਿੱਚ ਇੱਕ ਬੈਂਚ ਤੇ ਸਬ-ਡਵੀਜ਼ਨ ਜੈਤੋ ਵਿਖੇ 2 ਬੈਂਚ ਬਣਾਏ ਗਏ, ਇਸ ਤੋਂ ਇਲਾਵਾ ਰੈਵੇਨਿਊ ਅਦਾਲਤਾਂ ਦੇ ਵੀ ਬੈਂਚ ਲਗਾਏ ਗਏ।ਇਸ ਲੋਕ ਅਦਾਲਤ ਵਿੱਚ ਕੁੱਲ 13325 ਕੇਸਾਂ ਵਿੱਚੋਂ 11627 ਕੇਸਾਂ ਦਾ ਨਿਪਟਾਰਾ ਕਰਕੇ 9,24,50,979 ਦੇ ਅਵਾਰਡ ਪਾਸ ਕੀਤੇ ਗਏ। ਪ੍ਰੀ-ਲਿਟੀਗੇਸ਼ਨ ਸਟੇਜ ਦੇ 11839 ਕੇਸਾਂ ਵਿੱਚੋਂ 10990 ਦਾ ਨਿਪਟਾਰਾ ਕਰਕੇ 8,769,961 ਦੇ ਅਵਾਰਡ ਪਾਸ ਕੀਤੇ ਗਏ। ਇਸ ਲੋਕ ਅਦਾਲਤ ਵਿੱਚ ਵੱਖ-ਵੱਖ ਕਿਸਮ ਦੇ ਕੇਸਾਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੀਤਾ ਗਿਆ।ਇਸ ਮੌਕੇ ਮਾਨਯੋਗ ਸੀ. ਜੇ. ਐੱਮ. ਮਿਸ ਗੁਰਪ੍ਰੀਤ ਕੌਰ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਰੀਦਕੋਟ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਵੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਅੰਤ ਵਿੱਚ ਜੱਜ ਸਾਹਿਬਾਨ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਸੁਨੇਹਾ ਦਿੱਤਾ ਕਿ ਝਗੜੇ ਮੁਕਾਓ, ਪਿਆਰ ਵਧਾਓ ਲੋਕ ਅਦਾਲਤਾਂ ਰਾਹੀਂ ਸਸਤਾ ਤੇ ਛੇਤੀ ਨਿਆਂ ਪਾਓ।

## ਬਿਨਾਂ ਸੁਪਰ ਐੱਸ ਐੱਮ ਐੱਸ ਤੋਂ ਕੰਬਾਈਨ ਚਲਾਉਣ 'ਤੇ ਪਾਬੰਦੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੇ ਹੁਕਮਾਂ ਅਧੀਨ ਵਧੀਕ ਡਿਪਟੀ ਕਮਿਸ਼ਨਰ (ਜ) ਦੀ ਅਗਵਾਈ ਹੇਠ ਕੰਬਾਈਨ ਹਾਰਵੈਸਟਰ ਮਾਲਕਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਝੋਨੇ ਦੀ ਕਟਾਈ ਸਿਰਫ਼ ਉਹੀ ਕੰਬਾਈਨ ਹਾਰਵੈਸਟਰ ਕਰਨਗੇ, ਜਿਨ੍ਹਾਂ ਵਿੱਚ ਸੁਪਰ ਐੱਸਐੱਮਐੱਸ ਯੰਤਰ ਲਗਿਆ ਹੋਇਆ ਹੋਵੇ। ਇਹ ਯੰਤਰ ਕੰਬਾਈਨ ਦੇ ਪਿੱਛੇ ਨਿਕਲਣ ਵਾਲੀ ਪਰਾਲੀ ਨੂੰ ਕੱਟ ਕੇ ਇਕਸਾਰ ਖਲਾਰ ਦਿੰਦਾ ਹੈ, ਜਿਸ ਨਾਲ ਅੱਗ ਲੱਗਣ ਦੇ ਖ਼ਤਰੇ ਨੂੰ ਘਟਾਇਆ ਜਾ ਸਕਦਾ ਹੈ ਤੇ ਵਾਤਾਵਰਣ ਪ੍ਰਦੂਸ਼ਣ ਤੋਂ ਬਚਾਵ ਹੁੰਦਾ ਹੈ।ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਹਦਾਇਤਾਂ ਅਨੁਸਾਰ ਜੇ ਕੋਈ ਕੰਬਾਈਨ ਮਾਲਕ ਸੁਪਰ ਐੱਸਐੱਮਐੱਸ ਤੋਂ ਬਿਨਾਂ ਕੰਬਾਈਨ ਚਲਾਉਂਦਾ ਪਾਇਆ ਗਿਆ ਤਾਂ ਉਸ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪਹਿਲੀ ਉਲੰਘਣਾ ਲਈ 50 ਹਜ਼ਾਰ ਰੁਪਏ, ਦੂਜੀ ਵਾਰ 75 ਹਜ਼ਾਰ ਰੁਪਏ ਅਤੇ ਤੀਜੀ ਵਾਰ 1 ਲੱਖ ਰੁਪਏ ਜੁਰਮਾਨਾ ਲਾਇਆ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਜ਼ਿਲ੍ਹਾ ਫਿਰੋਜ਼ਪੁਰ ਦੀ ਹਦੂਦ ਵਿਚ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਈਨ ਰਾਹੀਂ ਕਟਾਈ ਕਰਨ 'ਤੇ ਪੂਰੀ ਤਰ੍ਹਾਂ ਪਾਬੰਦੀ ਰਹੇਗੀ।

## ਕੁਲਵਿੰਦਰ ਕਿੰਦੀ ਕਾਂਗਰਸ ਪਾਰਟੀ ਦੇ ਨਵੇਂ ਮੰਡਲ ਪ੍ਰਧਾਨ ਬਣੇ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਹਲਕਾ ਭੁੱਚੋ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ ਤੇ ਕਾਂਗਰਸ ਬਲਾਕ ਪ੍ਰਧਾਨ ਗੁਰਤੇਜ ਸਿੰਘ ਭੋਲਾ ਦੀ ਅਗਵਾਈ ਹੇਠ ਪਿੰਡ ਲਹਿਰਾ ਬੇਗਾ ਵਿਖੇ ਪੰਜ ਪਿੰਡਾਂ (ਲਹਿਰਾ ਮੁਹੱਬਤ, ਲਹਿਰਾ ਸੌਂਧਾ, ਲਹਿਰਾ ਧੂਰਕੋਟ, ਲਹਿਰਾ ਬੇਗਾ ਤੇ ਬਾਠ) ਦੇ ਨਵੇਂ ਬਣੇ ਮੰਡਲ ਪ੍ਰਧਾਨ ਕੁਲਵਿੰਦਰ ਸਿੰਘ ਕਿੰਦੀ ਤੇ ਉਨ੍ਹਾਂ ਨਾਲ ਗੁਰਸੇਵਕ ਸਿੰਘ, ਜੱਸਾ ਸਿੰਘ ਤੇ ਮੁਖਤਿਆਰ ਸਿੰਘ ਆਦਿ ਵੱਲੋਂ ਮੰਡਲ ਮੈਂਬਰਾਂ ਨਾਲ ਮੀਟਿੰਗ ਦੌਰਾਨ ਪਿੰਡ ਲਹਿਰਾ ਬੇਗਾ ਵਰਕਰਾਂ ਨਾਲ ਪਿੰਡ ਦੀਆਂ ਬੂਥ ਕਮੇਟੀਆਂ ਨੂੰ ਮਜ਼ਬੂਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਪਿੰਡ ਦੇ ਮੰਡਲ ਕਮੇਟੀ ਮੈਂਬਰ ਮਲਕੀਤ ਸਿੰਘ ਮੱਲੀ, ਲ਼ਖਵਿੰਦਰ ਸਿੰਘ, ਗਗਨਦੀਪ ਸਿੰਘ, ਹਰਪ੍ਰੀਤ ਸਿੰਘ, ਸਿਕੰਦਰ ਸਿੰਘ, ਦਿਲਬਾਗ ਸਿੰਘ, ਦਾਰਾ ਸਿੰਘ, ਲਖਵੀਰਾ ਸਿੰਘ, ਬਲਜਿੰਦਰ ਸਿੰਘ, ਜਸ਼ਨਪ੍ਰੀਤ ਸਿੰਘ ਆਦਿ ਵਰਕਰ ਹਾਜ਼ਰ ਸਨ।

## ਚੇਅਰਮੈਨ ਜਤਿੰਦਰ ਮਸੀਹ ਨੇ ਅਗਾਪੇ ਪਾਸਟਰ ਐਸੋਸੀਏਸ਼ਨ ਦੀ ਮੀਟਿੰਗ 'ਚ ਕੀਤੀ ਸ਼ਿਰਕਤ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬੀਤੇ ਦਿਨ ਲੁਧਿਆਣਾ ਵਿਖੇ ਅਗਾਪੇ ਪਾਸਟਰ ਐਸੋਸੀਏਸ਼ਨ ਦੁਆਰਾ ਮਸੀਹ ਭਾਈਚਾਰੇ ਨੂੰ ਪੇਸ਼ ਆ ਰਹੀਆਂ ਮੁਸਕਿਲਾਂ-ਪ੍ਰੇਸ਼ਾਨੀਆਂ ਤੇ ਵਿਚਾਰ ਕਰਨ ਲਈ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬਤੌਰ ਮੁੱਖ ਮਹਿਮਾਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਤਿੰਦਰ ਮਸੀਹ ਗੌਰਵ ਨੇ ਸ਼ਿਰਕਤ ਕੀਤੀ।ਅਗਾਪੇ ਪਾਸਟਰ ਐਸੋਸੀਏਸ਼ਨ ਦੁਆਰਾ ਮੀਟਿੰਗ ਦੌਰਾਨ ਚੇਅਰਮੈਨ ਸ੍ਰੀ ਜਤਿੰਦਰ ਮਸੀਹ ਗੌਰਵ ਦਾ ਸ਼ਿਰਕਤ ਕਰਨ 'ਤੇ ਸਵਾਗਤ ਕੀਤਾ ਗਿਆ।ਇਸ ਮੌਕੇ ਪਾਸਟਰ ਸਾਹਿਬਾਨਾਂ ਵੱਲੋਂ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਤਿੰਦਰ ਮਸੀਹ ਗੌਰਵ ਨੂੰ ਆਪਣੀਆਂ ਤੇ ਸਮਾਜ ਦੀਆਂ ਮੁੱਖ ਮੰਗਾਂ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਅਪੀਲ ਕੀਤੀ ਗਈ।ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਭਾਈਚਾਰੇ ਨੂੰ ਪੂਰਾ ਵਿਸ਼ਵਾਸ ਦਵਾਇਆ ਕਿ ਉਹ ਜਲਦ ਪ੍ਰਸ਼ਾਸਨ ਨਾਲ ਇੱਕ ਮੀਟਿੰਗ ਕਰਕੇ ਫੌਰੀ ਤੌਰ 'ਤੇ ਲੰਬਿਤ ਪਏ ਮਸਲਿਆਂ ਦਾ ਹੱਲ ਕਰਵਾਉਣਗੇ। ਉਨ੍ਹਾਂ ਕਿਹਾ ਕਿ ਅੱਗੇ ਤੋਂ ਜਦੋਂ ਵੀ ਕਦੇ ਮਸੀਹ ਭਾਈਚਾਰੇ ਦੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਪ੍ਰੇਸ਼ਾਨੀ ਆਵੇ ਤਾਂ ਉਹ ਬੇ-ਝਿਜਕ ਮੇਰੇ ਨਾਲ ਰਾਬਤਾ ਕਾਇਮ ਕਰ ਸਕਦੇ ਹਨ। ਇਸ ਮੌਕੇ ਸੀਨੀਅਰ ਪਾਸਟਰ ਜਨਕ ਅਬਰਾਹਾਮ, ਬਿਸ਼ਪ ਰਾਜ ਗਾਂਧਰੀ, ਪਾਸਟਰ ਪ੍ਰਕਾਸ਼ ਪੀਟਰ, ਪਾਸਟਰ ਪ੍ਰੀਤੀ ਜੇਮਸ, ਪਾਸਟਰ ਸੁਸ਼ੀਲ, ਰਾਜ ਸਿੱਧੂ, ਜੌਨਸਨ ਗਿੱਲ ਆਦਿ ਹੋਰ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

## ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਅਧਿਆਪਕ ਦਿਵਸ ਮੌਕੇ ਸਮਾਗਮ

### ਅਧਿਆਪਕ ਕੌਮ ਦੇ ਨਿਰਮਾਤਾ : ਜੌੜਾਮਾਜਰਾ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਅਗਰਸੈਨ ਇੰਟਰਨੈਸ਼ਨਲ ਪਬਲਿਕ ਸਕੂਲ ਤੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸਮਾਣਾ ਵਿਖੇ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਪ੍ਰਧਾਨ ਮਦਨ ਮਿੱਤਲ ਦੀ ਅਗਵਾਈ ਹੇਠ ਅਧਿਆਪਕ ਦਿਵਸ ਸਮਾਗਮ ਕੀਤਾ ਗਿਆ। ਜਿੱਥੇ ਮੁੱਖ ਮਹਿਮਾਨ ਵਜੋਂ ਸਾਬਕਾ ਮੰਤਰੀ ਤੇ ਹਲਕਾ ਸਮਾਣਾ ਵਿਧਾਇਕ ਸ੍. ਚੇਤਨ ਸਿੰਘ ਜੌੜਾਮਾਜਰਾ ਤੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰੀ ਤਰਸੇਮ ਗਰਗ ਤੇ ਸ੍ਰੀਮਤੀ ਨਿਸ਼ਾ ਗਰਗ (ਰਿਟਾਇਰਡ ਮੈਨੇਜਰ ਪੰਜਾਬ ਨੈਸ਼ਨਲ ਬੈਂਕ) ਨੇ ਸ਼ਿਰਕਤ ਕੀਤੀ।ਇਸ ਮੌਕੇ ਜੌੜਾਮਾਜਰਾ ਨੇ ਕਿਹਾ ਕਿ ਮਾਪਿਆਂ ਤੋਂ ਬਾਅਦ ਬੱਚੇ ਦੀ ਸਾਕਾਰਤਮਕ ਸਿਰਜਣਾ ਵਿੱਚ ਸਭ ਤੋਂ ਅਹਿਮ ਭੂਮਿਕਾ ਅਧਿਆਪਕ ਦੀ ਹੁੰਦੀ ਹੈ ਜੋ ਵਿਦਿਆਰਥੀ ਜੀਵਨ ਵਿੱਚ ਬੱਚੇ ਦਾ ਮਾਰਗਦਰਸ਼ਨ ਕਰਦਾ ਹੈ।ਇਸੇ ਕਰਕੇ ਅਧਿਆਪਕਾਂ ਨੂੰ ਸਤਿਕਾਰ ਵਜੋਂ 'ਕੌਮ ਦੇ ਨਿਰਮਾਤਾ' ਕਿਹਾ ਜਾਂਦਾ ਹੈ।ਬੱਚਿਆਂ ਦੇ ਬਿਹਤਰ ਭਵਿੱਖ ਲਈ ਦਿਆਨਤਦਾਰੀ, ਲਗਨ ਤੇ ਸਮਰਪਣ ਭਾਵਨਾ ਨਾਲ ਡਿਊਟੀ ਨਿਭਾਅ ਰਹੇ ਸਮੂਹ ਅਧਿਆਪਕਾਂ ਨੂੰ ਮੈਂ ਅੱਜ ਦੇ ਦਿਨ ਦੀ ਵਧਾਈ ਦਿੰਦਾ ਹਾਂ। ਇਸ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸਕੂਲੀ ਬੱਚਿਆਂ ਵੱਲੋਂ ਬਹੁਤ ਸਾਰੀਆਂ ਮਨੋਰੰਜਕ ਗਤੀਵਿਧੀਆਂ, ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ ਗਈਆਂ।ਇਸ ਮੌਕੇ ਵੱਡੀ ਗਿਣਤੀ ਵਿੱਚ ਅਧਿਆਪਕਾਂ ਨੂੰ ਵਧੀਆ ਅਧਿਆਪਨ ਸਿਖਲਾਈ ਤੇ ਸੇਵਾਵਾਂ ਲਈ ਸਰਵੋਤਮ ਅਧਿਆਪਕ ਪੁਰਸਕਾਰ ਤੇ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਵੇਂ ਬਣੇ ਹਾਲ ਤੇ ਬਿਲਡਿੰਗ ਦੀ ਰੈਨੋਵੇਸ਼ਨ ਦਾ ਉਦਘਾਟਨ ਜੌੜਾਮਾਜਰਾ ਤੇ ਤਰਸੇਮ ਗਰਗ ਤੇ ਸ੍ਰੀਮਤੀ ਨਿਸ਼ਾ ਗਰਗ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਦੇ ਨਾਲ ਹੀ ਸ੍ਰੀ ਤਰਸੇਮ ਗਰਗ ਵਲੋਂ ਇਸ ਕਾਰਜ ਲਈ ਸੰਸਥਾ ਨੂੰ 2 ਲੱਖ 11 ਹਜਾਰ ਦਾ ਚੈੱਕ ਵੀ ਭੇਟ ਕੀਤਾ ਗਿਆ।ਇਸ ਮੌਕੇ ਤਹਿਸੀਲ ਸਰਵੇਸ਼ ਰਾਜਨ, ਗੁਰਪ੍ਰੀਤ ਸਿੰਘ ਗੋਲਡੀ, ਪ੍ਰਿੰਸੀਪਲ ਸ਼੍ਰੀ ਅਨੁਰੁੱਧ ਗਰਗ, ਪ੍ਰਿੰਸੀਪਲ ਸੁਨੀਤਾ ਰਾਣੀ, ਬੀ ਕੇ ਗੁਪਤਾ, ਲਵ ਗੋਇਲ ਲਵਲੀ, ਅਗਰਵਾਲ ਗਊਸ਼ਾਲਾ ਦੇ ਮੈਂਬਰ ਵਿਕਾਸ ਸਿੰਗਲਾ, ਸੁਰਿੰਦਰ ਮੈਨੇਜਰ, ਨੀਤੀਨ ਗੋਇਲ, ਜੀਵਨ ਮਿੱਤਲ ਬਘਰੋਲ, ਵਿਜੇ ਸਿੰਗਲਾ, ਸੁਰਿੰਦਰ ਬਾਂਸਲ, ਡੀ ਕੇ ਸੂਦ, ਰਜਿੰਦਰ ਪ੍ਰਸਾਦ ਪ੍ਰਧਾਨ ਭਾਰਤ ਵਿਕਾਸ ਪ੍ਰੀਸ਼ਦ, ਪ੍ਰਿੰਸੀਪਲ ਭੂਸ਼ਣ ਮਿੱਤਲ ਆਦਿ ਸਮੇਤ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਪਤਵੰਤੇ ਤੇ ਅਧਿਆਪਕ ਮੌਜੂਦ ਰਹੇ।

## ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸਰਕਲ ਕਮੇਟੀ ਹੈੱਡ ਆਫਿਸ ਪਟਿਆਲਾ ਦੀ ਮੀਟਿੰਗ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ, ਸਰਕਲ ਕਮੇਟੀ ਹੈੱਡ ਆਫਿਸ ਪਟਿਆਲਾ ਦੀ ਮੀਟਿੰਗ ਅਣਖੀ ਭਵਨ ਫੈਕਟਰੀ ਏਰੀਆ ਪਟਿਆਲਾ ਵਿਖੇ ਹੋਈ। ਮੀਟਿੰਗ ਵਿੱਚ ਜਥੇਬੰਦੀ ਦੇ ਮੈਂਬਰ ਸ਼੍ਰਿਜੈ ਕੁਮਾਰ ਦੀ ਪਤਨੀ ਸ਼੍ਰੀ ਮਤੀ ਨਿਰਮਲਾ, ਜਸਵਿੰਦਰ ਸਿੰਘ ਭੱਲਾ ਪ੍ਰਸਿੱਧ ਪੰਜਾਬੀ ਕਲਾਕਾਰ ਤੇ ਹੜ੍ਹ ਵਿੱਚ ਸਵਰਗੀ ਪੰਜਾਬ ਵਸ਼ਿੰਦਿਆਂ ਦੀਆਂ ਹੋਈਆਂ ਮੌਤਾਂ ਕਾਰਨ ਵਿੱਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਜਥੇਬੰਦੀ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਲਈ ਫੈਸਲਾ ਕੀਤਾ ਗਿਆ ਕਿ ਸੂਬਾ ਕਮੇਟੀ ਦੀ ਅਗਲੇ ਹਫ਼ਤੇ ਹੋਣ ਵਾਲੀ ਮੀਟਿੰਗ, ਜੋ ਵੀ ਫੈਸਲਾ ਲਿਆ ਜਾਵੇਗਾ, ਉਹ ਸਰਕਲ ਕਮੇਟੀ ਹੈੱਡ ਆਫਿਸ (ਯੂਨਿਟ) ਪਟਿਆਲਾ ਨੂੰ ਮਨਜ਼ੂਰ ਹੋਵੇਗਾ।ਮੀਟਿੰਗ ਨੂੰ ਇੰਜ. ਹਰਜੀਤ ਸਿੰਘ ਜਨਰਲ ਸਕੱਤਰ, ਮਲਕੀਅਤ ਸਿੰਘ ਸਰਪ੍ਰਸਤ, ਇੰਜ ਸੰਤੋਖ ਸਿੰਘ ਬੋਪਾਰਾਏ ਸਲਾਹਕਾਰ ਸੂਬਾ ਕਮੇਟੀ ਤੇ ਭਿੰਦਰ ਸਿੰਘ ਚਹਿਲ ਪ੍ਰਧਾਨ ਨੇ ਸੰਬੋਧਨ ਕਰਦਿਆਂ ਪਾਵਰਕਾਮ ਮੈਨੇਜਮੈਂਟ ਵੱਲੋਂ ਹੜ੍ਹ ਸਹਾਇਤਾ ਸਬੰਧੀ ਜਾਰੀ ਕੀਤੇ ਕੰਟਰੋਵਰਸਲ ਪੱਤਰ ਦੀ ਨਿਖੇਧੀ ਕਰਦਿਆਂ ਪੱਤਰ ਵਾਪਸ ਲੈਣ ਦੀ ਮੰਗ ਕੀਤੀ।ਇੰਜ. ਸੰਤੋਖ ਸਿੰਘ ਬੋਪਾਰਾਏ ਸੂਬਾ ਸਲਾਹਕਾਰ ਨੇ ਜਾਣਕਾਰੀ ਦਿੱਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ ਜਲਦ ਫੈਸਲਾ ਕਰਕੇ ਸੰਘਰਸ਼ ਵਿੱਢਿਆ ਜਾ ਰਿਹਾ ਹੈ, ਕਿਉਂਕਿ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਜਾਇਜ਼ ਮੰਗਾਂ ਮੰਨਣ ਤੇ ਲਾਗੂ ਕਰਨ ਵਿੱਚ ਟਾਲ-ਮਟੋਲ ਨੀਤੀ ਅਪਣਾਈ ਜਾ ਰਹੀ ਹੈ।

ਸਭ ਮੈਂਬਰਾਂ ਨੂੰ ਸੰਘਰਸ਼ ਲਈ ਲਾਮਬੰਦ ਹੋਣ ਲਈ ਪ੍ਰੇਰਿਤ ਕੀਤਾ ਗਿਆ।ਸ: ਭਿੰਦਰ ਸਿੰਘ ਚਹਿਲ ਨੇ ਮੈਨੇਜਮੈਂਟ ਨਾਲ ਸਾਂਝੇ ਫਰੰਟ ਦੀ ਹੋਈ ਗੱਲਬਾਤ ਬਾਰੇ ਜਾਣਕਾਰੀ ਦਿੱਤੀ ਤੇ ਮੀਟਿੰਗ ਵਿੱਚ ਸ਼ਮੂਲੀਅਤ ਕਰਨ ਲਈ ਧੰਨਵਾਦ ਕੀਤਾ।ਮੀਟਿੰਗ ਵਿੱਚ ਗੱਜਣ ਸਿੰਘ ਮੀਡੀਆ ਸਲਾਹਕਾਰ, ਇੰਜ ਜਗਤਾਰ ਸਿੰਘ ਖਜ਼ਾਨਚੀ, ਮਨਮੋਹਣ ਸਿੰਘ ਐਡੀਟਰ, ਇੰਜ. ਭਾਨ ਸਕੱਤਰ, ਭੁਪਿੰਦਰ ਸਿੰਘ ਤੇ ਮਲਕੀਤ ਸਿੰਘ ਕੌਰਜੀਵਾਲਾ ਮੀਤ ਪ੍ਰਧਾਨ, ਇੰਜ. ਕਰਤਾਰ ਸਿੰਘ ਸਲਾਹਕਾਰ, ਇੰਜ. ਸਤਪਾਲ ਸ਼ਰਮਾ, ਸਰੂਪਇੰਦਰ ਸਿੰਘ, ਗੁਰਦੀਪ ਸਿੰਘ ਕਾਲਾਝਾੜ, ਹਰਬੰਸ ਸਿੰਘ ਟਿਵਾਣਾ, ਅਮਰੀਕ ਸਿੰਘ, ਗੌਰੀ ਸ਼ੰਕਰ, ਜੱਗਾ ਸਿੰਘ, ਰੇਸ਼ਮ ਸਿੰਘ ਤੇ ਬਹੁਤਾਤ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।ਮੀਟਿੰਗ ਵਿੱਚ ਨਵੇਂ ਸ਼ਾਮਲ ਹੋਏ ਮੈਂਬਰਾਂ ਨੂੰ ਵੀ ਜੀ ਆਇਆਂ ਆਖਿਆ ਗਿਆ ਤੇ ਜਥੇਬੰਦੀ ਨੂੰ ਵਿਸ਼ੇਸ਼ ਮਾਲੀ ਸਹਾਇਤਾ ਦੇਣ ਵਾਲੇ 40 ਦੇ ਲਗਭਗ ਮੈਂਬਰਾਂ ਦਾ ਜਥੇਬੰਦੀ ਦੇ ਸਨਮਾਨ ਲਈ ਧੰਨਵਾਦ ਕੀਤਾ ਗਿਆ।

## ਜ਼ਿਲ੍ਹੇ ਦੀਆਂ ਕੌਮੀ ਲੋਕ ਅਦਾਲਤਾਂ 'ਚ 13,023 ਕੇਸਾਂ ਦਾ ਨਿਪਟਾਰਾ



**ਮਾਨਸਾ/ਬੁਢਲਾਡਾ (ਪਮਾਰ/ਲਾਕੜਾ)**

ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮਨਜਿੰਦਰ ਸਿੰਘ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਮਿਸ. ਰਾਜਵਿੰਦਰ ਕੌਰ ਦੀ ਅਗਵਾਈ ਵਿੱਚ ਜ਼ਿਲ੍ਹਾ ਕੋਰਟ ਕੰਪਲੈਕਸ, ਮਾਨਸਾ, ਸਬ-ਡਵੀਜ਼ਨਲ ਕੋਰਟ ਕੰਪਲੈਕਸ, ਸਰਦੂਲਗੜ੍ਹ ਤੇ ਬੁਢਲਾਡਾ ਵਿਖੇ ਕੌਮੀ ਲੋਕ ਅਦਾਲਤ ਲਗਾਈ ਗਈ।ਇਸ ਲਈ ਜ਼ਿਲ੍ਹਾ ਕੋਰਟ ਕੰਪਲੈਕਸ ਮਾਨਸਾ, ਬੁਢਲਾਡਾ ਤੇ ਸਰਦੂਲਗੜ੍ਹ ਵਿਖੇ 09 ਬੈਂਚਾਂ ਦਾ ਗਠਨ ਕੀਤਾ ਗਿਆ। ਮਾਨਸਾ ਵਿਖੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸ੍ਰੀ ਮਨਜਿੰਦਰ ਸਿੰਘ, ਐਡੀਸ਼ਨਲ ਸੈਸ਼ਨਜ਼ ਜੱਜ ਸ਼੍ਰੀ ਗੁਰਮੋਹਨ ਸਿੰਘ, ਪ੍ਰਿੰਸੀਪਲ ਜੱਜ ਫੈਮਲੀ ਕੋਰਟ ਮਿਸ ਦੀਪਤੀ ਗੋਇਲ, ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ ਸ੍ਰੀ ਰਜਿੰਦਰ ਸਿੰਘ ਨਾਗਪਾਲ, ਚੀਫ ਜੁਡੀਸ਼ੀਅਲ ਮੈਜਿਸਟਰੇਟ ਸ੍ਰੀ ਰਵਨੀਤ ਸਿੰਘ, ਐਡੀਸ਼ਨਲ ਸਿਵਲ ਜੱਜ ਸਿਨੀਅਰ ਡਵੀਜ਼ਨ ਅੰਕਿਤ ਏਰੀ, ਚੇਅਰਮੈਨ ਸਥਾਈ ਲੋਕ ਅਦਾਲਤ ਸ੍ਰੀ ਪੁਨੇ ਰਾਮ, ਬੁਢਲਾਡਾ ਵਿਖੇ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਸ੍ਰੀ ਬਲਕਾਰ ਸਿੰਘ, ਸਿਵਲ ਜੱਜ (ਜੂਨੀਅਰ ਡਵੀਜ਼ਨ) ਤੇ ਸਰਦੂਲਗੜ੍ਹ ਵਿਖੇ ਐਡੀਸ਼ਨਲ ਸਿਵਲ ਜੱਜ (ਸੀਨੀਅਰ ਡਵੀਜ਼ਨ) ਸ੍ਰੀ ਰਾਜ ਕਰਨ 'ਤੇ ਅਧਾਰਤ ਬੈਂਚਾਂ ਵੱਲੋਂ 16879 ਕੇਸਾਂ ਵਿੱਚੋਂ ਕੁੱਲ 13023 ਕੇਸਾਂ ਦਾ ਨਿਪਟਾਰਾ ਕੀਤਾ ਗਿਆ।ਇਨ੍ਹਾਂ ਬੈਂਚਾਂ ਵਿੱਚ ਡਾ. ਸੁਮਨ ਕੁਮਾਰੀ ਬਿਮਲ, ਐਡਵੋਕੇਟ ਬਲਵੰਤ ਭਾਟੀਆ, ਕੁਲਦੀਪ ਸਿੰਘ ਬਾਜੇਵਾਲਾ, ਡਾ. ਸੁਖਦੇਵ ਸਿੰਘ ਦੋਮੇਲੀ, ਅਮਨਦੀਪ ਕੌਰ, ਦਵਿੰਦਰ ਕੌਰ, ਸੰਦੀਪ ਗਰਗ, ਹਰਭਵਨੀਰ ਕੌਰ, ਕੇਵਲ ਸਿੰਘ, ਗੁਰਵਿੰਦਰ ਸਿੰਘ ਬਖਸ਼ੀਵਾਲ, ਸਬਮ ਗੋਇਲ, ਕੁਲਜੀਤ ਕੌਰ, ਅਮਿਤ ਸਿੰਗਲਾ, ਜਸਮਨ ਸਿੰਘ ਭੰਗੂ, ਸੁਰਿੰਦਰ ਪਾਲ ਸਿੰਘ ਚਹਿਲ, ਨੇਸ਼ ਗਰਗ, ਰਾਮ ਸਿੰਘ ਧਾਲੀਵਾਲ, ਰਮਨ ਸਿੰਘ ਦੱਦੇਵਾਤ ਸ਼ਾਮਲ ਸਨ। ਇਸ ਲੋਕ ਅਦਾਲਤ ਵਿੱਚ ਦਿਵਾਨੀ ਮਾਮਲੇ, ਕਰਿਮੀਨਲ ਕੰਪਾਊਂਡੇਬਲ, ਚੈੱਕਾਂ ਦੇ ਕੇਸ, ਬੈਂਕ ਰਿਕਵਰੀ ਕੇਸ, ਐੱਮ.ਏ.ਸੀ.ਟੀ. ਕੇਸ, ਉਜ਼ਰਤ ਸਬੰਧੀ ਝਗੜੇ, ਬਿਜਲੀ, ਪਾਣੀ, ਟੈਲੀਫੋਨ ਤੇ ਵਿਆਹ ਨਾਲ ਸਬੰਧਤ ਮਾਮਲਿਆਂ ਦਾ ਨਿਪਟਾਰਾ ਆਪਸੀ ਸਮਝੌਤੇ ਰਾਹੀਂ ਕੀਤਾ ਗਿਆ।ਨਿਪਟਾਰਾ ਕੀਤੇ ਗਏ ਕੁੱਲ 13023/- ਕੇਸਾਂ 'ਚ 16,43,29,394/- ਰੁਪਏ ਦੇ ਅਵਾਰਡ ਪਾਸ ਕੀਤੇ ਗਏ।ਇਸ ਮੌਕੇ ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਿਸ. ਰਾਜਵਿੰਦਰ ਕੌਰ ਨੇ ਦੱਸਿਆ ਕਿ ਲਾਭਪਾਤਰੀਆਂ ਨੇ ਇਸ ਰਾਸ਼ਟਰੀ ਲੋਕ ਅਦਾਲਤ ਵਿੱਚ ਚੰਗੀ ਦਿਲਚਸਪੀ ਦਿਖਾਈ ਹੈ। ਅੱਜ ਦੀ ਰਾਸ਼ਟਰੀ ਲੋਕ ਅਦਾਲਤ ਤੋਂ ਪਹਿਲਾਂ ਇਸ ਦੀ ਸਫਲਤਾ ਲਈ ਅਨੇਕਾਂ ਸੈਮੀਨਾਰਾਂ ਤੇ ਮੀਟਿੰਗਾਂ ਰਾਹੀਂ ਜਾਗਰੂਕਤਾ ਫੈਲਾਈ ਗਈ ਸੀ, ਜਿਸ ਦੇ ਸਾਰਥਿਕ ਸਿੱਟੇ ਸਾਹਮਣੇ ਆਏ ਹਨ।

# ਕੇਂਦਰੀ ਰਾਜ ਮੰਤਰੀ ਜਾਰਜ ਕੁਰੀਆਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਕੇਂਦਰੀ ਰਾਜ ਮੰਤਰੀ ਜਾਰਜ ਕੁਰੀਆਂ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ, ਡੇਰਾ ਬਾਬਾ ਨਾਨਕ, ਪੱਖੋਕੇ ਟਾਹਲੀ ਸਾਹਿਬ, ਪਿੰਡ ਰੱਤਾ, ਰੱਤੜ-ਛੱਤੜ, ਘਣੀਏ-ਕੇ-ਬੇਟ, ਧਰਮਕੋਟ ਰੰਧਾਵਾ, ਧਰਮਕੋਟ ਪੱਤਣ, ਗੁਰਚੱਕ, ਡਾਲਾ ਤੇ ਗੋਲਾ-ਢੋਲਾ, ਗੁਰਚੱਕ ਦਾ ਦੌਰਾ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਕੇਂਦਰੀ ਰਾਜ ਮੰਤਰੀ ਨੂੰ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਜਾਣਕਾਰੀ ਦਿੱਤੀ ਅਤੇ ਨਾਲ ਹੀ ਸਰਕਾਰ ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ।ਕੇਂਦਰੀ ਮੰਤਰੀ ਨੇ ਅਧਿਕਾਰੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਚਲਾਏ ਜਾ ਰਹੇ ਰਾਹਤ ਤੇ ਪੁਨਰਵਾਸ ਕਾਰਜਾਂ ਨੂੰ ਹੋਰ ਤੇਜ਼ ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹੜ੍ਹ ਕਾਰਨ ਸਰਹੱਦ ਨਾਲ ਲੱਗਦੇ ਖੇਤਰ ਦਾ ਵੱਡਾ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਕੇਂਦਰ ਸਰਕਾਰ ਪੰਜਾਬ ਦੇ ਨਾਲ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸੂਬੇ ਨੂੰ 1600 ਕਰੋੜ ਦਾ ਵਿਸ਼ੇਸ਼ ਵਿੱਤੀ ਪੈਕੇਜ ਵੀ ਜਾਰੀ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ





ਪੰਜਾਬ ਸਰਕਾਰ ਨਾਲ ਮਿਲ ਕੇ ਯਤਨ ਕੀਤੇ ਜਾਣਗੇ। ਇਸ ਮੌਕੇ ਡੇਰਾ ਬਾਬਾ ਨਾਨਕ ਤੋਂ ਭਾਜਪਾ ਆਗੂ ਰਵੀਕਰਨ ਸਿੰਘ ਕਾਹਲੋਂ ਨੇ ਕਿਹਾ ਕਿ ਸਾਡਾ ਸਾਰਾ ਇਲਾਕਾ ਹੜ੍ਹ ਦੇ ਪਾਣੀ ਵਿੱਚ ਡੁੱਬ ਗਿਆ ਹੈ ਪਰ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਕੋਈ ਬਾਂਹ ਨਹੀਂ ਫੜ੍ਹੀ ਜਾ ਰਹੀ।ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੰਜਾਬ ਨੂੰ ਸੰਕਟਕਾਲੀਨ ਹਾਲਤਾਂ ਦਾ ਟਾਕਰਾ ਕਰਨ ਲਈ ਪਹਿਲਾਂ ਹੀ 12000 ਕਰੋੜ ਰੁਪਏ ਦਿੱਤੇ ਹੋਏ ਹਨ ਅਤੇ ਹੁਣ ਹੋਰ 1600 ਕਰੋੜ ਰੁਪਏ ਦੇ ਦਿੱਤੇ ਗਏ ਹਨ।ਉਨ੍ਹਾਂ ਕੇਂਦਰੀ ਮੰਤਰੀ ਨੂੰ ਕਿਹਾ ਕਿ ਉਹ ਹੜ੍ਹ ਪੀੜ੍ਹਤਾਂ ਦੀ ਮਦਦ ਕਰਨ ਲਈ ਸਹਾਇਤਾ ਰਾਸ਼ੀ ਸਿੱਧੀ ਲੋਕਾਂ ਦੇ ਬੈਂਕ ਖਾਤਿਆਂ ਵਿੱਚ ਭੇਜਣ ਤਾਂ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਨੂੰ ਖੁਰਦ-ਬੁਰਦ ਨਾ ਕਰ ਸਕੇ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਕੋਲੋਂ 12000 ਕਰੋੜ ਰੁਪਏ ਦਾ ਹਿਸਾਬ ਵੀ ਲਵੇ ਜੋ ਉਨ੍ਹਾਂ ਨੇ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਖ਼ਰਚ ਕਰਨਾ ਸੀ।ਇਸ ਮੌਕੇ ਵਧੀਕ ਐੱਸਡੀਐੱਮ. ਡੇਰਾ ਬਾਬਾ ਨਾਨਕ ਡਾ. ਆਦਿੱਤਯ ਸ਼ਰਮਾ, ਭਾਜਪਾ ਦਾ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ, ਭਾਜਪਾ ਆਗੂ ਰਾਜੂ ਪੰਡਤ, ਅਜੇਬੀਰ ਸਿੰਘ ਰੰਧਾਵਾ ਅੰਮ੍ਰਿਤਸਰ, ਯਸ਼ਪਾਲ ਕੁੰਡਲ, ਦਲੇਰ ਸਿੰਘ ਰੱਤੜ-ਛੱਤੜ, ਸਰਪੰਚ ਸੁਖਦੇਵ ਸਿੰਘ ਭਿੰਡਾ, ਡੀ. ਆਰ. ਓ. ਜਸਕਰਨਜੀਤ ਸਿੰਘ, ਤਹਿਸੀਲਦਾਰ ਲਛਮਣ ਸਿੰਘ ਰੰਧਾਵਾ, ਡੀ. ਐੱਸ. ਪੀ. ਜੋਗਾ ਸਿੰਘ, ਬੀਡੀਪੀਓ ਅਮਨਦੀਪ ਕੌਰ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਜਸਪ੍ਰੀਤ ਸਿੰਘ ਨਾਗਪਾਲ, ਡਾ. ਗੁਰਦੇਵ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਵੀ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਪਿੰਡਾਂ 'ਚ ਰਾਹਤ ਤੇ ਪੁਨਰਵਾਸ ਕਾਰਜਾਂ ਲਈ ਨਿਗਰਾਨ ਕਮੇਟੀਆਂ ਦਾ ਗਠਨ

ਗੁਰਦਾਸਪੁਰ (ਦਿਨੇਸ਼ ਕੁਮਾਰ)-ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਤੇ ਪੁਨਰਵਾਸ ਦੇ ਕਾਰਜ ਲਗਾਤਾਰ ਜਾਰੀ ਹਨ।ਰਾਹਤ ਤੇ ਪੁਨਰਵਾਸ ਕਾਰਜਾਂ ਨੂੰ ਹੋਰ ਤੇਜ਼ ਕਰਨ ਲਈ ਪੰਜਾਬ ਸਰਕਾਰ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਦੇ ਵਿਸ਼ੇਸ਼ ਇਜਲਾਸ ਕਰਕੇ ਕਮੇਟੀਆਂ ਗਠਨ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਹੁਕਮਾਂ ਤਹਿਤ ਹੀ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਬਲੱਗਣ, ਹਰਦਾਨ, ਖੋਖਰ, ਭੁੱਲਾ ਅਤੇ ਲੱਖੋਵਾਲ ਵਿਖੇ ਗ੍ਰਾਮ ਪੰਚਾਇਤਾਂ ਦੇ ਵਿਸ਼ੇਸ਼ ਇਜਲਾਸ ਬੁਲਾਏ ਗਏ।ਇਨ੍ਹਾਂ ਵਿਸ਼ੇਸ਼ ਇਜਲਾਸਾਂ ਵਿੱਚ ਸੀਨੀਅਰ ਆਗੂ ਰਮਨ ਬਹਿਲ ਨੇ ਵੀ ਹਾਜ਼ਰੀ ਭਰੀ।

ਇਨ੍ਹਾਂ ਇਜਲਾਸਾਂ ਦੌਰਾਨ ਪਿੰਡਾਂ ਵਿੱਚ ਨਿਗਰਾਨ ਕਮੇਟੀਆਂ ਦਾ ਗਠਨ ਕੀਤਾ ਗਿਆ ਜਿਸ ਵਿੱਚ ਸਰਪੰਚ, ਪੰਚਾਇਤ ਮੈਂਬਰ, ਸਕੱਤਰ, ਸਮਾਜ ਸੇਵੀ ਜਾਂ ਸਬਾਕਾ ਫ਼ੌਜੀਆਂ ਨੂੰ ਸ਼ਾਮਲ ਕੀਤਾ ਗਿਆ ਹੈ।ਇਨ੍ਹਾਂ ਨਿਗਰਾਨ ਕਮੇਟੀਆਂ



ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਇਕੱਠੀ ਹੋਈ ਗਾਰ ਦੀ ਸਫ਼ਾਈ, ਨੁਕਸਾਨੇ ਗਏ ਘਰਾਂ ਦੀ ਮੁਰੰਮਤ, ਪ੍ਰਧਾਨ ਮੰਤਰੀ ਅਵਾਸ ਯੋਜਨਾ ਦੀਆਂ ਹਦਾਇਤਾਂ ਅਨੁਸਾਰ ਨਵਾਂ ਸਰਵੇ, ਮਰੇ ਹੋਏ ਪਸ਼ੂਆਂ ਨੂੰ ਦਬਾਉਣ, ਪਿੰਡ ਵਿੱਚ ਸਰਕਾਰੀ ਇਮਾਰਤਾਂ, ਸਰਕਾਰੀ ਸਕੂਲ, ਸਮਸ਼ਾਨਘਾਟ, ਬੂਟੇ, ਖੇਡ ਮੈਦਾਨ, ਪਾਰਕ, ਮਨਰੇਗਾ ਦੇ ਐਸਿਸਟ ਜਿਵੇਂ ਆਂਗਨਵਾੜੀ ਸੈਂਟਰ, ਪੰਚਾਇਤ ਘਰ ਆਦਿ ਦੇ ਨੁਕਸਾਨ ਅਤੇ ਰਿਪੇਅਰ ਸਬੰਧੀ ਇਸ ਤੋਂ ਇਲਾਵਾ ਗ੍ਰਾਮ ਸਭਾ ਨੂੰ ਕੋਈ ਹੋਰ ਹੜ੍ਹ ਪ੍ਰਭਾਵਿਤ ਕੰਮਾਂ ਨੂੰ ਕਰਵਾਇਆ ਜਾਵੇਗਾ।ਸ੍ਰੀ ਰਮਨ ਬਹਿਲ ਨੇ ਕਿਹਾ ਕਿ ਜਿਨ੍ਹਾਂ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਨੂੰ ਵੀ ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਵੇਗਾ।ਜਿਨ੍ਹਾਂ ਲੋਕਾਂ ਦਾ ਪੂਰਾ ਘਰ ਢਹਿ ਗਿਆ ਹੈ, ਉਨ੍ਹਾਂ ਨੂੰ 1,20,000 ਰੁਪਏ ਮਿਲਣਗੇ, ਅਤੇ ਜਿਨ੍ਹਾਂ ਨੂੰ ਘੱਟ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ 40,000 ਰੁਪਏ ਮਿਲਣਗੇ।ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਘਰਾਂ ਦੇ ਘੱਟ ਨੁਕਸਾਨ ਲਈ ਸਿਰਫ 6,800 ਰੁਪਏ ਮੁਆਵਜ਼ਾ ਦਿੰਦੀਆਂ ਸਨ, ਪਰ ਹੁਣ ਇਹ ਰਕਮ ਵਧਾ ਕੇ 40,000 ਰੁਪਏ ਕਰ ਦਿੱਤੀ ਗਈ ਹੈ।ਜੇਕਰ ਕਿਸੇ ਦੀ ਗਾਂ ਜਾਂ ਮੱਝ ਦੀ ਮੌਤ ਹੋ ਗਈ ਹੈ ਤਾਂ ਸਰਕਾਰ 37,500 ਰੁਪਏ ਦੇਵੇਗੀ, ਜੇਕਰ ਹੜ੍ਹ ਵਿੱਚ ਬੱਕਰੀ ਦੀ ਮੌਤ ਹੋ ਗਈ ਹੈ ਤਾਂ 4,000 ਰੁਪਏ ਦਿੱਤੇ ਜਾਣਗੇ ਅਤੇ ਹੋਰ ਸਾਰੇ ਜਾਨਵਰਾਂ ਨੂੰ ਵੀ ਨਿਯਮਾਂ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ ਜਿਸ ਵਿੱਚ ਬਲਦ, ਘੋੜੇ, ਮੁਰਗੀ, ਮੱਛੀ ਪਾਲਣ ਅਤੇ ਹੋਰ ਜੀਵ ਸ਼ਾਮਲ ਹਨ।

# ਕਾਮਰੇਡ ਸੰਗਤ ਸਿੰਘ ਕਾਹਲੋਂ ਦੀ ਬਰਸੀ ਅੱਜ

ਦੀਨਾਨਗਰ, (ਨਰਜ)-ਪੰਜਾਬ ਅੰਦਰ ਟਰੇਡ ਯੂਨੀਅਨ ਲਹਿਰ ਦੇ ਇੱਕ ਜੁਝਾਰੂ, ਸਿਰੜੀ, ਸੰਘਰਸ਼ਸ਼ੀਲ, ਵਚਨਬੱਧ ਅਤੇ ਨਿਡਰ ਆਗੂ ਕਾਮਰੇਡ ਸੰਗਤ ਸਿੰਘ ਕਾਹਲੋਂ, ਜਿਨ੍ਹਾਂ ਨੇ ਹਮੇਸ਼ਾ ਹੱਕ ਤੇ ਸੱਚ 'ਤੇ ਪਹਿਰਾ ਦਿੰਦਿਆਂ ਗਰੀਬਾਂ, ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਲੜਾਈਆਂ ਲੜਦਿਆਂ ਜੇਲ੍ਹਾਂ ਕੱਟੀਆਂ, ਦੀ ਯਾਦ ਵਿੱਚ 15 ਸਤੰਬਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਅਵਾਂਖਾ (ਦੀਨਾਨਗਰ) ਵਿਖੇ ਸੀਪੀਆਈ ਅਤੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਪਰਿਵਾਰ ਦੇ ਸਹਿਯੋਗ ਨਾਲ ਉਨ੍ਹਾਂ ਦੀ 22ਵੀਂ ਬਰਸੀ ਮਨਾਈ ਜਾ ਰਹੀ ਹੈ, ਜਿਸ ਵਿੱਚ ਸੀਪੀਆਈ ਦੇ ਸੂਬਾਈ ਨੇਤਾ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਪਾਰਟੀ ਦੇ ਹੋਰ ਸੂਬਾਈ ਤੇ ਜ਼ਿਲ੍ਹਾ ਪੱਧਰੀ ਆਗੂਆਂ ਤੋਂ ਇਲਾਵਾ ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।



## ਹੜ੍ਹ ਪ੍ਰਭਾਵਿਤ ਸਕੂਲਾਂ ਦੇ ਵਿਦਿਆਰਥੀਆਂ ਤੋਂ ਫੀਸ ਨਾ ਲਈ ਜਾਵੇ: ਜੀ ਟੀ ਯੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਕੁਲਦੀਪ ਪੁਰੋਵਾਲ, ਦਿਲਦਾਰ ਭੰਡਾਲ, ਅਨਿਲ ਕੁਮਾਰ ਲਹੌਰੀਆ, ਗੁਰਮੀਤ ਸਿੰਘ ਬਾਜਵਾ, ਸਲਵਿੰਦਰ ਕੁਮਾਰ, ਪਲਵਿੰਦਰ ਸਿੰਘ ਅਤੇ ਦਿਲਜੀਤ ਰਾਜ ਨੇ ਪੰਜਾਬ ਦੇ ਮੁੱਖ ਮੰਤਰੀ, ਸਿੱਖਿਆ ਮੰਤਰੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਸਕੂਲਾਂ ਦੇ ਵਿਦਿਆਰਥੀਆਂ ਦੀ ਦਸਵੀਂ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਫੀਸ ਅਤੇ ਹੋਰ ਕਿਸੇ ਵੀ ਤਰ੍ਹਾਂ ਦੀ ਫੀਸ ਨਾ ਲਈ ਜਾਵੇ।



ਅਧਿਆਪਕ ਆਗੂਆਂ ਕਿਹਾ ਕਿ ਸਕੂਲਾਂ ਵਿੱਚ ਪੜ੍ਹਦੇ ਬਹੁਤੇ ਵਿਦਿਆਰਥੀ ਗਰੀਬ ਘਰਾਂ ਦੇ ਹੋਣ ਕਾਰਨ ਵਿਦਿਆਰਥੀਆਂ ਦੇ ਮਾਪੇ ਫੀਸ ਦੇਣ ਤੋਂ ਅਸਮਰੱਥ ਹਨ।ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਹੜ੍ਹ ਪ੍ਰਭਾਵਿਤ ਅਤੇ ਭਾਰੀ ਬਰਸਾਤ ਕਾਰਨ ਸਕੂਲਾਂ ਦੀਆਂ ਇਮਾਰਤਾਂ ਦਾ ਸਰਵੇ ਕਰਨ ਜ਼ਿੰਮੇਵਾਰੀ ਅਧਿਆਪਕਾਂ ਉੱਪਰ ਪਾਉਣ ਦੀ ਬਜਾਏ ਸਰਕਾਰ ਖੁਦ ਲੋਕ ਨਿਰਮਾਣ ਵਿਭਾਗ ਦੇ ਇੰਜੀਨੀਅਰਾਂ ਰਾਹੀਂ ਕਰਵਾਏ। ਆਗੂਆਂ ਦੱਸਿਆ ਕਿ ਕੁੱਝ ਸਕੂਲਾਂ ਦੀਆਂ ਇਮਾਰਤਾਂ ਨੂੰ ਅਣਸੁਰੱਖਿਅਤ ਐਲਾਨੇ ਜਾਣ ਦੇ ਬਾਵਜੂਦ ਨਾ ਤਾਂ ਨਵੀਂ ਇਮਾਰਤ ਬਣਾਉਣ ਲਈ ਗਰਾਂਟ ਜਾਰੀ ਕੀਤੀ ਗਈ ਹੈ ਅਤੇ ਨਾ ਹੀ ਇਮਾਰਤਾਂ ਨੂੰ ਹਟਾਇਆ ਗਿਆ ਹੈ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਖਸਤਾ ਹਾਲ ਇਮਾਰਤਾਂ ਦੀ ਥਾਂ ਨਵੀਆਂ ਇਮਾਰਤਾਂ ਦੀ ਉਸਾਰੀ ਜ਼ਿਲ੍ਹਾ ਭਰ ਵਿੱਚ ਸਰਵੇ ਕਰਵਾ ਕੇ ਜਲਦ ਕੀਤੀ ਜਾਵੇ ਤਾਂ ਕਿ ਕੋਈ ਅਨਸੁਖਾਵੀਂ ਘਟਨਾ ਨਾ ਵਾਪਰੇ।

## ਖਾਲਸਾ ਏਡ, ਅਕਾਲ ਪੁਰਖ ਕੀ ਫ਼ੌਜ ਤੇ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਵੱਲੋਂ ਸੱਤ ਐਂਬੂਲੈਂਸਾਂ ਰਵਾਨਾ

ਫਤਿਹਗੜ੍ਹ ਚੂੜੀਆਂ, (ਜਸਦੇਵ ਮਾਨ)-ਖਾਲਸਾ ਏਡ, ਅਕਾਲ ਪੁਰਖ ਕੀ ਫੌਜ ਅਤੇ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਦੇ ਸਾਂਝੇ ਸਹਿਯੋਗ ਨਾਲ ਸੱਤ ਐਂਬੂਲੈਂਸਾਂ ਫਤਿਹਗੜ੍ਹ ਚੂੜੀਆਂ ਦੇ ਬੀਬੀ ਕੌਲਾਂ ਜੀ ਹਸਪਤਾਲ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਨੂੰ ਰਵਾਨਾ ਕੀਤੀਆਂ ਗਈਆਂ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਏ. ਪੀ. ਸਿੰਘ ਨੇ ਦੱਸਿਆ ਕਿ ਇਹ ਸੱਤ ਐਂਬੂਲੈਂਸਾਂ ਹੜ੍ਹ ਦੀ ਲਪੇਟ ਵਿੱਚ ਆਏ ਪਿੰਡ ਗਾਲੜੀ, ਰਮਦਾਸ, ਡੇਰਾ ਬਾਬਾ ਨਾਨਕ, ਅਜਨਾਲਾ ਅਤੇ ਗੱਗੋ ਮਾਹਲ ਹਲਕੇ ਵਿੱਚ ਇੱਕ ਐੱਮਬੀਬੀਐੱਸ



ਡਾਕਟਰ, ਇੱਕ ਨਰਸਿੰਗ ਸਟਾਫ, ਡਰਾਈਵਰ ਸਮੇਤ ਪੂਰੀਆਂ ਦਵਾਈਆਂ ਨਾਲ ਲੈਸ ਕਰਕੇ ਰਵਾਨਾ ਕੀਤੀਆਂ ਗਈਆਂ ਹਨ।ਇਹ ਐਂਬੂਲੈਂਸਾਂ ਇਕ ਮਹੀਨੇ ਵਾਸਤੇ ਹੜ੍ਹ ਪ੍ਰਭਾਵਿਤ ਖੇਤਰ ਦੇ ਲੋਕਾਂ ਦੀ ਸੇਵਾ ਕਰਨਗੀਆਂ।ਡਾ. ਏ. ਪੀ. ਸਿੰਘ ਨੇ ਕਿਹਾ ਕਿ ਬਹੁਤ ਹੀ ਜਲਦ ਇੱਕ ਪਿੰਕ ਐਂਬੂਲੈਂਸ, ਜਿਸ ਵਿੱਚ ਫੀਮੇਲ ਡਾਕਟਰ, ਫੀਮੇਲ ਸਟਾਫ ਅਤੇ ਜਨਾਨਾ ਰੋਗਾਂ ਦਾ ਸਾਰਾ ਹੀ ਜ਼ਰੂਰੀ ਸਾਮਾਨ ਵੀ ਇਸ ਏਰੀਏ ਵਿੱਚ ਰਵਾਨਾ ਕੀਤਾ ਜਾ ਰਿਹਾ ਹੈ।ਇਸ ਮੌਕੇ ਐਡਵੋਕੇਟ ਜਸਵਿੰਦਰ ਸਿੰਘ( ਅਕਾਲ ਪੁਰਖ ਕੀ ਫੌਜ), ਗੁਰਮੀਤ ਸਿੰਘ (ਖਾਲਸਾ ਏਡ), ਕਰਨਬੀਰ ਸਿੰਘ (ਇੰਸ਼ੋਰੈਂਸ ਕੰਪਨੀ) ਡਾ. ਅਮਨਪ੍ਰੀਤ ਸਿੰਘ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ, ਗਗਨਦੀਪ ਕੌਰ, ਦਵਿੰਦਰ ਸਿੰਘ (ਖਾਲਸਾ ਏਡ), ਕਮਲਪ੍ਰੀਤ ਸਿੰਘ (ਖਾਲਸਾ ਏਡ), ਕਸ਼ਿਸ਼ ਗੁਪਤਾ, ਅਮਨਿੰਦਰ ਸਿੰਘ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ, ਰਾਜਨ ਸ਼ਰਮਾ, ਮੁਹੱਬਤ ਪਾਲ ਸਿੰਘ ਤੋਂ ਇਲਾਵਾ ਖਾਲਸਾ ਏਡ ਅਤੇ ਅਕਾਲ ਪੁਰਖ ਫੌਜ ਦੇ ਸਮੂਹ ਮੈਂਬਰ ਹਾਜ਼ਰ ਸਨ।

## ਸੀਐੱਚਸੀ ਖੇਮਕਰਨ ਦਾ ਸਿਵਲ ਸਰਜਨ ਨੇ ਕੀਤਾ ਅਚਨਚੇਤ ਦੌਰਾ

ਝਬਾਲ (ਹਰਜਿੰਦਰ ਸਿੰਘ ਸੋਨੀ)-ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਵਲੋਂ ਸੀਐੱਚਸੀ ਖੇਮਕਰਨ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਹੜਉਾਂ ਦੇ ਮੱਦੇਨਜ਼ਰ ਦਰਿਆ ਨਾਲ ਲੱਗਦੇ ਪਿੰਡਾਂ ਵਿੱਚ ਮੈਡੀਕਲ ਕੈਂਪਾਂ ਦੀ ਵੀ ਚੈਕਿੰਗ ਕੀਤੀ।ਇਸ ਮੌਕੇ





ਮਰੀਜ਼ਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਸਰਕਾਰ ਵੱਲੋਂ ਦਿੱਤੀਆਂ ਜਾਂ ਰਹੀਆਂ ਸਹੂਲਤਾਂ ਸਬੰਧੀ ਜਾਣੂ ਕਰਾਇਆ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਐਮਰਜੈਂਸੀ ਮੌਕੇ ਲੋੜ ਪੈਣ ਤੇ ਸਰਕਾਰੀ ਸਿਹਤ ਸਹੂਲਤਾਂ ਦਾ ਲਾਭ ਉਠਾਉਣ ਤੇ ਮੁਫਤ ਸਹੂਲਤਾਂ ਪ੍ਰਾਪਤ ਕਰਨ ਲਈ ਕਿਹਾ ਗਿਆ। ਸਮੂਹ ਸਟਾਫ ਨੂੰ ਵੀ ਹਦਾਇਤ ਕੀਤੀ ਗਈ ਕਿ ਮਰੀਜ਼ਾਂ ਨਾਲ ਨਿਮਰਤਾ ਨਾਲ ਪੇਸ਼ ਆਇਆ ਜਾਵੇ। ਸਰਕਾਰੀ ਸਿਹਤ ਸੰਸਥਾਵਾਂ ਵਿੱਚ ਸਾਫ ਸਫਾਈ, ਪੀਣ ਵਾਲੇ ਸਾਫ਼ ਪਾਣੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਇਸ ਵਿੱਚ ਕੋਈ ਕੁਤਾਹੀ ਨਾ ਵਰਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਵਿੱਚ ਸਾਰੀਆਂ ਐਮਰਜੈਂਸੀ ਸੇਵਾਵਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਇਸ ਮੌਕੇ ਐੱਸਐੱਮਓ ਡਾ. ਰਮਨਦੀਪ ਪੱਡਾ, ਡਾ. ਹਰਪ੍ਰੀਤ ਕੌਰ, ਡਾ. ਪ੍ਰਿੰਕਲ ਗੁਪਤਾ, ਡਾ. ਸੁਖਪ੍ਰੀਤ ਸਿੰਘ ਸਰਬਜੀਤ ਕੁਮਾਰ ਫਾਰਮੇਸੀ, ਬਲਾਕ ਐਜੂਕੇਟਰ ਗੁਰਵਿੰਦਰ ਸਿੰਘ, ਐੱਸ. ਆਈ. ਜੁਗਰਾਜ ਸਿੰਘ, ਨਰਸਿੰਗ ਸਿਸਟਰ ਸ਼ੀਲਾ, ਐੱਮ. ਐੱਲ. ਟੀ. ਨਵਰੋਜ ਕੌਰ, ਰੇਡੀਓਗ੍ਰਾਫਰ ਸੰਦੀਪ ਕੌਰ, ਜਸਬੀਰ ਸਿੰਘ, ਵਿੱਦਿਆ ਅਤੇ ਹਰਪਾਲ ਸਿੰਘ ਆਦਿ ਹਾਜ਼ਰ ਸਨ।

## ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ ਹਿੰਦੀ ਦਿਵਸ ਦਾ ਆਯੋਜਨ

ਲੋਹੀਆਂ ਖਾਸ (ਯੋਗੇਸ਼ਵਰ) : ਬੀ.ਕੇ. ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ ਵਿਖੇ ਰਾਸ਼ਟਰੀ ਗੌਰਵ ਦੇ ਪ੍ਰਤੀਕ ਹਿੰਦੀ ਦਿਵਸ ਦੇ ਮੌਕੇ 'ਤੇ ਇੱਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਵਿਦਿਆਰਥੀਆਂ ਨੇ ਹਿੰਦੀ ਕਵਿਤਾ



ਪਾਠ ਅਤੇ ਹਿੰਦੀ ਲੇਖਣ ਗਤੀਵਿਧੀਆਂ ਰਾਹੀਂ ਹਿੰਦੀ ਭਾਸ਼ਾ ਪ੍ਰਤੀ ਆਪਣੇ ਆਦਰ ਨੂੰ ਪ੍ਰਗਟ ਕੀਤਾ। ਇਸ ਮੌਕੇ ਹਿੰਦੀ ਅਧਿਆਪਿਕਾ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਹਿੰਦੀ ਭਾਸ਼ਾ ਦੇ ਗੌਰਵਮਈ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਡਾਇਰੈਕਟਰ ਸੱਦਾਮ ਖਾਨ, ਡਿਪਟੀ ਡਾਇਰੈਕਟਰ ਸਰਗਮ ਥਿੰਦ ਤੇ ਮੁੱਖ ਅਧਿਆਪਕਾ ਨੀਤੀਮਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਹਿੰਦੀ ਭਾਸ਼ਾ ਸਾਰੇ ਭਾਰਤੀਆਂ ਨੂੰ ਇੱਕ ਲੜੀ ਵਿੱਚ ਪਰੋਂਦੀ ਹੈ। ਉਨਾਂ ਨੇ ਸਭ ਨੂੰ ਹਿੰਦੀ ਭਾਸ਼ਾ ਨੂੰ ਮਾਣ ਦੇ ਨਾਲ ਬੋਲਣ ਅਤੇ ਆਦਰ ਦੇਣ ਦੀ ਪ੍ਰੇਰਨਾ ਦਿੱਤੀ।

# ਕਲਗੀਧਰ ਟਰੱਸਟ ਬੜੂ ਸਾਹਿਬ ਨੇ ਹੜ੍ਹ ਪੀੜਤਾਂ ਨੂੰ ਰਾਸ਼ਨ, ਮੰਜੇ, ਗੱਦੇ, ਦਵਾਈਆਂ ਤੇ ਹੋਰ ਸਾਮਾਨ ਵੰਡਿਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫ਼ਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਲਗਾਤਾਰ ਸੇਵਾ ਚੱਲ ਰਹੀ ਹੈ। ਇਸ ਸਬੰਧੀ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਵਿੱਚ ਹੜ੍ਹ ਰਾਹਤ ਸੇਵਾਵਾਂ ਦਾ ਚੱਲ ਰਹੇ ਦੂਜੇ ਫੇਜ ਵਿੱਚ ਪਸ਼ੂਆਂ ਦਾ ਚਾਰਾ, ਦਵਾਈਆਂ, ਸੁੱਕਾ ਰਾਸ਼ਨ, ਮੱਛਰਦਾਨੀਆਂ ਅਤੇ ਬੈੱਡ ਸਮੇਤ ਗੱਦੇ ਆਦਿ ਲੋੜਵੰਦ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਪ੍ਰਬੰਧ ਸ਼ੁਰੂ ਕਰ ਦਿੱਤੇ ਗਏ ਹਨ। ਜਿਸ ਤਹਿਤ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੋਨੇਵਾਲ, ਮਾਛੀਵਾਲ, ਨੰਗਲ ਸੋਹਲ, ਦੇਗਗੜ੍ਹ ਅਤੇ ਪੰਜਗਰਾਈਆਂ ਨੂੰ 750 ਤੋਂ ਵੱਧ ਮੰਜੇ ਤੇ ਗੱਦੇ ਵੰਡੇ, ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਝਿੰਗੜ ਭੈਣੀ 300 ਕੰਬਲ, 200 ਬੈੱਡ ਸ਼ੀਟਾਂ ਆਦਿ ਵੰਡੀਆਂ, ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸ਼ਕਰੀ, ਕਾਦੀਆਂ, ਸਦਾਵਲੀ, ਮਨਾਵਾਲ ਅਤੇ ਪੱਖੋਵਾਲ ਵਿੱਚ 250 ਮੰਜਾ, 250 ਕੰਬਲ, 250 ਬੈਡ ਸ਼ੀਟਾਂ ਅਤੇ 250 ਰਾਸ਼ਨ ਦੀਆ ਕਿੱਟਾਂ ਵੰਡੀਆਂ ਗਈਆਂ। ਇਸ ਤੋਂ ਇਲਾਵਾ ਪਠਾਨਕੋਟ ਜ਼ਿਲ੍ਹੇ ਦੇ ਬਹੇੜੀ ਬਜ਼ੁਰਗ, ਅੱਤੇਪੁਰ ਅਤੇ ਭੂਲ ਚੱਕ ਪਿੰਡਾਂ ਵਿੱਚ ਕੰਬਲ, ਗੱਦੇ, ਲੋਈਆਂ, ਚੱਪਲਾਂ ਅਤੇ ਸੈਨੇਟਰੀ ਪੈਡ ਆਦਿ ਸਾਮਾਨ ਵੰਡਿਆ ਗਿਆ। ਇਸਦੇ ਨਾਲ ਹੀ ਅਕਾਲ ਸੇਵਾ ਟੀਮ ਵੱਲੋਂ ਮ੍ਰਿਤਕ ਪਸ਼ੂਆਂ ਨੂੰ ਜੇਸੀਬੀ ਮਸ਼ੀਨਾਂ ਰਾਹੀ ਦਫਨਾਇਆ ਗਿਆ। ਉਨ੍ਹਾਂ ਨੇ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਫਿਰੋਜ਼ਪੁਰ,



ਫਾਜ਼ਲਿਕਾ ਵਿਖੇ ਟਰੱਸਟ ਵੱਲੋਂ ਅਕਾਲ ਅਕੈਡਮੀਆਂ ਵਿੱਚ ਸਥਾਪਤ ਵੇਅਰਹਾਊਸ ਵਿਖੇ ਇਸ ਸਮਾਨ ਦੀ ਸੇਵਾ ਭੇਜਣ ਦੀ ਸੰਗਤਾਂ ਨੂੰ ਅਪੀਲ ਕੀਤੀ। ਇਸ ਤੋਂ ਇਲਾਵਾ ਹੜ੍ਹ ਰਾਹਤ ਸੇਵਾਵਾਂ ਵਿੱਚ ਸ਼ਾਮਿਲ ਟਰੱਸਟ ਦੇ ਸੇਵਾਦਾਰਾਂ ਤੇ ਵਲੰਟੀਅਰ ਨੂੰ ਦੂਜੇ ਫੇਜ ਵਿੱਚ ਸੇਵਾਵਾਂ ਬਾਰੇ ਜਾਣਕਾਰੀ ਦੇ ਦਿੱਤੀ ਹੈ ਅਤੇ ਹੜ੍ਹ ਪੀੜਤ ਪਰਿਵਾਰਾਂ ਦੀ ਸਨਾਖਤ ਕਰਕੇ ਉੱਨਾਂ ਤੱਕ ਜ਼ਰੂਰੀ ਸਹਾਇਤਾ ਪਹੁੰਚ ਜਾਣ ਬਾਰੇ ਵੇਰਵੇ ਇਕੱਤਰ ਕਰਨ ਨੂੰ ਕਿਹਾ ਗਿਆ ਹੈ ਤਾਂ ਜੋ ਇਹ ਸੇਵਾ ਲੋੜਵੰਦ ਤੇ ਹੱਕਦਾਰ ਹੜ੍ਹ ਪੀੜਤਾਂ ਕੋਲ ਸਿੱਧੇ ਤੌਰ ਤੇ ਪਹੁੰਚ ਸਕੇ। ਉਨ੍ਹਾਂ ਦੱਸਿਆ ਉਪਰੋਕਤ ਜ਼ਿਲਿਆਂ ਦੇ ਪਿੰਡਾਂ ਵਿੱਚ ਆਉਣ ਵਾਲੇ ਦਿਨਾਂ ਵਿੱਚ ਮੈਡੀਕਲ ਕੈਂਪ ਵੀ ਲਗਾਏ ਜਾਣਗੇ। ਉਨ੍ਹਾਂ ਦੱਸਿਆ ਹੁਣ ਤੱਕ ਲਗਪਗ 153 ਪਿੰਡਾਂ ਵਿੱਚੋਂ 5500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਦੇਸ਼ ਵਿੱਚ ਜਦੋ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾਂ ਟਰੱਸਟ ਦੀ ਅਕਾਲ ਸੇਵਾ ਟੀਮ ਦੇ ਸਾਰੇ ਮੈਂਬਰ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤੱਤਪਰ ਰਹਿੰਦੇ ਹਨ।

# ਗੁਰਤੇਜ ਸਿੰਘ ਮਾਨ ਜਰਮਨ ਨੂੰ ਸਦਮਾ, ਪਿਤਾ ਦਾ ਦਿਹਾਂਤ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਦੇ ਟੀਮ ਮੈਂਬਰ ਗੁਰਤੇਜ ਸਿੰਘ ਮਾਨ ਜੋ ਇਸ ਵੇਲੇ ਜਰਮਨ ਰਹਿ ਰਹੇ ਹਨ, ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਪਿਤਾ ਸ. ਬਲਕਾਰ ਸਿੰਘ ਮਾਨ ਬਟਾਲਾ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ।ਉਨ੍ਹਾਂ ਨੇ ਪੰਜਾਬ ਪੁਲਸ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਈਆਂ ਤੇ ਬਤੌਰ ਏਐੱਸਆਈ ਰਿਟਾਇਰਡ ਹੋਏ।ਸ਼ਬਦ ਸਾਂਝ ਲਾਇਬ੍ਰੇਰੀ ਦੇ ਸੰਚਾਲਕ ਜਸਦੇਵ ਮਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਗਏ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਨਿਵਾਸ ਅਸਥਾਨ ਗਲੀ ਨੰਬਰ 1 ਨਿਊ ਰਾਧੇ ਰਾਧੇ ਕਾਲੋਨੀ, ਠਠਿਆਰੀ ਗੇਟ ਬਟਾਲਾ ਵਿਖੇ 22 ਸਤੰਬਰ ਨੂੰ ਪਾਏ ਜਾਣਗੇ।ਇਸ ਮੌਕੇ ਪਿੰਡ ਮਾਨ ਸੈਂਡਵਾਲ ਦੇ ਗ੍ਰੰਥੀ ਬਾਬਾ ਬਲਦੇਵ ਸਿੰਘ, ਕਮੇਟੀ ਪ੍ਰਧਾਨ ਸੁਖਜਿੰਦਰ ਸਿੰਘ, ਜਸਪਾਲ ਸਿੰਘ ਸਰਪੰਚ, ਹਰਪਾਲ ਸਿੰਘ ਮੈਂਬਰ, ਭਾਈ ਹਰਦੀਪ ਸਿੰਘ, ਭਿੰਦਰ ਮਾਨ, ਪ੍ਰੇਮ ਸਿੰਘ ਮਾਨ, ਸੁਖਬੀਰ ਸਿੰਘ ਸੰਧੂ, ਸਾਹਿਬ ਸਿੰਘ, ਅਮਰਜੀਤ ਸਿੰਘ, ਕੁਲਦੀਪ ਸਿੰਘ ਮਾਨ, ਸੁਰਜੀਤ ਸਿੰਘ ਆਦਿ ਨੇ ਬਲਕਾਰ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।



# ਦੁਬਈ ਤੋਂ ਡੀਪੋਰਟ ਕੀਤੇ 8 ਨੌਜਵਾਨਾਂ ਨੂੰ ਡਾ. ਉਬਰਾਏ ਨੇ ਘਰੀਂ ਪਹੁੰਚਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਅਰਬ ਦੇਸ਼ਾਂ 'ਚੋਂ ਸੈਂਕੜੇ ਮਾਵਾਂ ਦੇ ਪੁੱਤਾਂ ਨੂੰ ਮੌਤ ਦੇ ਮੂੰਹ ਵਿੱਚੋਂ ਬਚਾ ਕੇ ਹਜ਼ਾਰਾਂ ਘਰ ਉਜੜਨ ਤੋਂ ਬਚਾਉਣ ਵਾਲੇ ਦੁਬਈ ਦੇ ਵੱਡੇ ਦਿਲ ਵਾਲੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਓਬਰਾਏ ਨੇ ਦੁਬਈ ਤੋਂ ਡੀਪੋਰਟ ਕੀਤੇ ਗਏ 8 ਬੇਵੱਸ ਨੌਜਵਾਨਾਂ ਨੂੰ ਆਪਣੇ ਖਰਚੇ ਤੇ ਘਰ ਪੁੱਜਦਾ ਕੀਤਾ।ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ. ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਕਪੂਰਥਲਾ ਜ਼ਿਲ੍ਹੇ ਦੇ ਆਤਮਾ ਸਿੰਘ ਜਦ ਕਿ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਵਿਜੇ ਕੁਮਾਰ, ਹਰਬੰਸ ਲਾਲ, ਗਗਨ ਕੁਮਾਰ ਪੁੱਤਰ ਪਰਮਜੀਤ, ਵਿਜੇ ਕੁਮਾਰ ਪੁੱਤਰ ਬਿੰਦਰ, ਗਗਨ ਕੁਮਾਰ ਪੁੱਤਰ ਬਿੰਦਰ, ਬੱਗਾ ਪ੍ਰਕਾਸ਼ ਤੇ ਅਜੇ ਕੁਮਾਰ ਪੁੱਤਰ ਬਲਵਿੰਦਰ ਕੁਮਾਰ ਨੇ ਉਨ੍ਹਾਂ ਨਾਲ ਟੈਲੀਫੋਨ ਤੇ ਸੰਪਰਕ ਕਰਕੇ ਦੱਸਿਆ ਕਿ ਉਨ੍ਹਾਂ ਦੀ ਕੰਮ ਵਾਲੀ ਕੰਪਨੀ ਵੱਲੋਂ ਉਨ੍ਹਾਂ ਨਾਲ ਧੋਖਾਧੜੀ ਕਰ ਕੇ ਆਰਥਿਕ ਤੇ ਮਾਨਸਿਕ ਸ਼ੋਸ਼ਣ ਕੀਤਾ ਜਾ



ਰਿਹਾ ਹੈ।ਇਸ ਤੋਂ ਬਾਅਦ ਉਕਤ ਨੌਜਵਾਨਾਂ ਵੱਲੋਂ ਕੀਤੀ ਅਪੀਲ ਤੋਂ ਬਾਅਦ ਉਨ੍ਹਾਂ ਨੇ ਇਸ ਸਬੰਧੀ ਬਣਦੀ ਸਲਾਹ ਦਿੱਤੀ ਉੱਥੇ ਹੀ ਡੀਪੋਰਟ ਹੋਣ ਉਪਰੰਤ ਉਕਤ ਸਾਰਿਆਂ ਦੀਆਂ ਦੁਬਈ ਤੋਂ ਅੰਮ੍ਰਿਤਸਰ ਤੱਕ ਹਵਾਈ ਟਿਕਟਾਂ ਲੈ ਕੇ ਦੇਣ ਤੋਂ ਇਲਾਵਾ ਅੱਜ ਅੰਮ੍ਰਿਤਸਰ ਹਵਾਈ ਅੱਡੇ ਤੋਂ ਟਰੱਸਟ ਦੇ ਪ੍ਰਧਾਨ ਸੁਖਦੀਪ ਸਿੰਘ ਸਿੱਧੂ ਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਦੀ ਮੌਜੂਦਗੀ 'ਚ ਰਵਾਨਾ ਕਰਕੇ ਤੇ ਗੱਡੀ ਰਾਹੀਂ ਉਨ੍ਹਾਂ ਦੇ ਘਰਾਂ ਤੱਕ ਪੁੱਜਦਾ ਕੀਤਾ ਗਿਆ ਹੈ।ਡਾ. ਉਬਰਾਏ ਨੇ ਇੱਕ ਵਾਰ ਮੁੜ ਨੌਜਵਾਨਾਂ ਨੂੰ ਸੁਚੇਤ ਕੀਤਾ ਕਿ ਜੇਕਰ ਉਹ ਵਿਦੇਸ਼ ਜਾਣਾ ਚਾਹੁੰਦੇ ਹਨ ਤਾਂ ਉਹ ਏਜੰਟਾਂ ਵੱਲੋਂ ਦੱਸੀ ਜਾਣ ਵਾਲੀ ਕੰਮ ਵਾਲੀ ਕੰਪਨੀ ਤੇ ਵੀਜ਼ੇ ਸਬੰਧੀ ਪੂਰੀ ਜਾਣਕਾਰੀ ਲੈ ਕੇ ਹੀ ਜਾਣ ਤਾਂ ਜੋ ਵਿਦੇਸ਼ ਅੰਦਰ ਬੇਲੋੜੀ ਖੱਜਲ ਖੁਰਾਬੀ ਤੋਂ ਬਚਿਆ ਜਾ ਸਕੇ।

# ਸਿਹਤ ਮੰਤਰੀ ਡਾ: ਸਿੱਧੂ ਤੇ ਧਾਲੀਵਾਲ ਵਿਸ਼ਵ ਮਾਨਵ ਰੂਹਾਨੀ ਕੇਂਦਰ ਵੱਲੋਂ ਲਗਾਏ ਰਾਹਤ ਕੈਂਪ 'ਚ ਪਹੁੰਚੇ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸੰਤ ਬਲਜੀਤ ਸਿੰਘ ਨਵਾਂ ਨਗਰ ਵਾਲਿਆਂ ਦੀ ਸੰਸਥਾ ਵਿਸ਼ਵ ਮਾਨਵ ਰੂਹਾਨੀ ਕੇਂਦਰ ਪੰਚਕੂਲਾ ਵੱਲੋਂ ਹਲਕਾ ਅਜਨਾਲਾ ਦੇ ਹੜ੍ਹ ਪ੍ਰਭਾਵਿਤ ਖ਼ੇਤਰ ਗੁਰਦਵਾਰਾ ਸਮਾਧ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।ਇਸ ਕੈਂਪ ਵਿਖੇ ਸਿਹਤ ਮੰਤਰੀ ਪੰਜਾਬ ਡਾ: ਬਲਬੀਰ ਸਿੰਘ ਸਿੱਧੂ ਅਤੇ ਹਲਕਾ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਅਤੇ ਸਾਬਕਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਸਮੇਂ ਉਨ੍ਹਾਂ ਸੰਤਾਂ ਵੱਲੋਂ ਪੰਜਾਬ ਅੰਦਰ ਲਗਾਏ ਗਏ ਸਾਰੇ ਮੈਡੀਕਲ ਕੈਂਪਾਂ ਦੀ ਸ਼ਲਾਘਾ ਕਰਦਿਆਂ ਡਾਕਟਰਾਂ ਤੋਂ ਲੋਕਾਂ ਦੀ ਸਿਹਤ ਬਾਰੇ ਜਾਣਕਾਰੀ ਲਈ ਅਤੇ ਦਵਾਈਆਂ ਚੈੱਕ ਕਰਨ ਤੋਂ ਇਲਾਵਾ ਮਰੀਜ਼ਾਂ ਨਾਲ ਵੀ ਗੱਲਬਾਤ ਕੀਤੀ।ਇਸ ਮੌਕੇ ਸੁਖਜਿੰਦਰ ਪਾਲ ਸਿੰਘ ਨੇ ਸੰਸਥਾ ਦੁਆਰਾ ਕੀਤੇ ਜਾ ਰਹੇ ਮਾਨਵ ਭਲਾਈ ਦੇ ਕੰਮਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਭਾਵਿਤ ਪਿੰਡਾਂ ਵਿੱਚ ਵਿਸ਼ਾਲ ਸਫਾਈ ਅਭਿਆਨ ਚਲਾਇਆ ਗਿਆ ਹੈ ਅਤੇ ਮਰੇ ਪਸ਼ੂਆਂ ਨੂੰ ਜੇਸੀਬੀ ਅਤੇ ਟਰਾਲੀਆਂ ਦੀ ਸਹਾਇਤਾ ਨਾਲ ਕੱਢ ਕੇ ਸੁਰੱਖਿਅਤ ਤਰੀਕੇ ਨਾਲ ਦਬਾਇਆ ਗਿਆ।100 ਨਵੇਂ ਸਪਰੇ ਪੰਪ ਵੰਡਣ ਦੇ ਨਾਲ ਨਾਲ ਮੱਛਰ ਮਾਰਨ ਵਾਲੀ ਮਸ਼ੀਨ ਨਾਲ ਐਂਟੀ ਲਾਰਵਾ ਸਪਰੇਅ ਵੀ ਕਰਵਾਈ ਜਾ ਰਹੀ ਹੈ।5 ਲੱਖ ਕਲੋਰੀਨ ਦੀਆਂ ਗੋਲੀਆਂ ਪਾਣੀ ਸ਼ੁੱਧ ਕਰਨ ਲਈ ਵੰਡੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਇਸ ਕੈਂਪ ਤੋਂ ਇਲਾਵਾ ਕਪੂਰਥਲਾ, ਹੁਸੈਨੀਵਾਲਾ , ਅਜਨਾਲਾ ਅਤੇ ਗੁਰਦਾਸਪੁਰ ਵਿੱਚ ਚਲਦੇ ਰਾਹਤ ਕੈਂਪ ਅਤੇ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਦਵਾਈਆਂ ਅਤੇ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ



ਹੈ।ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਖਾਣ-ਪੀਣ, ਕੱਪੜੇ, ਦਵਾਈਆਂ ਲਗਾਤਾਰ ਵੰਡੇ ਜਾ ਰਹੇ ਹਨ।ਸੰਤ ਬਲਜੀਤ ਸਿੰਘ ਵੱਲੋਂ ਪੰਜਾਬ ਵਿੱਚ 5 ਮੈਡੀਕਲ ਕੈਂਪਾਂ ਤੋਂ ਇਲਾਵਾ ਆਪਣੀਆਂ ਅਤੀ ਆਧੁਨਿਕ ਉਪਕਰਨਾਂ ਨਾਲ ਲੈਸ ਐਂਬੂਲੈਂਸਾਂ ਵੀ ਹੜ ਪ੍ਰਭਾਵਿਤ ਇਲਾਕਿਆਂ ਵਿੱਚ ਤਾਇਨਾਤ ਕੀਤੀਆਂ ਹੋਈਆਂ ਹਨ ਜੋ ਘਰ-ਘਰ ਜਾ ਕੇ ਦਿਨ ਰਾਤ ਲੋਕਾਂ ਦੀ ਸੇਵਾ ਕਰ ਰਹੀਆਂ ਹਨ।ਇਸ ਮੌਕੇ ਡਾ: ਲਵਜੀਤ ਸਿੰਘ ਤੋਂ ਇਲਾਵਾ ਸੰਸਥਾ ਦੇ ਅੰਮ੍ਰਿਤਸਰ ਜ਼ੋਨ ਪ੍ਰਧਾਨ ਡਾ: ਕੁਲਵਿੰਦਰ ਸਿੰਘ, ਫਾਰਮਾਸਿਸਟ ਸੂਰਤ ਸਿੰਘ ਚੇਤਨਪੁਰਾ, ਅਮਨਦੀਪ ਸਿੰਘ ਕੰਦੋਵਾਲੀ, ਸੁਖਜਿੰਦਰ ਪਾਲ ਸਿੰਘ ਲਾਡੀ ਜਗਦੇਵ ਕਲਾਂ, ਕਿਰਪਾਲ ਸਿੰਘ ਸੈਂਸਰਾ, ਬਲਜੀਤ ਸਿੰਘ ਕਿਆਮਪੁਰ, ਸੁਖਵਿੰਦਰ ਸਿੰਘ ਬੱਲ ਕਲਾਂ ਅਤੇ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਬੇਕਾਬੂ ਕਾਰ ਦਰੱਖਤਾਂ ਨਾਲ ਟਕਰਾਈ, ਕਾਰ ਚਾਲਕ ਵਾਲ-ਵਾਲ ਬਚਿਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਿਵਲ ਲਾਈਨ ਚੌਕ ਕਾਦੀਆਂ ਵਿਖੇ ਬੀਤੀ ਦੇਰ ਰਾਤ ਕਾਰ ਦੇ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਦਰੱਖਤਾਂ ਵਿੱਚ ਜਾ ਟਕਰਾਉਣ ਅਤੇ ਕਾਰ ਚਾਲਕ ਦੇ ਵਾਲ-ਵਾਲ ਬਚਣ ਦਾ ਸਮਾਚਾਰ ਮਿਲਿਆ ਹੈ ।



ਪ੍ਰਾਪਤ ਜਾਣਕਾਰੀ ਅਨੁਸਾਰ ਕਾਹਲਵਾਂ ਵਾਲੀ ਸਾਈਡ ਤੋਂ ਆ ਰਹੀ ਕਾਰ ਜਦੋਂ ਸਿਵਲ ਲਾਈਨ ਚੌਕ ਵਿਖੇ ਪਹੁੰਚੀ ਤਾਂ ਸਾਹਮਣੇ ਤੋਂ ਆ ਰਹੇ ਇੱਕ ਵਾਹਨ ਨੂੰ ਬਚਾਉਂਦੇ ਹੋਏ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਲੱਗੇ ਦਰੱਖਤਾਂ ਨਾਲ ਜਾ ਟਕਰਾਈ ਜਿਸ ਦੌਰਾਨ ਕਾਰ ਦਾ ਅਗਲਾ ਸ਼ੀਸ਼ਾ ਅਤੇ ਅਗਲਾ ਹਿੱਸਾ ਬੁਰੀ ਤਰ੍ਹਾਂ ਚਕਨਾਚੂਰ ਹੋ ਗਿਆ। ਇਸ ਹਾਦਸੇ ਦੌਰਾਨ ਕਾਰ ਵਿੱਚ ਸਵਾਰ ਵਿਅਕਤੀ ਵਾਲ-ਵਾਲ ਬਚ ਗਏ ਜਿਸ ਤੋਂ ਬਾਅਦ ਕਾਰ ਦੇ ਮਾਲਕਾਂ ਨੇ ਅਗਲੇ ਦਿਨ ਸਵੇਰੇ ਹਾਈਡਰਾ ਮਸ਼ੀਨ ਦੀ ਮਦਦ ਨਾਲ ਕਾਰ ਨੂੰ ਦਰੱਖਤਾਂ ਵਿੱਚੋਂ ਬਾਹਰ ਕੱਢਿਆ।ਇਕੱਤਰ ਕੀਤੀ ਜਾਣਕਾਰੀ ਅਨੁਸਾਰ ਕਾਰ ਦਾ ਭਾਰੀ ਨੁਕਸਾਨ ਹੋਇਆ ਪਰ ਜਾਨੀ ਨੁਕਸਾਨ ਤੋਂ ਬਚਾ ਰਿਹਾ।

# ਸਹਿਯੋਗ ਫਾਊਂਡੇਸ਼ਨ (ਰਜਿ.) ਬਟਾਲਾ ਦੇ ਪਰਿਵਾਰ 'ਚ ਵਾਧਾ

ਬਟਾਲਾ (ਤਰਲੋਕ ਬੱਗਾ)-ਸਹਿਯੋਗ ਫਾਊਂਡੇਸ਼ਨ ਰਜਿ: ਬਟਾਲਾ ਦੀ ਇੱਕ ਵਿਸ਼ੇਸ਼ ਬੈਠਕ ਪ੍ਰਧਾਨ ਵਿਜੇ ਸ਼ਰਮਾ ਫੌਜੀ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਸੰਗਠਨ ਦੇ ਸਰਪ੍ਰਸਤ ਗੱਦੀਨਸ਼ੀਨ ਭਗਤ ਕੁਨਾਲ ਪਹੁੰਚੇ ਜਿਨ੍ਹਾਂ ਦਾ ਪ੍ਰਧਾਨ ਵਿਜੇ ਸ਼ਰਮਾ ਫੌਜੀ ਤੇ



ਜਨਰਲ ਸਕੱਤਰ ਰੰਜਨ ਮਲਹੋਤਰਾ ਵੱਲੋਂ ਦੁਸ਼ਾਲਾ ਭੇਟ ਕਰ ਕੇ ਮਾਣ ਸਨਮਾਨ ਕੀਤਾ ਗਿਆ।ਬੈਠਕ ਦਾ ਮੁੱਖ ਉਦੇਸ਼ ਸ਼ਹਿਰ ਵਿਚ ਸਾਰਿਆਂ ਦੇ ਸਹਿਯੋਗ ਨਾਲ ਅਤੇ ਸੰਗਠਨ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਕੀਤੇ ਜਾਣ ਵਾਲੇ ਕੰਮਾਂ ਬਾਰੇ ਵਿਚਾਰ ਵਟਾਂਦਰਾ ਕਰਨਾ ਸੀ।ਹਾਜ਼ਰ ਸਾਥੀਆਂ ਨੇ ਸਹਿਯੋਗ ਫਾਊਂਡੇਸ਼ਨ ਬਟਾਲਾ ਸੰਗਠਨ ਵੱਲੋਂ ਧਾਰਮਿਕ ਅਤੇ ਸਮਾਜਿਕ ਕੰਮਾਂ ਨੂੰ ਕਰਨ 'ਤੇ ਜ਼ੋਰ ਦਿੱਤਾ।ਇਸ ਬੈਠਕ ਵਿਚ ਸਰਬਸੰਮਤੀ ਨਾਲ ਸਹਿਯੋਗ ਫਾਊਂਡੇਸ਼ਨ ਬਟਾਲਾ ਦੇ ਪਰਿਵਾਰ 'ਚ ਵਾਧਾ ਕਰਦੇ ਹੋਏ ਦੀਪ ਬਟਾਲਾ ਨੂੰ ਸੰਗਠਨ ਦਾ ਉਪ ਪ੍ਰਧਾਨ, ਪੰਡਿਤ ਵਿਸ਼ਾਲ ਨੂੰ ਸਕੱਤਰ ਅਤੇ ਐਡਵੋਕੇਟ ਦੀਪਕ ਸ਼ਰਮਾ ਕਾਨੂੰਨੀ ਸਲਾਹਕਾਰ ਦੇ ਤੌਰ 'ਤੇ ਨਿਯੁਕਤ ਕੀਤਾ ਗਏ।

ਪ੍ਰਧਾਨ ਵਿਜੇ ਸ਼ਰਮਾ ਫੌਜੀ ਨੇ ਆਪਣੀ ਟੀਮ ਵਿੱਚ ਹੋਰ ਨਿਯੁਕਤੀਆਂ ਕਰਦੇ ਹੋਏ ਰਵਿੰਦਰ ਸਿੰਘ ਬਾਜਵਾ, ਦੀਪਕ, ਵਿਕਾਸ ਮਹਿਤਾ, ਅਭਿਨਵ ਸਲਹੋਤਰਾ ਨੂੰ ਸਕੱਤਰ ਅਤੇ ਸੰਜੀਵ ਮਹਾਜਨ, ਰਾਜਨ, ਰੋਹਿਤ, ਨਿਸ਼ਾਨ ਆਦਿ ਨੂੰ ਮੈਂਬਰ ਚੁਣਿਆ।ਇਨ੍ਹਾਂ ਸਾਰੇ ਚੁਣੇ ਹੋਏ ਅਹੁਦੇਦਾਰਾਂ ਨੂੰ ਸਿਰੋਪੇ ਪਾ ਕੇ ਮਾਣ ਸਨਮਾਨ ਦਿੱਤਾ।

# ਮਾਸਟਰ ਕੇਡਰ ਤੋਂ ਪ੍ਰਮੋਟ ਹੋਏ ਲੈਕਚਰਾਰਾਂ ਨੂੰ ਜਲਦੀ ਸਟੇਸ਼ਨ ਅਲਾਟ ਕਰਨ ਦੀ ਮੰਗ

ਫ਼ਤਿਹਗੜ੍ਹ ਚੂੜੀਆਂ (ਜਸਦੇਵ ਮਾਨ)-ਮਾਸਟਰ ਕੇਡਰ ਯੂਨੀਅਨ ਗੁਰਦਾਸਪੁਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਇੰਦਰਪਾਲ ਸਿੰਘ ਘਈ ਅਤੇ ਜਨਰਲ ਸਕੱਤਰ ਅਮਰਬੀਰ ਸਿੰਘ ਰੰਧਾਵਾ ਮੁਰੀਦਕੇ ਦੀ ਅਗਵਾਈ ਵਿੱਚ ਹੋਈ।ਮੀਟਿੰਗ ਵਿੱਚ ਸਿੱਖਿਆ ਵਿਭਾਗ ਵੱਲੋਂ ਲੱਗਭਗ ਇੱਕ ਮਹੀਨਾ ਪਹਿਲਾਂ ਵੱਖ-ਵੱਖ ਵਿਸ਼ਿਆਂ ਵਿੱਚ ਲਗਭਗ 1150 ਅਧਿਆਪਕਾਂ ਨੂੰ ਮਾਸਟਰ ਕੇਡਰ ਤੋਂ ਲੈਕਚਰਾਰ ਦੀ ਪ੍ਰਮੋਸ਼ਨ ਸਬੰਧੀ ਲਿਸਟਾਂ ਜਾਰੀ ਕੀਤੀਆਂ ਗਈਆਂ ਸਨ।ਪ੍ਰਮੋਟ ਹੋਏ ਅਧਿਆਪਕਾਂ ਵੱਲੋਂ ਸਬੰਧਿਤ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਆਪਣੀ ਹਾਜ਼ਰੀ ਬਤੌਰ ਲੈਕਚਰ ਦਿੱਤੀ ਜਾ ਚੁੱਕੀ ਹੈ।ਪ੍ਰੰਤੂ ਲੰਮਾ ਸਮਾਂ ਬੀਤਣ ਉਪਰੰਤ ਅਜੇ ਤੱਕ ਇਨ੍ਹਾਂ ਨੂੰ ਸਟੇਸ਼ਨ ਅਲਾਟ ਨਹੀਂ ਕੀਤੇ ਗਏ, ਜਿਸ ਕਾਰਨ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤਾਂ ਦੀ ਪੜ੍ਹਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ।ਪ੍ਰਮੋਸ਼ਨ ਅਧੀਨ ਅਧਿਆਪਕਾਂ ਨੂੰ ਸਟੇਸ਼ਨ ਚੋਣ ਨਾ ਕਰਵਾਏ ਜਾਣ ਕਾਰਨ ਮਾਨਸਿਕ ਤੌਰ ਤੇ ਦਬਾਅ ਪੈ ਰਿਹਾ ਹੈ।ਮਾਸਟਰ ਕੇਡਰ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਗੂਆਂ ਜ਼ਿਲ੍ਹਾ ਪ੍ਰਧਾਨ ਇੰਦਰਪਾਲ ਸਿੰਘ ਘਈ, ਜਨਰਲ ਸਕੱਤਰ ਅਮਰਬੀਰ ਸਿੰਘ ਰੰਧਾਵਾ ਮੁਰੀਦਕੇ, ਬਲਾਕ ਪ੍ਰਧਾਨ ਨਵਜੋਤ ਸਿੰਘ ਰੰਧਾਵਾ, ਬਲਾਕ ਪ੍ਰਧਾਨ ਪਰਵਿੰਦਰ ਸਿੰਘ, ਜੋਗਿੰਦਰ ਪਾਲ, ਸ਼ਮਸ਼ੇਰ ਸਿੰਘ ਰੰਧਾਵਾ, ਰਜਿੰਦਰ ਸਿੰਘ, ਬਿਕਰਮ ਬਾਠ, ਸੁਖਦੇਵ ਸਿੰਘ, ਕੰਵਰਬੀਰ ਸਿੰਘ ਆਦਿ ਆਗੂਆਂ ਨੇ ਮੰਗ ਕੀਤੀ ਕਿ ਇਨ੍ਹਾਂ ਅਧਿਆਪਕਾਂ ਨੂੰ ਜਲਦੀ ਪਾਰਦਰਸ਼ੀ ਢੰਗ ਨਾਲ ਸਟੇਸ਼ਨਾਂ ਦੀ ਚੋਣ ਕਰਵਾਈ ਜਾਵੇ ਅਤੇ ਸਟੇਸ਼ਨ ਚੋਣ ਸਮੇਂ ਸਾਰੇ ਵਿਸ਼ਿਆਂ ਦੀਆਂ ਖਾਲੀ ਅਸਾਮੀਆਂ ਦਿਖਾਈਆਂ ਜਾਣ ਤਾਂ ਜੋ ਜਲਦ ਤੋਂ ਜਲਦ ਇਨ੍ਹਾਂ ਅਧਿਆਪਕਾਂ ਨੂੰ ਬਤੌਰ ਲੈਕਚਰਾਰ ਤਰੱਕੀ ਮਿਲ ਸਕੇ।



# ਸਮਾਧ ਬਾਬਾ ਬੁੱਢਾ ਸਾਹਿਬ ਰਮਦਾਸ ਤੇ ਪਿੰਡ ਜੱਸੜ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਕਾਰ ਸੇਵਾ ਦਿੱਲੀ ਵਾਲੇ ਮਹਾਂਪੁਰਸ਼ ਬਾਬਾ ਹਰਬੰਸ ਸਿੰਘ, ਬਾਬਾ ਕਰਨੈਲ ਸਿੰਘ ਅਤੇ ਬਾਬਾ ਫੌਜਾ ਸਿੰਘ ਵੱਲੋਂ ਚਲਾਈ ਜਾ ਰਹੀ ਸੰਪਰਦਾ ਹੇਠ ਗੁਰਦੁਆਰਾ ਨਾਨਕ ਮਤਾ (ਯੂ. ਪੀ.) ਦੇ ਮੁੱਖ ਸੇਵਾਦਾਰ ਬਾਬਾ ਰਵਿੰਦਰ ਸਿੰਘ ਦੀ ਅਗਵਾਈ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਇਲਾਕੇ ਸਮਾਧ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਅਤੇ ਪਿੰਡ ਜੱਸੜ ਵਿਖੇ ਸਪੈਸ਼ਲਿਸਟ ਡਾ: ਹਰਮੀਤ ਸਿੰਘ ਰਿਹਾਨ, ਡਾ: ਸੰਜੇ ਕੁਮਾਰ ਅਤੇ ਡਾ: ਰਾਜ ਕੌਰ ਦਿੱਲੀ ਵਾਲਿਆਂ ਦੀ ਸਪੈਸ਼ਲ ਟੀਮ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ।ਕੈਂਪ ਸਮੇਂ ਲੋੜਵੰਦ ਮਰੀਜ਼ਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਟੈਸਟ ਕੀਤੇ ਗਏ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਕੈਂਪ ਵਿੱਚ ਪਹੁੰਚ ਕੇ ਬਾਬਾ ਜੀ ਵੱਲੋਂ ਕੀਤੀ ਜਾ ਰਹੀ ਸੇਵਾ ਦੀ ਪ੍ਰਸੰਸਾ ਕੀਤੀ ਗਈ।

ਇਸ ਮੌਕੇ ਮਾਸਟਰ ਅਮਰੀਕ ਸਿੰਘ, ਜੋਧ ਸਿੰਘ ਸਮਰਾ, ਮੈਨੇਜਰ ਪ੍ਰਗਟ ਸਿੰਘ, ਜਸਮੇਰ ਸਿੰਘ ਫੌਜੀ ਜੱਸੜ, ਡਾ: ਬਲਵਿੰਦਰ ਸਿੰਘ ਜੱਸੜ, ਹਰਜਿੰਦਰ ਸਿੰਘ ਫੌਜੀ, ਸਲਵੰਤ ਸਿੰਘ ਪ੍ਰਧਾਨ, ਸੁਖਦੇਵ ਸਿੰਘ ਮੈਂਬਰ, ਜੱਜਬੀਰ ਸਿੰਘ, ਰੇਸ਼ਮ ਸਿੰਘ, ਬਲਦੇਵ ਸਿੰਘ ਮੈਂਬਰ, ਰਮਨਦੀਪ ਸਿੰਘ ਮੈਂਬਰ, ਡਾ: ਅਨਿਲ ਕੁਮਾਰ, ਹਰਪ੍ਰੀਤ ਸਿੰਘ, ਦਿਲਬਾਗ ਸਿੰਘ, ਗੁਰਵਿੰਦਰ ਸਿੰਘ, ਚਰਨਜੀਤ ਸਿੰਘ ਆਦਿ ਹਾਜ਼ਰ ਸਨ।

# ਡੀ ਆਈ ਜੀ ਨੇ ਸਰਹੱਦ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਬੀ ਐੱਸ ਐੱਫ ਖੇਤਰਾਂ ਦਾ ਕੀਤਾ ਦੌਰਾ

ਗੁਰਦਾਸਪੁਰ, (ਜਨਕ ਮਹਾਜਨ)-ਸ੍ਰੀ ਜਸਵਿੰਦਰ ਕੁਮਾਰ ਬਿਰਦੀ ਡੀਆਈਜੀ., ਐੱਸਐੱਚਕਿਊ ਬੀਐੱਸਐੱਫ., ਗੁਰਦਾਸਪੁਰ ਨੇ ਕਮਲ ਯਾਦਵ, ਕਮਾਂਡੈਂਟ 58 ਬਟਾਲੀਅਨ ਬੀਐੱਸਐੱਫ, ਸੁਸ਼ੀਲ ਕੁਮਾਰ (ਡੀ.ਸੀ./ ਐਡਜੂਟੈਂਟ), ਸੁਮਿਤ ਜੈਸਵਾਲ (ਏ.ਈ./ਸਿਵਲ) ਅਤੇ ਰਾਜੇਸ਼ ਕੁਮਾਰ ਅਹਿਰਵਾਰ (ਏ.ਸੀ./ਇਲੈਕਟ੍ਰਿਕ) ਦੇ ਨਾਲ ਮਿਲ ਕੇ ਹੜ੍ਹ ਪ੍ਰਭਾਵਿਤ ਬੀਓਪੀ ਠਾਕੁਰਪੁਰ, ਨਿੱਕਾ ਅਤੇ ਭਰਿਆਲ ਲੱਸੀਆਂ ਦਾ ਦੌਰਾ ਕੀਤਾ।



ਦੌਰੇ ਦੌਰਾਨ ਵੱਖ-ਵੱਖ ਆਵਾਜਾਈ ਦੇ ਸਾਧਨਾਂ ਜਿਵੇਂ ਟਰੈਕਟਰ, ਕਿਸ਼ਤੀ ਅਤੇ ਪੈਦਲ ਰਾਹੀਂ ਪ੍ਰਭਾਵਿਤ ਖੇਤਰਾਂ ਦਾ ਨਿਰੀਖਣ ਕੀਤਾ ਗਿਆ।

58 ਬਟਾਲੀਅਨ ਖੇਤਰ ਦੀ ਪੂਰੀ ਰੇਕੀ ਕਰਨ ਤੋਂ ਬਾਅਦ, ਡੀਆਈਜੀ ਨੇ ਬਾਰਡਰ 'ਤੇ ਤੈਨਾਤ ਜਵਾਨਾਂ ਨਾਲ ਗੱਲਬਾਤ ਕੀਤੀ ਅਤੇ ਹੜ੍ਹ ਨਾਲ ਹੋਏ ਨੁਕਸਾਨ ਦਾ ਮੌਕੇ 'ਤੇ ਜਾਇਜ਼ਾ ਲਿਆ।ਡੀਆਈਜੀ ਨੇ ਪ੍ਰਭਾਵਿਤ ਖੇਤਰਾਂ ਵਿੱਚ ਤੈਨਾਤ ਜਵਾਨਾਂ ਦੀ ਹਿੰਮਤ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ।

ਉਨ੍ਹਾਂ ਨੇ ਸੰਚਾਰ ਸਾਧਨਾਂ, ਬੁਨਿਆਦੀ ਢਾਂਚੇ ਅਤੇ ਜ਼ਰੂਰੀ ਸਪਲਾਈਜ਼ ਨੂੰ ਹੋਏ ਨੁਕਸਾਨ ਦੀ ਵੀ ਜਾਂਚ ਕੀਤੀ।

ਡੀਆਈਜੀ ਨੇ ਬੀਐੱਸਐੱਫ ਦੀ ਇਸ ਵਚਨਬੱਧਤਾ ਨੂੰ ਦੁਹਰਾਇਆ ਕਿ ਫੋਰਸ ਬਾਰਡਰ ਸੁਰੱਖਿਆ ਦੇ ਨਾਲ-ਨਾਲ ਸਥਾਨਕ ਜਨਤਾ ਦੀ ਸਹਾਇਤਾ ਲਈ ਵੀ ਹਮੇਸ਼ਾ ਤਤਪਰ ਰਹੇਗੀ।

# ਬਲਾਕ ਚੋਹਲਾ ਸਾਹਿਬ ਦੀ ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ

ਚੋਹਲਾ ਸਾਹਿਬ (ਰਮਨ ਚੱਢਾ)-ਬਲਾਕ ਚੋਹਲਾ ਸਾਹਿਬ ਦੀ ਪੈਨਸ਼ਨਰ ਐਂਡ ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਕੱਲ੍ਹਾ ਦੀ ਯੋਗ ਰਹਿਨੁਮਾਈ ਹੇਠ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਸਤਪਾਲ ਸ਼ਰਮਾ ਅਤੇ ਤਹਿਸੀਲ ਪੱਟੀ ਦੇ ਜਗਤਾਰ ਸਿੰਘ ਆਸਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਸਮੇਂ ਸਰਬਸੰਮਤੀ ਨਾਲ ਮਾਸਟਰ ਦਲਬੀਰ ਸਿੰਘ ਚੰਬਾ ਨੂੰ ਬਲਾਕ ਚੋਹਲਾ ਸਾਹਿਬ ਦਾ ਪ੍ਰਧਾਨ ਚੁਣਿਆ ਗਿਆ ਅਤੇ ਇਸਦੇ ਨਾਲ ਮਾਸਟਰ ਗੁਰਨਾਮ ਸਿੰਘ ਧੁੰਨ ਨੂੰ ਸਰਪਰਸਤ, ਗਿਆਨ ਸਿੰਘ ਮੋਹਨਪੁਰਾ ਨੂੰ ਚੇਅਰਮੈਨ, ਹਰਭੇਜ ਸਿੰਘ ਕੰਬੋ ਢਾਏ ਵਾਲਾ ਨੂੰ ਜਨਰਲ ਸਕੱਤਰ, ਮਾਸਟਰ ਸੁਰਜੀਤ ਸਿੰਘ ਸਹਾਇਕ ਸਕੱਤਰ, ਸੁਖਦੇਵ ਸਿੰਘ ਮਰਹਾਣਾ ਮੀਤ ਪ੍ਰਧਾਨ, ਜਗਤਾਰ ਸਿੰਘ ਚੰਬਾ ਖਜਾਨਚੀ, ਮਾਸਟਰ ਬਲਬੀਰ ਸਿੰਘ ਪ੍ਰੈੱਸ ਸਕੱਤਰ ਚੁਣਿਆ ਗਿਆ। ਇਸ ਸਮੇਂ ਸਤਪਾਲ ਸਿੰਘ ਸ਼ਰਮਾ ਅਤੇ ਜਗਤਾਰ ਸਿੰਘ ਆਸਲ ਨੇ ਸਾਂਝੇ ਰੂਪ ਵਿੱਚ ਬੋਲਦਿਆਂ ਕਿਹਾ ਕਿ ਜਥੇਬੰਦੀ ਕਿਸੇ ਇੱਕ ਇਨਸਾਨ ਦੀ ਜੱਦੀ ਜਾਇਦਾਦ ਨਹੀਂ ਹੁੰਦੀ, ਜਥੇਬੰਦੀਆਂ ਹਮੇਸ਼ਾ ਲੋਕਾਂ ਦੇ ਸਮੂਹ ਨੂੰ



ਧਿਆਨ ਵਿੱਚ ਰੱਖਕ ਕੇ ਕੰਮ ਕਰਦੀਆਂ ਹਨ। ਜਥੇਬੰਦੀ ਦੇ ਹਰੇਕ ਨੁਮਾਇੰਦੇ ਦਾ ਫਰਜ਼ ਬਣਦਾ ਹੈ ਕਿ ਜਥੇਬੰਦੀ ਦਾ ਕੰਮ ਅਤੇ ਫੰਡਾਂ ਦਾ ਕੰਮ ਕਰਕੇ ਹਰੇਕ ਮੈਂਬਰ ਤੱਕ ਪਾਰਦਰਸ਼ੀ ਢੰਗ ਨਾਲ ਪਹੁੰਚਾਇਆ ਜਾਵੇ। ਇਸ ਸਮੇਂ ਮਾਸਟਰ ਅਵਤਾਰ ਸਿੰਘ ਸੰਗਤਪੁਰਾ, ਮਾਸਟਰ ਅਵਤਾਰ ਸਿੰਘ ਚੋਹਲਾ ਸਾਹਿਬ, ਗੁਰਮੇਲ ਸਿੰਘ ਚੋਹਲਾ ਸਾਹਿਬ, ਲਖਬੀਰ ਸਿੰਘ ਰੂੜੀਵਾਲਾ, ਕੇਵਲ ਸਿੰਘ ਚੰਬਾ ਕਲਾਂ, ਮਾਸਟਰ ਭੁਪਿੰਦਰ ਸਿੰਘ ਗੰਡੀਵਿੰਡ, ਮਾਸਟਰ ਕਸ਼ਮੀਰ ਸਿੰਘ ਚੋਹਲਾ ਸਾਹਿਬ ਆਦਿ ਹਾਜ਼ਰ ਸਨ।

# ਲੋਕਾਂ ਨੂੰ ਘਰ-ਘਰ ਜਾ ਕੇ ਕਲੋਰੀਨ ਦੀਆਂ ਗੋਲੀਆਂ ਤੇ ਮੁਫਤ ਦਵਾਈਆਂ ਵੰਡੀਆਂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਸਰਕਾਰ ਤੇ ਸਿਹਤ ਵਿਭਾਗ ਪੰਜਾਬ ਵੱਲੋ ਸਿਹਤ ਸਹੂਲਤਾਂ ਪਹੁੰਚਾਉਣ ਦੇ ਤਹਿਤ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਮੈਡੀਕਲ ਅਫਸਰ ਕਾਦੀਆਂ ਡਾ. ਸ਼ੁਭਨੀਤ ਕੁਮਾਰ



ਦੀ ਅਗਵਾਈ ਹੇਠ ਪਿੰਡ ਔਲਖ ਵਿਖੇ ਘਰ ਘਰ ਜਾ ਕੇ ਲੋਕਾਂ ਨੂੰ ਮੁਫਤ ਦਵਾਈਆਂ ਅਤੇ ਕਲੋਰੀਨ ਦੀਆਂ ਗੋਲੀਆਂ ਵੰਡੀਆਂ ਗਈਆਂ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਿਹਤ ਵਿਭਾਗ ਦੇ ਕਰਮਚਾਰੀਆਂ ਨੇ ਦੱਸਿਆ ਕਿ ਪਾਣੀ ਨੂੰ ਸਾਫ ਕਰਨ ਦੇ ਲਈ ਲੋਕਾਂ ਨੂੰ ਕਲੋਰੀਨ ਦੀਆਂ ਗੋਲੀਆਂ ਦਿੱਤੀਆਂ ਗਈਆਂ ਅਤੇ ਨਾਲ ਹੀ ਸਿਹਤ ਪੱਖੋਂ ਹਰ ਤਰ੍ਹਾਂ ਦੀਆਂ ਮੈਡੀਕਲ ਸਹੂਲਤਾਂ ਅਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ ਅਤੇ ਨਾਲ ਹੀ ਉਨ੍ਹਾਂ ਨੇ ਲੋਕਾਂ ਨੂੰ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਵੀ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਹੈ ਜਾਂ ਬਿਮਾਰੀ ਹੈ ਤਾਂ ਉਹ ਆਪਣੇ ਨਜ਼ਦੀਕੀ ਸਿਹਤ ਸੈਂਟਰ ਵਿੱਚ ਜਾ ਕੇ ਆਪਣਾ ਟੈਸਟ ਜ਼ਰੂਰ ਕਰਵਾਉਣ ਕਿਉਂਕਿ ਸਰਕਾਰੀ ਹਸਪਤਾਲਾਂ ਵਿੱਚ ਟੈਸਟ ਮੁਫਤ ਹੁੰਦੇ ਹਨ।ਇਸ ਮੌਕੇ ਹੈਲਥ ਇੰਸਪੈਕਟਰ ਸਰਵਣ ਸਿੰਘ, ਕੁਲਦੀਪ ਕੁਮਾਰ, ਲਖਬੀਰ ਸਿੰਘ ਤੇ ਪੰਮਾ ਆਦਿ ਹਾਜ਼ਰ ਸਨ।

# ਸਿਖਿਆਰਥਣਾਂ ਨੂੰ ਸਰਟੀਫਿਕੇਟ ਅਤੇ ਮੁਫਤ ਸਿਲਾਈ ਮਸ਼ੀਨਾਂ ਵੰਡੀਆਂ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸ਼ਨਲ ਸੋਸਾਇਟੀ, ਗੁਰਦਾਸਪੁਰ ਵੱਲੋਂ ਲੜਕੀਆਂ ਨੂੰ ਆਤਮਨਿਰਭਰ ਬਣਾਉਣ ਲਈ ਇੱਕ ਮਹੱਤਵਪੂਰਨ ਉਪਰਾਲਾ ਚਲਾਇਆ ਗਿਆ।ਪਿੰਡ ਬਾਲਾ ਪਿੰਡੀ ਵਿਖੇ ਛੇ ਮਹੀਨੇ ਦੇ ਕਟਿੰਗ ਐਂਡ ਟੇਲਰਿੰਗ ਕੋਰਸ ਦੇ ਸਮਾਪਤੀ ਸਮਾਰੋਹ ਵਿੱਚ ਵਿਦਿਆਰਥੀਆਂ ਨੂੰ ਮੁਫ਼ਤ ਸਿਲਾਈ ਮਸ਼ੀਨਾਂ ਅਤੇ ਪ੍ਰਮਾਣ ਪੱਤਰ ਵੰਡੇ ਗਏ।ਸਮਾਗਮ 'ਚ ਮੁੱਖ ਮਹਿਮਾਨ ਗਿਆਨ ਸਵਰੂਪ, ਮੈਨੇਜਰ ਇੰਡੀਆਨ ਬੈਂਕ ਗੁਰਦਾਸਪੁਰ ਨੇ ਸ਼ਿਕਰਤ ਕੀਤੀ।ਉਨ੍ਹਾਂ ਨੇ ਕਿਹਾ ਕਿ ਵਧਦੀ ਬੇਰੋਜ਼ਗਾਰੀ ਦੇ ਇਸ ਦੌਰ ਵਿੱਚ ਲੜਕੀਆਂ ਨੂੰ ਆਤਮਨਿਰਭਰ ਬਣਾਉਣ ਦਾ ਇਹ ਉਪਰਾਲਾ ਬਹੁਤ ਹੀ ਉਤਸ਼ਾਹਜਨਕ ਹੈ।

ਇਸ ਨਾਲ ਲੜਕੀਆਂ ਆਪਣੇ ਘਰ 'ਚ ਹੀ ਰੋਜ਼ਗਾਰ ਕਮਾ ਸਕਣਗੀਆਂ।ਸੋਸਾਇਟੀ ਦੇ ਪ੍ਰਧਾਨ ਸਤਨਾਮ ਸਿੰਘ ਨੇ ਦੱਸਿਆ ਕਿ ਆਦਰਸ਼ ਸੋਸ਼ਲ ਵੈੱਲਫੇਅਰ ਐਂਡ ਐਜੂਕੇਸ਼ਨਲ ਸੋਸਾਇਟੀ ਲੰਬੇ ਸਮੇਂ ਤੋਂ ਲੋਕ ਭਲਾਈ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ। ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਸਿਲਾਈ ਮਸ਼ੀਨਾਂ ਵੰਡ ਕੇ ਅਤੇ ਲੜਕੀਆਂ ਨੂੰ ਹੁਨਰਮੰਦ ਬਣਾਉਣ ਲਈ ਕੋਰਸ



ਕਰਵਾਏ ਜਾ ਰਹੇ ਹਨ।ਜ਼ਰੂਰਤਮੰਦ ਲੜਕੀਆਂ ਦੀ ਵਿਆਹ ਸ਼ਾਦੀ ਤੇ ਵੀ ਸਹਾਇਤਾ ਕੀਤੀ ਜਾਂਦੀ ਹੈ।ਇਸ ਮੌਕੇ ਸੋਸਾਇਟੀ ਦੇ ਚੇਅਰਪਰਸਨ ਰੀਨਾ ਸਰਮਲ, ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ, ਦੀਕਸ਼ਾ ਭਾਰਤੀ, ਮੈਡਮ ਰਾਧਨਾ, ਅਨੂੰ ਕੁਮਾਰੀ, ਸਾਬਕਾ ਸਰਪੰਚ ਨਰਿੰਦਰ ਸਿੰਘ, ਅਜੀਬ ਸਿੰਘ ਆਦਿ ਮੌਜੂਦ ਸਨ।

# ਬਾਬਾ ਬੰਦਾ ਸਿੰਘ ਬਹਾਦਰ ਸਕੂਲ 'ਚ 76ਵੀਆਂ ਜ਼ਿਲ੍ਹਾ ਪੱਧਰੀ ਵੁਸ਼ੂ ਖੇਡਾਂ ਕਰਵਾਈਆਂ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੇ ਪ੍ਰਬੰਧਾਂ ਹੇਠ 76ਵੀਆਂ ਜ਼ਿਲ੍ਹਾ ਪੱਧਰੀ ਵੁਸ਼ੂ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਨੇ ਦੇ ਵੁਸ਼ੂ ਖਿਡਾਰੀਆਂ ਨੇ ਹਿੱਸਾ ਲਿਆ। ਖੇਡਾਂ ਦੀ ਸ਼ੁਰੂਆਤ ਤੋਂ ਪਹਿਲਾਂ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ। ਉਪਰੰਤ ਖੇਡਾਂ ਦਾ ਉਦਘਾਟਨ ਸਾਬਕਾ ਸਰਪੰਚ ਮੇਜਰ ਸਿੰਘ ਮੂਲਿਆਂਵਾਲ ਦੁਆਰਾ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਸਪੋਰਟਸ ਕੋ-ਆਰਡੀਨੇਟਰ ਅਨੀਤਾ ਕੁਮਾਰੀ ਅਤੇ ਸੁਪਰਡੈਂਟ ਪ੍ਰਬੋਧ ਕੁਮਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਜ਼ੋਨਲ ਸੈਕਟਰੀ ਸੁਖਦੇਵ ਸਿੰਘ ਨੇ ਅਤੇ ਸੈਕਟਰੀ ਗੁਰਪ੍ਰੀਤ ਸਿੰਘ ਨੇ ਬਤੌਰ ਜੱਜ ਦੀ ਭੂਮਿਕਾ ਨਿਭਾਉਂਦਿਆਂ ਪੂਰੀ ਨਿਰਪੱਖਤਾ ਨਾਲ ਨਤੀਜੇ ਐਲਾਨ ਕੀਤੇ ਅਤੇ ਦੂਜੇ ਸਕੂਲਾਂ ਤੋਂ ਆਏ ਅਧਿਕਾਰੀਆਂ ਨੇ ਵੀ ਅਹਿਮ ਭੂਮਿਕਾ ਨਿਭਾਈ। ਅੰਤ 'ਚ ਰਾਜ ਪੱਧਰੀ ਖੇਡਾਂ ਦੇ ਮੁਕਾਬਲੇ ਲਈ ਖਿਡਾਰੀਆਂ ਦੀ ਚੋਣ ਕੀਤੀ ਅਤੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਤੇ ਮੁਬਾਰਕਾਂ ਦਿੱਤੀਆਂ। ਇਸ ਮੌਕੇ ਆਏ ਹੋਏ ਮਹਿਮਾਨਾਂ ਨੂੰ



ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਕਿਰਨ ਕੇਸਰ ਨੇ ਖਿਡਾਰੀਆਂ ਨੂੰ ਰਾਜ ਪੱਧਰੀ ਮੁਕਾਬਲਿਆਂ ਵਿੱਚ ਜਗ੍ਹਾ ਬਣਾਉਣ ਲਈ ਮੁਬਾਰਕਬਾਦ ਦਿੱਤੀ ਅਤੇ ਖਿਡਾਰੀਆਂ ਨੂੰ ਇਸੇ ਤਰਾਂ ਮਿਹਨਤ ਕਰਦੇ ਰਹਿਣ ਅਤੇ ਆਪਣੀ ਜ਼ਿੰਦਗੀ ਵਿੱਚ ਪ੍ਰੇਰਿਤ ਕਰਦਿਆਂ ਬੁਲੰਦੀਆਂ ਛੂਹਣ ਲਈ ਪ੍ਰੇਰਿਤ ਕੀਤਾ।

15 Sep Page 12.qxd 9/14/2025 10:36 PM Page 1



# ਤਿੰਨ ਨੌਜਵਾਨ 56 ਲੱਖ 61 ਹਜ਼ਾਰ ਰੁਪਏ ਦੀ ਹਵਾਲਾ ਰਾਸ਼ੀ ਸਮੇਤ ਕਾਬੂ

## 10 ਰੁਪਏ ਦਾ ਅੱਧਾ ਨੋਟ ਦਿਖਾ ਕੇ ਲੁਧਿਆਣਾ ਤੋ ਲਿਆਂਦੀ ਸੀ ਇਹ ਹਵਾਲਾ ਰਾਸ਼ੀ



**ਗੁਰਾਇਆ (ਬਿੰਦਰ ਸੁਮਨ)**- ਥਾਣਾ ਗੁਰਾਇਆ ਦੀ ਪੁਲਸ ਨੇ ਤਿੰਨ ਨੌਜਵਾਨਾਂ ਨੂੰ ਹਵਾਲਾ ਰਾਸ਼ੀ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਗੁਰਾਇਆ ਇੰਸਪੈਕਟਰ ਸਿਕੰਦਰ ਸਿੰਘ ਵਿਰਕ ਨੇ ਦੱਸਿਆ ਕਿ ਪੁਲਿਸ ਚੌਕੀ ਰੁੜਕਾ ਕਲਾਂ ਦੇ ਇੰਚਾਰਜ ਏ.ਐਸ.ਆਈ ਅਮਨਦੀਪ ਨੇ ਨਾਕਾਬੰਦੀ ਦੌਰਾਨ ਇੱਕ ਗੱਡੀ ਨੰਬਰ ਪੀ.ਬੀ-04-ਏ.ਏ-5700 ਮਾਰਕਾ ਫਾਰਚੂਨਰ ਨੂੰ ਜਦ ਚੈਕਿੰਗ ਲਈ ਰੋਕਿਆ ਤਾਂ ਚੈਕਿੰਗ ਦੌਰਾਨ ਗੱਡੀ ਵਿੱਚੋਂ 56 ਲੱਖ 61 ਹਜ਼ਾਰ ਦੀ ਭਾਰਤੀ ਕਰੰਸੀ ਬਰਾਮਦ ਹੋਈ। ਫੜੇ ਗਏ ਵਿਅਕਤੀ ਦੀ ਪਹਿਚਾਣ ਸ਼ੁਭਮ ਪੁੱਤਰ ਕੁਲਦੀਪ ਰਾਏ ਵਾਸੀ ਅੱਜੋਵਾਲ ਜ਼ਿਲਾ ਹੁਸ਼ਿਆਰਪੁਰ, ਹਰਮਨ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਪਿੰਡ ਹੁਸੈਨਪੁਰ ਜ਼ਿਲਾ ਹੁਸ਼ਿਆਰਪੁਰ, ਕਰਨ ਕੁਮਾਰ ਪੁੱਤਰ ਰਵੀ ਕੁਮਾਰ ਵਾਸੀ ਪਿੰਡ ਅੱਜੋਵਾਲ ਜ਼ਿਲਾ ਹੁਸ਼ਿਆਰਪੁਰ ਵਜੋਂ ਹੋਈ ਹੈ। ਪੁੱਛਗਿੱਛ ਦੌਰਾਨ ਫੜੇ ਗਏ ਵਿਅਕਤੀਆਂ ਨੇ ਦੱਸਿਆ ਕਿ ਦੁਬਈ ਵਿੱਚ ਰਹਿੰਦੇ ਖੁਮਸ ਸਲਵੀ ਵਲੋਂ ਇਹ ਰੁਪਏ ਭੇਜੇ ਗਏ ਹਨ ਅਤੇ ਉਕਤ ਵਿਅਕਤੀ ਵੱਖ ਵੱਖ ਦੇਸ਼ਾਂ 'ਚ ਹਵਾਲੇ ਦਾ ਕੰਮ ਕਰਦਾ ਹੈ। ਉਨ੍ਹਾਂ ਦੱਸਿਆ ਕਿ ਜਿਸ ਨੇ ਇਹ ਰੁਪਏ ਭੇਜੇ ਹਨ, ਉਸ ਨੇ ਇਨ੍ਹਾਂ ਨੂੰ 10 ਰੁਪਏ ਦਾ ਨੋਟ ਅੱਧਾ ਕਰਕੇ ਭੇਜਿਆ ਸੀ ਅਤੇ ਜਿਸ ਕੋਲੋ ਇਨ੍ਹਾਂ ਨੇ ਰੁਪਏ ਲੈਣੇ ਸੀ ਅੱਧਾ ਨੋਟ ਉਸ ਭੇਜਿਆ ਹੋਇਆ ਸੀ। ਉਨ੍ਹਾ ਅੱਗੇ ਦੱਸਿਆ ਕਿ ਉਨ੍ਹਾਂ ਨੇ ਇਹ ਰੁਪਏ ਐਸ ਆਰ ਕੇ ਇੰਟਰਪ੍ਰਾਈਜ਼ਰ ਲੁਧਿਆਣਾ ਕੋਲੋ 10 ਰੁਪਏ ਦਾ ਅੱਧਾ ਨੋਟ ਦਿਖਾ ਕੇ ਪ੍ਰਾਪਤ ਕੀਤੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਨਕਮ ਟੈਕਸ ਦੇ ਸੀਨੀਅਰ ਅਧਿਕਾਰੀਆ ਵਲੋਂ ਇਸ ਰਾਸ਼ੀ ਨੂੰ ਜ਼ਬਤ ਕਰਕੇ ਉਕਤ ਵਿਅਕਤੀਆ ਪਾਸੋਂ ਪੁੱਛਗਿੱਛ ਕੀਤੀ ਗਈ ਅਤੇ ਉਕਤ ਵਿਅਕਤੀਆ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾ ਦੱਸਿਆ ਕਿ ਪੁੱਛਗਿੱਛ ਦੌਰਾਨ ਜੇਕਰ ਕੋਈ ਗੱਲ ਸਾਹਮਣੇ ਆਉਦੀ ਹੈ ਤਾਂ ਬਣਦੀ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਸੜਕ ਹਾਦਸੇ 'ਚ ਗੰਭੀਰ ਜ਼ਖਮੀ ਨੌਜਵਾਨ ਦੀ ਮੌਤ

**ਭਲਾਣ (ਹਰਭਜਨ ਸਿੰਘ ਢਿੱਲੋ)**-ਪਿਛਲੇ ਦਿਨੀ ਇੱਕ ਸੜਕ ਹਾਦਸੇ ਵਿੱਚ ਪਿੰਡ ਮਹਿਲਾਵਾਂ ਤਹਿਸੀਲ ਨੰਗਲ ਜ਼ਿਲ੍ਹਾ ਰੂਪਨਗਰ ਦੇ ਨੌਜਵਾਨ ਅਸ਼ਵਨੀ ਕੁਮਾਰ (ਕਾਕੂ) ਉਮਰ 26 ਸਾਲ ਪੁੱਤਰ ਮਹਿੰਦਰ ਸਿੰਘ ਗੰਭੀਰ ਜ਼ਖਮੀ ਹੋ ਗਿਆ ਸੀ। ਉਸ ਨੂੰ ਸਰਕਾਰੀ ਹਸਪਤਾਲ ਸੈਕਟਰ 32 ਚੰਡੀਗੜ੍ਹ ਵਿਖੇ ਇਲਾਜ ਲਈ ਭਰਤੀ ਕਰਵਾਇਆ ਸੀ ਜਿੱਥੇ ਗਹਿਰੇ ਸੱਟਾਂ ਦੀ ਤਾਬ ਨਾ ਸਹਾਰਦਾ ਹੋਇਆ ਨੌਜਵਾਨ ਅਸ਼ਵਨੀ ਕੁਮਾਰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਿਆ। ਬਹੁਤ ਹੀ ਮਿਲਣਸਾਰ ਸੁਭਾਅ ਦੇ ਮਾਲਕ ਇਸ ਨੌਜਵਾਨ ਦੀ ਮੌਤ ਦੀ ਖ਼ਬਰ ਸੁਣਦੇ ਹੀ ਪੂਰੇ ਪਿੰਡ ਅਤੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਉਸ ਦਾ ਅੰਤਿਮ ਸਸਕਾਰ ਪਿੰਡ ਮਹਿਲਵਾਂ ਦੇ ਸ਼ਮਸ਼ਾਨਘਾਟ ਤੇ ਹਜ਼ਾਰਾਂ ਸੇਜਲ ਅੱਖਾਂ ਨਾਲ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸਮਾਜਿਕ, ਰਾਜਨੀਤਿਕ, ਰਿਸ਼ਤੇਦਾਰ ਅਤੇ ਹਲਕੇ ਦੇ ਮੋਹਤਵਰ ਪਤਵੰਤੇ ਹਾਜ਼ਰ ਸਨ।



# ਹੜ੍ਹ ਪੀੜਤਾਂ ਲਈ ਰਾਹਤ ਸਮਗਰੀ ਭੇਜੀ




**ਗੁਰਾਇਆ (ਬਿੰਦਰ ਸੁਮਨ)**- ਬੋਪਾਰਾਏ ਸਪੋਰਟਸ ਐਂਡ ਵੈਲਫੇਅਰ ਸੋਸਾਇਟੀ ਵੱਲੋਂ ਸਮੂਹ ਨਗਰ ਨਿਵਾਸੀਆਂ ਐਨ ਆਰ ਆਈ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਲਈ ਰਾਸ਼ਨ ਤੇ ਰਾਹਤ ਸਮੱਗਰੀ ਦੀ ਦੂਸਰੀ ਰਸਦ ਗੁਰਦੁਆਰਾ ਸਾਹਿਬ ਤੋਂ ਅਰਦਾਸ ਕਰਨ ਤੋਂ ਬਾਅਦ ਰਵਾਨਾ ਕੀਤੀ ਗਈ। ਇਸ ਮੌਕੇ ਐਡਵੋਕੇਟ ਅਸ਼ਵਨੀ ਕੁਮਾਰ ਬਲਜਿੰਦਰ ਸਿੰਘ ਅਤੇ ਸੰਜੀਵਨ ਸ਼ਰਮਾ ਨੇ ਦੱਸਿਆ ਐਨ ਆਰ ਆਈ ਵੀਰਾਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹਾੜ ਪੀੜਤ ਇਲਾਕੇ ਵਿੱਚ ਇੱਕ ਰਸਦ ਪਹਿਲਾਂ ਦੇ ਚੁੱਕੇ ਹਾਂ ਅਤੇ ਲੋੜ ਮੁਤਾਬਕ ਪ੍ਰਸ਼ਾਸਨ ਦੀ ਮਦਦ ਨਾਲ ਗੱਦੇ ਚਾਦਰਾਂ ਚਪਲਾਂ ਤੋਂ ਇਲਾਵਾ ਹੋਰ ਦਵਾਈਆਂ ਦੇਣ ਲਈ ਨੌਜਵਾਨ ਅਤੇ ਪਿੰਡ ਵਾਸੀ ਜਾ ਰਹੇ ਹਨ। ਉਹਨਾਂ ਕਿਹਾ ਕਿ ਮੌਕੇ ਤੇ ਜਾ ਕੇ ਦੇਖਿਆ ਕਿ ਹੁਣ ਵੀ ਪਿੰਡ ਪਾਣੀ ਦੀਮਾਰ ਹੇਠ ਘਿਰੇ ਹੋਏ ਹਨ ਜਿਸ ਦੀਆਂ ਤਸਵੀਰਾਂ ਵੀ ਤੁਹਾਡੇ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ ਕਿ ਕਿਸ ਤਰੀਕੇ ਨਾਲ ਰਸਦ ਦੇਣ ਲਈ ਪਾਣੀ ਵਿੱਚੋਂ ਲੰਘ ਕੇ ਨੌਜਵਾਨ ਗਏ ਹਨ ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਤੀਸਰੇ ਰਸਦ ਕਿਸਾਨਾਂ ਲਈ ਲਿਆਂਦੀ ਜਾਵੇਗੀ ਕਿਉਂਕਿ ਖੇਤੀ ਕਾਫੀ ਨੁਕਸਾਨੇ ਗਈ ਹੈ ਆਉਣ ਵਾਲੇ ਦਿਨਾਂ ਵਿੱਚ ਕਿਸਾਨਾਂ ਨੂੰ ਬੀਜ, ਪਸ਼ੂਆਂ ਲਈ ਖਲ ਅਤੇ ਖੇਤਾ ਲਈ ਖਾਦ ਅਤੇ ਹੋਰ ਸਮਾਨ ਦਿੱਤਾ ਜਾਵੇਗਾ।

# ਬੱਬਰ ਕਰਮ ਸਿੰਘ ਦੌਲਤਪੁਰ ਤੇ ਸਾਥੀਆਂ ਦੀ ਸਾਲਾਨਾ ਬਰਸੀ ਮਨਾਈ

**ਬੰਗਾ/ਨਵਾਂਸ਼ਹਿਰ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸੀ ਪੀ ਆਈ ਐਮ ਵੱਲੋਂ ਬੱਬਰ ਕਰਮ ਸਿੰਘ ਦੌਲਤਪੁਰ,ਕੈਪਟਨ ਮਹਿਤਾ ਸਿੰਘ ਚੈਨ ਸਿੰਘ ਅਤੇ ਹੋਰ ਦੇਸ਼ ਭਗਤਾਂ ਦੀ ਸਾਂਝਾ ਬਰਸੀ ਮਨਾਈ ਗਈ। ਸੀ ਪੀ ਆਈ ਐਮ ਦੇ ਸੂਬਾ ਕਮੇਟੀ ਮੈਂਬਰ ਰਾਮ ਸਿੰਘ ਨੂਰਪੁਰੀ ਨੇ ਕਿਹਾ ਕਿ 1923 ਵਿੱਚ ਬੱਬਰਾਂ ਨੇ ਬੇਬਲੀ ਵਿੱਚ ਅੰਗਰੇਜ਼ ਦੀਆਂ ਗੋਲੀਆਂ ਨਾਲ ਸ਼ਹੀਦੀਆਂ ਪ੍ਰਾਪਤ ਕੀਤੀਆਂ। ਪੰਜਾਬ ਸੂਟ ਦੇ ਪ੍ਰਧਾਨ ਮਹਾ ਸਿੰਘ ਰੌੜੀ ਨੇ ਦੇਸ਼ ਦੀ ਮੌਜੂਦਾ ਹਾਲਾਤ ਤੇ ਆਪਣੇ ਵਿਚਾਰ ਰੱਖੇ। ਇਸ ਮੌਕੇ ਸੀ ਪੀ ਆਈ ਐਮ ਸੂਬਾ ਕਮੇਟੀ ਮੈਂਬਰ ਬਲਵੀਰ ਸਿੰਘ ਜਾਡਲਾ, ਮਾਸਟਰ ਪ੍ਰੇਮ ਰੁੱਕੜ, ਅੱਛਰ ਸਿੰਘ ਟੋਰੋਵਾਲ ਨੇ ਆਪਣੇ ਵਿਚਾਰ ਰੱਖੇ। ਇਸ ਮੌਕੇ ਤੇ ਜਸਵਿੰਦਰ ਪੰਧੀ ਦੀ ਅਗਵਾਈ 'ਚ ਇਨਕਲਾਬੀ ਨਾਟਕਾਂ ਦੀ ਪੇਸ਼ਕਾਰੀ ਵੀ ਕੀਤੀ ਗਈ। ਕਾਨਫਰੰਸ ਦੀ ਪ੍ਰਧਾਨਗੀ ਰਣਜੀਤ ਸਿੰਘ ਰਾਣਾ, ਕੰਵਰਪਾਲ ਸਿੰਘ ਅਤੇ ਸਰਜੀਵਨ ਸਿੰਘ ਨੇ ਕੀਤੀ। ਸਟੇਜ ਸਕੱਤਰ ਦੀ ਜਿੰਮੇਵਾਰੀ ਹਰਬੰਸ ਚਰਨਜੀਤ ਸਿੰਘ ਦੌਲਤਪੁਰ ਨੇ ਨਿਭਾਈ।ਜੋਗਿੰਦਰ ਲੜੋਆ, ਸੁਖਦੇਵ ਗਰਚਾ,ਨਿਰਮਲ ਸਿੰਘ ਜਲਾਹ ਮਾਜਰਾ, ਅਮਰੀਕ ਸਿੰਘ ,ਹੁਸਨ ਚੰਦ ਅਲੋਟ ਆਦਿ ਸਾਥੀ ਮੌਜੂਦ ਸਨ।



# ਸਥਾਨਕ ਸਰਕਾਰਾਂ ਮੰਤਰੀ ਨੇ ਮਾਊਂਟ ਆਬੂ ਵਿਖੇ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਕੀਤੀ ਪ੍ਰਾਰਥਨਾ

**ਹੁਸ਼ਿਆਰਪੁਰ (ਵ ਪੀ ਰਾਣਾ)**- ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਰਾਜਸਥਾਨ ਦੇ ਮਾਊਂਟ ਆਬੂ ਵਿਚ ਬ੍ਰਹਮਾ ਕੁਮਾਰੀ ਸ਼ਾਂਤੀ ਵਣ ਵਿਖੇ ਆਯੋਜਿਤ ਪ੍ਰੋਗਰਾਮ 'ਰਾਜਨੀਤੀ ਵਿਚ ਨੈਤਿਕਤਾ ਅਤੇ ਅਧਿਆਤਮਿਕਤਾ-ਸੁਨਹਿਰੀ ਯੁੱਗ ਵੱਲ' ਵਿਚ ਹਿੱਸਾ ਲਿਆ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਸਮਾਜ ਦੀ ਅਸਲ ਤਰੱਕੀ ਰਾਜਨੀਤੀ ਵਿਚ ਪਾਰਦਰਸ਼ਤਾ, ਨੈਤਿਕ ਕਦਰਾਂ-ਕੀਮਤਾਂ ਅਤੇ ਅਧਿਆਤਮਿਕਤਾ ਦੇ ਏਕੀਕਰਨ ਨਾਲ ਹੀ ਸੰਭਵ ਹੈ। ਕੈਬਨਿਟ ਮੰਤਰੀ ਨੇ ਇਸ ਮੌਕੇ ਪੰਜਾਬ ਵਿਚ ਹਾਲ ਹੀ ਵਿੱਚ ਆਈ ਹੜ੍ਹਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਦਰਦ ਨੂੰ ਸਮਝਦੇ ਹੋਏ, ਇਥੇ ਮੌਜੂਦ ਸਾਰੇ ਸਾਧਕਾਂ ਨੇ ਸਮੂਹਿਕ ਤੌਰ 'ਤੇ ਪੰਜਾਬ ਦੀ ਖੁਸ਼ਹਾਲੀ ਅਤੇ ਪ੍ਰਭਾਵਿਤ ਲੋਕਾਂ ਦੇ ਜਲਦੀ ਮੁੜ ਵਸੇਬੇ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ। ਡਾ. ਰਵਜੋਤ ਸਿੰਘ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਅਤੇ ਸਮਾਜ ਦੇ ਸਾਂਝੇ ਯਤਨਾਂ ਨਾਲ ਸੂਬਾ ਜਲਦੀ ਹੀ ਇਸ ਆਫ਼ਤ ਤੋਂ ਉਭਰ ਜਾਵੇਗਾ।



# ਵਿਦਿਆਰਥੀਆਂ ਨੇ ਵਿਦਿਅਕ ਦੌਰੇ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਕੀਤਾ ਦੌਰਾ



**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਰਾਜਨੀਤੀ ਸ਼ਾਸਤਰ ਦੇ ਪੋਸਟ ਗ੍ਰੈਜੂਏਟ ਵਿਭਾਗ ਨੇ ਹਰਿਆਣਾ ਵਿਧਾਨ ਸਭਾ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਇੱਕ ਵਿਦਿਅਕ ਦੌਰਾ ਆਯੋਜਿਤ ਕੀਤਾ। ਇਸ ਦੌਰੇ ਦੌਰਾਨ ਵਿਦਿਆਰਥੀਆਂ ਨੂੰ ਵਿਧਾਨ ਸਭਾ ਦੇ ਲਾਈਵ ਸੈਸ਼ਨ ਵਿੱਚ ਸ਼ਾਮਲ ਹੋਣ ਅਤੇ ਨਾਲ ਹੀ ਅਦਾਲਤੀ ਕਾਰਵਾਈ ਨੂੰ ਦੇਖਣ ਦਾ ਮੌਕਾ ਮਿਲਿਆ, ਜੋ ਕਿ ਬਹੁਤ ਹੀ ਸਿੱਖਿਆਦਾਇਕ ਅਤੇ ਜਾਣਕਾਰੀ ਭਰਪੂਰ ਸਾਬਤ ਹੋਇਆ। ਕਾਲਜ ਦੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਦੱਸਿਆ ਕਿ ਵਿਭਾਗ ਦੇ 21 ਵਿਦਿਆਰਥੀਆਂ ਦਾ ਹਰਿਆਣਾ ਵਿਧਾਨ ਸਭਾ ਦੇ ਮਾਨਯੋਗ ਸਪੀਕਰ ਹਰਵਿੰਦਰ ਕਲਿਆਣ ਦੁਆਰਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਿਧਾਨ ਸਭਾ ਅਤੇ ਹਾਈ ਕੋਰਟ ਦੇ ਕੰਮਕਾਜ ਨੂੰ ਦੇਖਣ ਦਾ ਮੌਕਾ ਦਿੱਤਾ ਗਿਆ। ਵਿਭਾਗ ਦੀ ਮੁਖੀ ਡਾ. ਅਨੂ ਕੁਮਾਰੀ ਨੇ ਦੱਸਿਆ ਕਿ ਇਹ ਦੌਰਾ ਵਿਦਿਆਰਥੀਆਂ ਲਈ ਜਾਣਕਾਰੀ ਵਧਾਉਣ ਵਾਲਾ ਸਾਬਿਤ ਹੋਇਆ। ਇਸ ਦੌਰੇ ਦੌਰਾਨ ਵਿਭਾਗ ਦੇ ਫੈਕਲਟੀ ਮੈਂਬਰ ਡਾ. ਅਜੀਤਪਾਲ ਸਿੰਘ ਨੇ ਵੀ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕੀਤਾ।

# ਮਹਾਨ ਗੁਰਮਤਿ ਸਮਾਗਮ 17 ਅਕਤੂਬਰ ਨੂੰ

**ਸ੍ਰੀ ਚਮਕੌਰ ਸਾਹਿਬ (ਅਮਰਜੀਤ ਸਿੰਘ ਕਲਸੀ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਸਮਰਪਿਤ ਭਾਈ ਔਲ਼ਾ ਯਾਰ ਖਾਂ ਦੀ ਯਾਦ ਨੂੰ ਸਮਰਪਿਤ ਸਰਬ ਧਰਮ ਸੰਮੇਲਨ ਸੰਗਤਾਂ ਦੇ ਸਹਿਯੋਗ ਦੇ ਨਾਲ ਅਤੇ ਸ. ਬਹਾਦਰ ਸਿੰਘ ਚੇਅਰਮੈਨ ਵਨ ਵੀਟ ਮੈਡੀਕਲ ਗਰੁੱਪ ਸ੍ਰੀ ਚਮਕੌਰ ਸਾਹਿਬ ਸਹਿਯੋਗ ਨਾਲ ਗੁ. ਸ੍ਰੀ ਕਤਲਗੜ੍ਹ ਸਾਹਿਬ ਵਿਖੇ 17 ਅਕਤੂਬਰ ਨੂੰ ਮਹਾਨ ਗੁਰਮਤਿ ਸਮਾਗਮ ਤੇ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਪੰਥ ਦੀਆ ਪ੍ਰਸਿੱਧ ਸ਼ਖ਼ਸ਼ੀਅਤਾਂ ਤੇ ਹਰ ਧਰਮਾਂ ਦੇ ਆਗੂ ਪਹੁੰਚ ਕੇ ਗੁਰੂ ਜਸ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਸਮਾਗਮ ਦਾ ਸੱਦਾ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜੱਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਐਮ ਪੀ ਵਿਕਰਮਜੀਤ ਸਿੰਘ ਸਾਹਨੀ ਅਤੇ ਹੋਰ ਪੰਥ ਦੀਆਂ ਸ਼ਖ਼ਸ਼ੀਅਤਾਂ ਨੂੰ ਦਿੱਤਾ ਗਿਆ। ਉਪਰੰਤ ਸਿੰਘ ਸਾਹਿਬਾਨ ਤੇ ਪ੍ਰਧਾਨ ਵੱਲੋਂ ਗੁਰਮਤਿ ਸਮਾਗਮ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ। ਜਾਣਕਾਰੀ ਦਿੰਦਿਆ ਹੋਇਆ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਸ਼੍ਰੋਮਣੀ ਗੁ. ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਵਨ ਵੀਟ ਮੈਡੀਕਲ ਗਰੁੱਪ ਦੇ ਮੁੱਖ ਸੇਵਾਦਾਰ ਸ. ਬਹਾਦਰ ਸਿੰਘ ਜੋ ਕਿ ਲਗਾਤਾਰ ਵਿਦੇਸ਼ਾ ਦੀ ਧਰਤੀ ਤੋਂ ਪੰਜਾਬ ਦੀ ਧਰਤੀ ਲਈ ਚੰਗੇ ਕਾਰਜ ਕਰ ਰਹੇ ਹਨ।ਸੋ ਅਜਿਹੀਆਂ ਸ਼ਖ਼ਸ਼ੀਅਤਾਂ ਜੋ ਕਿ ਹਮੇਸ਼ਾ ਹੀ ਗੁਰੂ ਨੂੰ ਸਮਰਪਿਤ ਹੁੰਦੀਆਂ ਹਨ। ਉਨ੍ਹਾ ਵੱਲੋਂ ਇਹ ਨੇਕ ਉਪਰਾਲਾ ਕਰਨਾ ਬਹੁਤ ਹੀ ਸ਼ਲਾਘਾਯੋਗ ਹੈ। ਜੋ ਇਹ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿੱਚ ਪ੍ਰੋਗਰਾਮ ਉਲੀਕੇ ਗਏ ਨੇ ਇਨ੍ਹਾਂ ਵਿੱਚ ਹਾਜ਼ਰੀ ਭਰੀ ਜਾਵੇਗੀ ਅਤੇ ਇਸ ਸਮਾਗਮ ਵਿੱਚ ਗਤਕਾ, ਦਸਤਾਰ ਮੁਕਾਬਲੇ ਤੇ ਗੁਰਬਾਣੀ ਕੰਠ ਮੁਕਾਬਲੇ ਵੀ ਕਰਵਾਏ ਜਾਣਗੇ। ਇਸ ਦੇ ਨਾਲ ਹੀ ਮੈਡੀਕਲ ਤੇ ਮੁਫਤ ਕੈਂਪ, ਦੰਦਾਂ ਤੇ ਅੱਖਾਂ ਦੀਆਂ ਦਵਾਈਆਂ ਦਾ ਲੰਗਰ ਵੀ ਲਗਾਇਆ ਜਾਵੇਗਾ। ਲੋੜਵੰਦ ਇਸ ਸੇਵਾ ਦਾ ਲਾਭ ਲੈ ਸਕਦੇ ਹਨ। ਇਸ ਮੌਕੇ ਤੇ ਉਪਚਾਰ ਸਿੰਘ ਵਨ ਵੀਟ ਮੈਡੀਕਲ ਗਰੁੱਪ ਚਮਕੌਰ ਸਾਹਿਬ, ਗੁਰਮੁਖ ਸਿੰਘ ਰੁਪਾਣਾ, ਅਮਰਜੀਤ ਸਿੰਘ, ਸੰਗਤ ਸਿੰਘ ਭਾਮੀਆਂ ਐਮ ਸੀ ਮੋਰਿੰਡਾ, ਜਗਦੀਪ ਸਿੰਘ ਸੰਗਤਪੁਰਾ, ਜਗਵੰਤ ਸਿੰਘ ਮਾਨ ਮੜੌਲੀ ਕਲਾਂ, ਸੁਰਿੰਦਰਪਾਲ ਸਿੰਘ ਚਮਕੌਰ ਸਾਹਿਬ, ਸੋਹਣ ਸਿੰਘ ਸੰਧੂਆ, ਪਵਿੱਤਰ ਸ਼ਿੰਘ ਬਰਸਾਲ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



# ਹੜ੍ਹ ਪ੍ਰਭਾਵਿਤ ਖੇਤਰ ਦੇ ਬੱਚਿਆਂ ਦੀਆਂ ਪ੍ਰੀਖਿਆ ਫੀਸਾਂ ਮੁਆਫ਼ ਕਰੇ ਬੋਰਡ : ਡੀ ਟੀ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਹੜ੍ਹਾਂ ਦੇ ਮੱਦੇਨਜ਼ਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਹਿ ਰਹੇ ਲੋਕਾਂ ਦੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਪੜ੍ਹ ਰਹੇ ਬੱਚਿਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਪਾਸੋਂ ਪ੍ਰੀਖਿਆ ਫੀਸਾਂ ਮੁਆਫ਼ ਕਰਨ ਦੀ ਮੰਗ ਕੀਤੀ ਹੈ। ਆਗੂਆਂ ਨੇ ਮੰਗ ਕੀਤੀ ਕਿ ਗੁਰਦਾਸਪੁਰ, ਤਰਨਤਾਰਨ, ਅੰਮ੍ਰਿਤਸਰ, ਕਪੂਰਥਲਾ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਪੜ੍ਹ ਰਹੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਪ੍ਰੀਖਿਆ ਫੀਸ ਮੁਆਫ਼ ਕਰੇ।

# ਸਪੈਸ਼ਲ ਗਿਰਦਾਵਰੀ ਕਰਵਾ ਕੇ 45 ਦਿਨਾਂ ਦੇ ਅੰਦਰ ਚੈੱਕ ਸੌਂਪਾਂਗੇ : ਕਟਾਰੀਆ



**ਬਲਾਚੌਰ (ਜਸਵਿੰਦਰ ਬੈਂਸ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੇਠ ਆਮ ਆਦਮੀ ਪਾਰਟੀ ਦੇ ਸਾਰੇ ਮੰਤਰੀ, ਵਿਧਾਇਕ ਤੇ ਸੰਗਠਨ ਦੇ ਅਹੁਦੇਦਾਰ ਤੇ ਵਲੰਟੀਅਰ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਦੇ ਪ੍ਰਰੋਜ ਯਤਨ ਕਰ ਰਹੇ ਹਨ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਹਲਕਾ ਵਿਧਾਇਕ ਬੀਬੀ ਸ਼ੰਤੋਸ਼ ਕਟਾਰੀਆਂ ਨੇ ਦੱਸਿਆ ਐੱਸ ਡੀ ਆਰ ਐੱਫ ਦੇ ਫੰਡ ਨੂੰ ਲੈ ਕੇ ਭਾਜਪਾ ਵੱਲੋਂ ਗਲਤ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਵਿਧਾਇਕ ਨੇ ਦੱਸਿਆ ਕਿ ਹੜ੍ਹਾਂ ਵਿਚਾਲੇ ਅਸੀਂ ਝੋਨੇ ਦੀ ਫ਼ਸਲ ਨੂੰ ਲੈ ਕੇ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਆਉਣ ਦੇਵਾਂਗੇ। ਝੋਨੇ ਦੀ ਖਰੀਦ ਨੂੰ ਲੈ ਕੇ ਸਾਡੇ ਵੱਲੋਂ ਮੰਡੀਆਂ ਵਿੱਚ ਪੁਖ਼ਤਾ ਪ੍ਰਬੰਧ ਕਰ ਲਏ ਗਏ ਨੇ ਤੇ ਹੜ੍ਹਾਂ ਦੀ ਮਾਰ ਹੇਠ ਆਈਆਂ ਮੰਡੀਆਂ ਨੂੰ ਜਲਦ ਠੀਕ ਕੀਤਾ ਜਾਵੇਗਾ। ਹੜ੍ਹਾਂ ਦੌਰਾਨ ਹੋਏ ਹਰ ਕਿਸਮ ਦੇ ਨੁਕਸਾਨ ਦਾ 100 ਫ਼ੀਸਦੀ ਮੁਆਵਜ਼ਾ ਦਿੱਤਾ ਜਾਵੇਗਾ। 45 ਦਿਨਾਂ ਦੇ ਅੰਦਰ-ਅੰਦਰ ਸਾਰੇ ਚੈੱਕ ਤਿਆਰ ਕਰਕੇ ਹੜ੍ਹ ਪੀੜਤਾਂ ਨੂੰ ਆਪਣੇ ਹੱਥੀਂ ਸੌਂਪਾਂਗੇ।



# 17ਵਾਂ ਖ਼ੂਨਦਾਨ ਕੈਂਪ 27 ਨੂੰ: ਸੁਭਾਸ਼ ਮੱਟੂ

**ਮਾਹਿਲਪੁਰ (ਸ.ਫਰੀ)**- ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਦੀ ਇੱਕ ਮੀਟਿੰਗ ਸ਼ਹੀਦ ਭਗਤ ਸਿੰਘ ਸਮਾਰਕ ਗੜ੍ਹਸ਼ੰਕਰ ਵਿਖੇ ਟਰੱਸਟ ਦੀ ਚੇਅਰਪਰਸਨ ਬੀਬੀ ਸੁਭਾਸ਼ ਮੱਟੂ ਦੀ ਅਗਵਾਈ ਹੇਠ ਹੋਈ।ਇਸ ਮੀਟਿੰਗ ਦੌਰਾਨ ਸਰਵਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਕਾਕਾ ਅਮਨਦੀਪ ਸਿੰਘ ਮੱਟੂ ਦੀ ਸਦੀਵੀ ਯਾਦ ਨੂੰ ਸਮਰਪਿਤ 17ਵਾਂ ਖ਼ੂਨਦਾਨ ਕੈਂਪ 27 ਸਤੰਬਰ ਦਿਨ ਸ਼ਨੀਵਾਰ ਨੂੰ ਬੀ.ਡੀ.ਸੀ ਨਵਾਂਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਹੋਟਲ ਪਿੰਕ ਰੋਜ਼ ਗੜ੍ਹਸ਼ੰਕਰ ਵਿਖੇ ਲਗਾਇਆ ਜਾ ਰਿਹਾ ਹੈ। ਬੀਬੀ ਸੁਭਾਸ਼ ਮੱਟੂ ਨੇ ਇਲਾਕੇ ਦੇ ਮੋਟੀਵੇਟਰਾਂ, ਖ਼ੂਨਦਾਨੀਆਂ ਅਤੇ ਨੌਜਵਾਨਾਂ ਨੂੰ ਖ਼ੂਨਦਾਨ ਕੈਂਪ ਵਿੱਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਦਰਸ਼ਨ ਸਿੰਘ ਮੱਟੂ, ਪ੍ਰਿੰਸੀਪਲ ਬਿੱਕਰ ਸਿੰਘ, ਡਾਕਟਰ ਲਖਵਿੰਦਰ ਕੁਮਾਰ, ਮੋਟੀਵੇਟਰ ਰੌਕੀ ਮੋਇਲਾ, ਹੈਪੀ ਸਾਧੋਵਾਲ, ਡਾ. ਸੁਰੇਸ਼ ਵਿਜ, ਰਾਜਿੰਦਰ ਸਿੰਘ, ਹਰਦੇਵ ਰਾਏ, ਪਰਮਜੀਤ ਸਿੰਘ, ਦਵਿੰਦਰ ਕੁਮਾਰ, ਸ਼ਿੰਦਾ ਗੋਲੀਆਂ, ਪਲਵਿੰਦਰ ਸਿੰਘ, ਹਰਨੇਕ ਸਿੰਘ ਬੰਗਾ ਅਤੇ ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਸਾਈਂ ਗੁਲਾਮ ਮੁਹੰਮਦ ਸ਼ਾਹ ਕਾਦਰੀ ਦਾ ਸਾਲਾਨਾ ਮੇਲਾ ਸਮਾਪਤ

**ਬੰਗਾ (ਅਵਤਾਰ ਕਲੇਰ)**- ਰੌਜ਼ਾ ਸ਼ਰੀਫ਼ ਹਜ਼ਰਤ ਸਾਈਂ ਗੁਲਾਮ ਮੁਹੰਮਦ ਸ਼ਾਹ ਕਾਦਰੀ ਬੰਗਾ ਵਿਖੇ ਸਲਾਨਾ ਮੇਲਾ ਗੱਦੀ ਨਸ਼ੀਨ ਬੀਬੀ ਮਹਿੰਦਰ ਕੌਰ ਅਤੇ ਸਾਈਂ ਉਮਰੇ ਸ਼ਾਹ ਕਾਦਰੀ ਗੱਦੀ ਨਸ਼ੀਨ ਰੌਜ਼ਾ ਸ਼ਰੀਫ਼ ਮੰਢਾਲੀ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਤਿੰਨ ਦਿਨਾਂ ਚੱਲਣ ਵਾਲੇ ਇਸ ਮੇਲੇ ਦੌਰਾਨ ਪਹਿਲੇ ਦਿਨ ਝੰਡੇ ਦੀ ਰਸਮ ਉਪਰੰਤ ਚਿਰਾਗਾਂ ਦੀ ਰਸਮ ਅਦਾ ਕੀਤੀ ਗਈ। ਦੂਸਰੇ ਦਿਨ ਪੰਜਾਬ ਦੇ ਮਸ਼ਹੂਰ ਕਲਾਕਾਰਾਂ ਅਤੇ ਕਵਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਤੀਸਰੇ ਦਿਨ ਚਾਦਰ ਦੀ ਰਸਮ ਨਾਲ ਮੇਲਾ ਸਮਾਪਤ ਹੋਇਆ। ਵੱਖ-ਵੱਖ ਦਰਬਾਰਾਂ ਤੋਂ ਸਾਈਂ ਜੀਤ ਸ਼ਾਹ ਕਾਦਰੀ ਰੁੜਕਾ ਕਲਾਂ, ਸਾਈਂ ਫੱਕਰ ਸ਼ਾਹ ਕਾਦਰੀ ਦਾਦੂਵਾਲ, ਬਾਬਾ ਸੋਢੀ ਸ਼ਾਹ ਲਲਵਾਨ ਆਦਿ ਸੰਤ ਮਹਾਂਪੁਰਸ਼ਾਂ ਅਤੇ ਮਹੰਤਾਂ ਨੇ ਸ਼ਿਰਕਤ ਕੀਤੀ।ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਦਰਬਾਰ 'ਤੇ ਆ ਕੇ ਨਤਮਸਤਕ ਹੋਏ। ਸਾਈਂ ਉਮਰੇ ਸ਼ਾਹ ਕਾਦਰੀ, ਬੀਬੀ ਮਹਿੰਦਰ ਕੌਰ ਵੱਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਰਾਜਨੀਤਿਕ ਸ਼ਖ਼ਸੀਅਤਾਂ, ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਮੈਡਮ ਆਸ਼ੂ ਚੋਪੜਾ ਅਤੇ ਨੂਰ ਮੁਹੰਮਦ ਵੱਲੋਂ ਬਾਖ਼ੂਬੀ ਨਿਭਾਈ ਗਈ।ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਬੀਬੀ ਮਹਿੰਦਰ ਕੌਰ, ਮੁਹੰਮਦ ਆਸ਼ਿਕ ਨੀਲਾ, ਹੁਸਨ ਲਾਲ ਨੰਬਰਦਾਰ ਜੱਬੋਵਾਲ, ਹਰਬੰਸ ਸਿੰਘ ਜੱਬੋਵਾਲ, ਡਾ. ਸਤਨਾਮ ਪਰਸੋਵਾਲ, ਸੋਨੂੰ ਜੱਸੋਮਜਾਰਾ, ਗੋਰਾ ਚੱਕ ਪ੍ਰੇਮਾ, ਡਾ. ਮੋਹਣ ਬੱਧਣ, ਨੂਰ ਮੁਹੰਮਦ, ਕੁਲਰਾਜ ਮੁਹੰਮਦ,ਚਰਨਜੀਤ ਰਾਏ ਆਦਿ ਹਾਜ਼ਰ ਸਨ।



# ਸਤਨਾਮ ਹਸਪਤਾਲ ਨੇ ਹੜ੍ਹ ਪੀੜਤ ਪਰਵਾਰਾਂ ਨੂੰ ਰਾਸ਼ਨ ਵੰਡਿਆ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਪੰਡੋਰੀ ਕੱਦ ਵਿਖੇ ਸਤਨਾਮ ਹਸਪਤਾਲ ਹੁਸ਼ਿਆਰਪੁਰ ਵਲੋਂ ਹੜ੍ਹ ਪੀੜਤ ਪਰਵਾਰਾਂ ਨੂੰ ਡਾਕਟਰ ਕਮਲਜੀਤ ਕੌਰ ਸਤਨਾਮ ਹਸਪਤਾਲ ਹੁਸ਼ਿਆਰਪੁਰ ਦੀ ਅਗਵਾਈ ਹੇਠ ਪਿੰਡ ਪੰਡੋਰੀ ਕੱਦ, ਹੇੜੀਆ ਵਿਖੇ ਰਾਸ਼ਨ ਅਤੇ ਤਰਪਾਲਾਂ ਵੰਡੀਆ। ਇਸ ਮੌਕੇ ਮੁੱਖ ਪ੍ਰਬੰਧਕ ਡਾਕਟਰ ਪੂਜਾ ਹੁਸ਼ਿਆਰਪੁਰ ਸਤਨਾਮ ਹਸਪਤਾਲ ਹੁਸ਼ਿਆਰਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਰਾਸ਼ਨ ਵੰਡਿਆ ਗਿਆ। ਇਸ ਡਾਕਟਰ ਪੂਜਾ ਸਤਨਾਮ ਹਸਪਤਾਲ ਹੁਸ਼ਿਆਰਪੁਰ ਨੇ ਦੱਸਿਆ ਕਿ ਹੜ੍ਹ ਪੀੜਤਾਂ ਦੀ ਵੱਖ ਵੱਖ ਹੜ੍ਹ ਪੀੜਤ ਇਲਾਕਿਆਂ ਵਿਚ ਟੀਮਾਂ ਬਣਾ ਕੇ ਹਰ ਸੰਭਵ ਸਹਾਇਤਾ ਕੀਤੀ ਰਹੀ ਹੈ।ਇਸ ਮੌਕੇ ਪਿੰਡ ਵਾਸੀਆਂ ਨੇ ਸਤਨਾਮ ਹਸਪਤਾਲ ਹੁਸ਼ਿਆਰਪੁਰ ਡਾਕਟਰ ਕਮਲਜੀਤ ਕੌਰ ਹੁਸ਼ਿਆਰਪੁਰ, ਡਾਕਟਰ ਪੂਜਾ ਹੁਸ਼ਿਆਰਪੁਰ ਦਾ ਰਾਹਤ ਸਮੱਗਰੀ ਦੇਣ ਤੇ ਧੰਨਵਾਦ ਕੀਤਾ। ਇਸ ਮੌਕੇ ਮੁੱਖ ਪ੍ਰਬੰਧਕ ਡਾਕਟਰ ਕਮਲਜੀਤ ਕੌਰ ਸਤਨਾਮ ਹਸਪਤਾਲ ਹੁਸ਼ਿਆਰਪੁਰ, ਡਾਕਟਰ ਪੂਜਾ ਹੁਸ਼ਿਆਰਪੁਰ, ਨਵੀਂ, ਲਵਜੋਤ, ਸੁਰਜੀਤ ਸਿੰਘ ਸੋਨੂੰ ਮੁੱਖਲਿਆਣਾ, ਜਸਵਿੰਦਰ ਸਿੰਘ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

# ਬੰਗੜ ਜਠੇਰੇ ਸਰਹਾਲਾ ਰਾਣੂਆਂ ਵਿਖੇ ਸ਼ਰਾਧ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)**- ਦਰਬਾਰ ਬਾਬਾ ਜਸਦੇਵ ਜੀ ਬੰਗੜ ਜਠੇਰੇ ਸਰਹਾਲਾ ਰਾਣੂਆਂ ਵਿਖੇ ਪ੍ਰਬੰਧਕ ਕਮੇਟੀ ਅਤੇ ਸਮੂਹ ਬੰਗੜ ਪਰਵਾਰ ਵਲੋਂ ਸ਼ਰਾਧ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਡੇ ਵਡੇਰਿਆਂ ਦੀ ਪੂਜਾ ਕੀਤੀ ਗਈ। ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਦਰਬਾਰ 'ਤੇ ਨਤਮਸਤਕ ਹੋਈਆਂ। ਪ੍ਰਬੰਧਕ ਕਮੇਟੀ ਵਲੋਂ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੰਤੋਖ ਕੁਮਾਰ, ਸੈਕਟਰੀ ਨਰਿੰਦਰ ਰਾਮ, ਕੈਸ਼ੀਅਰ ਹਰਭਜਨ ਸਿੰਘ, ਹੁਸਨ ਲਾਲ, ਨਿਰਮਲ ਰਾਮ, ਕੁਲਵੰਤ ਰਾਮ, ਰਾਜਵੰਤ, ਪ੍ਰਿੰਸੀਪਲ ਰੋਸ਼ਨ ਲਾਲ,ਨਿਰਮਲ ਪਾਲੀ, ਤਰਲੋਕ ਚੰਦ, ਸੇਵਾਦਾਰ ਬੂਟਾ ਰਾਮ,ਹੈਪੀ ਬੰਗੜ,ਅਜੇ ਕੁਮਾਰ, ਜਗਤਾਰ ਰਾਮ, ਮਨਦੀਪ ਬੰਗੜ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



# ਸਤਨਾਮ ਸਿੰਘ ਲੋਹਗੜ੍ਹ ਜ਼ਿਲ੍ਹਾ ਪ੍ਰਧਾਨ ਨਿਯੁਕਤ

**ਮਹਿਤਪੁਰ (ਰਾਜਾ)**- ਮਹਿਤਪੁਰ ਦੇ ਨਜ਼ਦੀਕ ਪਿੰਡ ਲੋਹਗੜ੍ਹ-ਗੋਬਿੰਦਪੁਰ ਵਿਖੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੀ ਇਕਾਈ ਦਾ ਸੰਗਠਨ ਕੀਤਾ ਗਿਆ, ਜਿਸ ਦੌਰਾਨ ਜਥੇਬੰਦੀ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਅਤੇ ਉਹਨਾਂ ਦੀ ਸੂਬਾ ਟੀਮ ਪਹੁੰਚੀ।ਕਿਸਾਨਾਂ ਦਾ ਭਰਵਾਂ ਇਕੱਠ ਹੋਇਆ। ਜ਼ਿਲ੍ਹਾ ਜਲੰਧਰ ਦੀ ਨਵੀਂ ਚੁਣੀ ਗਈ ਯੂਨੀਅਨ ਵਿੱਚੋਂ ਸਤਨਾਮ ਸਿੰਘ ਲੋਹਗੜ੍ਹ ਨੂੰ ਜ਼ਿਲ੍ਹਾ ਪ੍ਰਧਾਨ ਬਣਾਇਆ ਗਿਆ, ਬਲਵੰਤ ਸਿੰਘ ਲਾਡੀ ਨੂੰ ਮੀਤ ਪ੍ਰਧਾਨ, ਡਾ: ਨਰਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਰਮਨਜੀਤ ਸਿੰਘ ਸਮਰਾ ਜਨਰਲ ਸਕੱਤਰ, ਕਰਮ ਸਿੰਘ ਸਕੱਤਰ, ਤਰਲੋਕ ਸਿੰਘ ਖਜਾਨਚੀ, ਬਲਕਾਰ ਸਿੰਘ ਗੋਰਾ ਸਹਾਇਕ ਖਜਾਨਚੀ, ਕਮਲਜੀਤ ਸਿੰਘ ਮੰਡ ਮੁੱਖ ਬੁਲਾਰਾ, ਅਰਸ਼ਦੀਪ ਸਿੰਘ ਪ੍ਰੈਸ ਸਕੱਤਰ, ਜਸਵਿੰਦਰ ਸਿੰਘ ਸਹਾਇਕ ਪ੍ਰੈਸ ਸਕੱਤਰ, ਦਿਲਰਾਜ ਸਿੰਘ ਬਲਾਕ ਪ੍ਰਧਾਨ, ਗੁਰਜੰਟ ਸਿੰਘ ਜਿਲਾ ਯੂਥ ਪ੍ਰਧਾਨ, ਗਗਨਦੀਪ ਸਿੰਘ ਮੋਨੂ ਮੀਤ ਯੂਥ ਪ੍ਰਧਾਨ ਬਣੇ। ਗੁਰਦੀਪ ਸਿੰਘ ਪਟਿਆਲਾ, ਜਗਦੀਪ ਸਿੰਘ ਜੋਗਾ, ਬਲਵੀਰ ਸਿੰਘ, ਕਿਰਪਾਲ ਸਿੰਘ ਨੰਬਰਦਾਰ, ਸਿੰਗਾਰਾ ਸਿੰਘ, ਬਲਦੇਵ ਸਿੰਘ, ਜਗਤਾਰ ਸਿੰਘ ਹਾਜਰ ਸਨ। ਜਥੇਬੰਦੀ ਵੱਲੋਂ ਕਿਸਾਨੀ ਮਜ਼ਦੂਰੀ ਤੇ ਹੜਾ ਤੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ।



# ਟੇਬਲ ਟੈਨਿਸ ਤੇ ਬੈਡਮਿੰਟਨ ਮੁਕਾਬਲਿਆਂ 'ਚ ਸਰਹਾਲਾ ਮੁੰਡੀਆਂ ਸਕੂਲ ਜੇਤੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਮਾਨਯੋਗ ਜਿਲਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ ਮੈਡਮ ਲਲਿਤਾ ਅਰੋੜਾ ਅਤੇ ਜਿਲਾ ਸਪੋਰਟਸ ਕੋਡੀਨੇਟਰ ਲੈਕਚਰਾਰ ਜਗਜੀਤ ਸਿੰਘ ਦੀ ਅਗਵਾਈ ਵਿੱਚ ਚੱਲ ਰਹੀਆਂ ਹਨ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਰਹਾਲਾ ਮੁੰਡੀਆਂ ਦੀਆਂ ਵਿਦਿਆਰਥਣਾਂ ਜਸਲੀਨ ਕੌਰ, ਨਮਰਤਾ,ਇੰਦਰਜੀਤ ਕੌਰ ਤੇ ਸ਼ਗਨਪ੍ਰੀਤ ਨੇ ਅੰਡਰ 14 ਗਰੁੱਪ ਵਿੱਚ ਟੇਬਲ ਟੈਨਿਸ ਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ । ਹਰਿਆਣਾ ਜ਼ੋਨ ਵੱਲੋਂ ਬੈਡਮਿੰਟਨ ਅੰਡਰ 17 ਟੀਮ 'ਚ ਖੇਡਦਿਆਂ ਸਕੂਲ ਵਿਦਿਆਰਥਣਾਂ ਜੈਸਮੀਨ ਕੌਰ ਕਜਲਾ ਅਤੇ ਹਰਮਨਪ੍ਰੀਤ ਕੌਰ ਨੇ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਇਹਨਾਂ ਦੋਵੇਂ ਖੇਡਾਂ ਵਿੱਚ ਸਾਡੇ ਪੇਂਡੂ ਸਕੂਲ ਦੇ ਬੱਚਿਆਂ ਦੀ ਇਸ ਉਪਲਬਧੀ ਨੇ ਕੇਵਲ ਸਕੂਲ ਦਾ ਨਾਂਅ ਹੀ ਨਹੀਂ ਬਲਕਿ ਪੂਰੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ। ਸਕੂਲ ਦੇ ਖੇਡ ਅਧਿਆਪਕ ਲੈਕਚਰਾਰ ਸਰਬਜੀਤ ਸਿੰਘ ਅਤੇ ਗੁਰਦੇਵ ਕੌਰ ਨੇ ਦੱਸਿਆ ਕਿ ਇਸੇ ਤਰ੍ਹਾਂ ਹੈਂਡਬਾਲ ਵਿੱਚ ਵੀ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਅੰਡਰ 14, 17 ਅਤੇ 19 ਦੇ ਗਰੁੱਪ ਵਿੱਚ ਲੜਕੀਆਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਹਨਾਂ ਦੱਸਿਆ ਕਿ ਸਕੂਲ ਦੇ ਲੜਕਿਆਂ ਵੱਲੋਂ ਵੀ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਹੈਂਡਬਾਲ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸਮੂਹ ਸਕੂਲ ਸਟਾਫ ਮੈਂਬਰ ਰਜਨੀ ਅਰੋੜਾ, ਅਨੀਤਾ ਕੁਮਾਰੀ, ਸ਼ਿਮਲਾ ਦੇਵੀ, ਪ੍ਰੀਆ, ਮਨਜੀਤ ਕੌਰ, ਸੋਨੀਕਾ ਵਿਰਦੀ, ਕੰਪਿਊਟਰ ਅਧਿਆਪਕ ਨਰੇਸ਼ ਕੁਮਾਰ, ਪਰਮਿੰਦਰ ਕੁਮਾਰ, ਅਮਨਦੀਪ ਸਿੰਘ, ਕਮਲਜੀਤ ਸਿੰਘ, ਕਸ਼ਮੀਰ ਸਿੰਘ, ਸੁਖਵਿੰਦਰ ਸਿੰਘ ਕੈਂਪਸ ਮੈਨੇਜਰ, ਹਰਜਿੰਦਰ ਤੇ ਸੁਨੀਲ ਵੀ ਹਾਜ਼ਰ ਸਨ।



# ਅਧਿਆਪਕ ਦਿਵਸ ਧੂਮਧਾਮ ਨਾਲ ਮਨਾਇਆ



**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਅਧਿਆਪਕ ਦਿਵਸ ਸਬੰਧੀ ਸਮਾਗਮ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਮੁੱਖ ਮਹਿਮਾਨ ਅਤੇ ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਸਮਾਗਮ ਵਿਚ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਮਹਿਮਾਨਾਂ ਦਾ ਸਟਾਫ ਮੈਂਬਰਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਸਮਾਗਮ ਵਿਚ ਮੇਜ਼ਬਾਨ ਸਕੂਲ ਤੋਂ ਇਲਾਵਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਆਰ ਸੀ ਐੱਫ ਅਤੇ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਸਟਾਫ਼ ਮੈਂਬਰਾਂ ਵੀ ਭਾਗ ਲਿਆ । ਇਸ ਦੌਰਾਨ ਵੱਖ ਵੱਖ ਅਦਾਰਿਆਂ ਦੇ ਅਧਿਆਪਕਾਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ । ਜਿਸ ਵਿੱਚ ਗਿੱਧਾ, ਭੰਗੜਾ ਅਤੇ ਤੰਬੋਲਾ ਤੋਂ ਇਲਾਵਾ ਹੋਰ ਵੀ ਕਈ ਪ੍ਰਕਾਰ ਦੀਆਂ ਗੇਮਜ਼ ਅਧਿਆਪਕਾਂ ਦਰਮਿਆਨ ਕਰਵਾਈਆਂ ਗਈਆਂ । ਇਸ ਤੋਂ ਪਹਿਲਾਂ ਦੌਰਾਨ ਭਾਰਤ ਦੇ ਦੂਜੇ ਰਾਸ਼ਟਰਪਤੀ ਡਾਕਟਰ ਸਰਬਪੱਲੀ ਰਾਧਾ ਕ੍ਰਿਸ਼ਨਨ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਗੁਰਪ੍ਰੀਤ ਕੌਰ ਨੇ ਸਮੂਹ ਸਟਾਫ਼ ਮੈਂਬਰਾਂ ਨੂੰ ਅਧਿਆਪਕ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ । ਇਸ ਮੌਕੇ ਪ੍ਰਿੰਸੀਪਲ ਰੇਨੂੰ ਅਰੋੜਾ, ਪ੍ਰਿੰਸੀਪਲ ਨਿਧੀ ਸੰਗੋਤਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਅਕ ਅਦਾਰਿਆਂ ਦੇ ਸਟਾਫ ਮੈਂਬਰ ਸ਼ਾਮਲ ਸਨ।

# ਸੂਬੇ ਨੂੰ ਸਿੱਖਿਆ ਦੇ ਖੇਤਰ 'ਚ ਮੋਹਰੀ ਸੂਬਾ ਬਣਾਉਣ ਲਈ ਸਰਕਾਰ ਪ੍ਰਤੀਬੱਧ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰ ਨਰਿੰਦਰ ਮੋਦੀ ਦੇ ਭਾਰਤ ਨੂੰ ਸਾਲ 2047 ਤੱਕ ਵਿਕਸਿਤ ਰਾਸ਼ਟਰ ਬਨਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸੂਬੇ ਵਿੱਚ ਸਿਖਿਆ ਵਿਵਸਥਾ ਨੂੰ ਮਜਬੂਤ ਕੀਤਾ ਗਿਆ ਹੈ। ਸੂਬਾ ਸਰਕਾਰ ਹਰਿਆਣਾ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਨਾਉਣ ਲਈ ਪ੍ਰਤੀਬੱਧ ਹੈ। ਨਵੀਂ ਰਾਸ਼ਟਰੀ ਸਿਖਿਆ ਨੀਤੀ ਨੂੰ ਸੂਬੇ ਵਿੱਚ ਸਾਲ 2025 ਤੱਕ ਪੂਰੀ ਤਰ੍ਹਾ ਲਾਗੂ ਕਰਨ ਦਾ ਟੀਚਾ ਰੱਖਿਆ ਗਿਆ ਹੈ। ਸਰਕਾਰ ਵੱਲੋਂ ਸੂਬੇ ਵਿੱਚ ਨਵੀਂ 10 ਆਈ ਐਮ ਟੀ ਸਥਾਪਿਤ ਕੀਤੀਆਂ ਜਾਣਗੀਆਂ, ਜਿਨ੍ਹਾਂ ਤੋਂ ਸੂਬੇ ਦੇ ਲੱਖਾਂ ਨੌਜੁਆਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ। ਸਰਕਾਰ ਵੱਲੋਂ ਪਿਛਲੇ ਸਾਢੇ ਦੱਸ ਸਾਲ ਦੌਰਾਨ ਬਿਨ੍ਹਾ ਪਰਚੀ-ਬਿਨ੍ਹਾ ਖਰਚੀ ਦੇ ਇੱਕ ਲੱਖ 80 ਹਜਾਰ ਨੌਜਵਾਨਾਂ ਨੂੰ ਮੈਰਿਟ ਆਧਾਰ 'ਤੇ ਸਰਕਾਰੀ ਰੋਜ਼ਗਾਰ ਦਿੱਤਾ ਗਿਆ ਹੈ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਸਥਾਨਕ ਸੈਣੀ ਵਿਦਿਅਕ ਸੰਸਥਾ ਦੇ 75ਵੇਂ ਸਥਾਪਨਾ ਸਾਲ ਮੌਕੇ 'ਤੇ ਆਯੋਜਿਤ ਪ੍ਰੋਗਰਾਮ ਵਿੱਚ ਮੌਜੂਦ ਲੋਕਾਂ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਿਤ ਕਰ ਰਹੇ ਸਨ।

# ਰੋਟਰੀ ਕਲੱਬ ਜਲੰਧਰ ਸੈਂਟਰਲ ਤੇ ਰੋਟਰੀ ਕਲੱਬ ਹੈਲਪਿੰਗ ਹੈਂਡ ਨੇ ਮੈਡੀਕਲ ਕੈਂਪ ਲਗਾਇਆ

**ਜਲੰਧਰ (ਰਾਜੇਸ਼ ਥਾਪਾ)**- ਹੜ੍ਹ ਰਾਹਤ ਕਾਰਜਾਂ ਲਈ ਪਿੰਡ ਗਹੀਰ (ਗਹੀਰਾਂ) ਵਿਖੇ ਰੋਟਰੀ ਕਲੱਬ ਜਲੰਧਰ ਸੈਂਟਰਲ ਅਤੇ ਰੋਟਰੀ ਕਲੱਬ ਹੈਲਪਿੰਗ ਹੈਂਡ ਜਲੰਧਰ ਵੱਲੋਂ ਸਾਂਝੇ ਰੂਪ ਵਿੱਚ ਮੈਡੀਕਲ ਕੈਂਪ ਲਾਇਆ ਗਿਆ ਜਿਸ ਵਿੱਚ ਲਗਭਗ 230 ਤੋਂ ਵੱਧ ਲੋਕਾਂ ਨੂੰ ਡਾਕਟਰ ਹਰਿੰਦਰ ਕੌਰ ਅਤੇ ਡਾਕਟਰ ਮਨਦੀਪ ਸਿੰਘ ਨੇ ਚੈੱਕ ਕਰਕੇ ਜ਼ਰੂਰੀ ਦਵਾਈਆਂ ਦਿੱਤੀਆਂ ਕਾਫ਼ੀ ਮਰੀਜ਼ਾਂ ਦੀ ਫੀਜੀਓਥਰੈਪੀ ਵੀ ਕੀਤੀ, ਮਲਮ ਪੱਟੀ ਵੀ ਕੀਤੀ ਗਈ। ਬੱਚਿਆਂ ਲਈ ਮੈਡੀਕਲ ਸਹਾਇਤਾ ਤੋਂ ਇਲਾਵਾ ਖਾਣ ਪੀਣ ਵਾਲੀਆਂ ਵਸਤਾਂ ਦਾ ਵੀ ਪ੍ਰਬੰਧ ਕੀਤਾ ਗਿਆ। ਇਸ ਮੌਕੇ ਕਲੱਬ ਦੇ ਬਹੁਤ ਸਾਰੇ ਮੈਂਬਰਾਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਸਰਦਾਰ ਗੁਰਮੀਤ ਸਿੰਘ ਬਸਰਾ, ਅਮਿਤ ਦੁਰੇਜਾ, ਦੀਪਕ ਸੂਰੀ, ਮਨਿੰਦਰ ਸਿੰਘ, ਇੰਦਰਜੀਤ ਸਿੰਘ ਹੀਰ ਪਿੰਡ ਦੇ ਸਰਪੰਚ ਧਰਮ ਪਾਲ ਤੇ ਮਹਿੰਦਰ ਸਿੰਘ ਗਹੀਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਇੰਦਰਜੀਤ ਸਿੰਘ ਹੀਰ ਵੱਲੋਂ ਪੰਜ ਹਜ਼ਾਰ ਬਾਬਾ ਧੰਨਾ ਸਿੰਘ ਜੀ ਨਾਨਕ ਸਰ ਬੜੂੰਦੀ ਵਾਲੇਇਆ ਵਲੋਂ ਵੀਹ ਹਜ਼ਾਰ ਅਤੇ ਹੋਰ ਪਤਵੰਤੇ ਸੱਜਣਾਂ ਵੱਲੋਂ ਕਲੱਬ ਦੀ ਮਾਇਕ ਸਹਾਇਤਾ ਕੀਤੀ ਗਈ ਕੁਲਵੰਤ ਸਿੰਘ ਅਰੋੜਾ ਪ੍ਰਧਾਨ ਰੋਟਰੀ ਕਲੱਬ ਜਲੰਧਰ ਸੈਂਟਰਲ ਵੱਲੋਂ ਡਾਕਟਰ ਹਰਿੰਦਰ ਕੌਰ ਅਤੇ ਡਾਕਟਰ ਮਨਦੀਪ ਸਿੰਘ ਹਾਜ਼ਰ ਕਲੱਬ ਮੈਂਬਰਾਂ ਪਿੰਡ ਵਾਸੀਆਂ ਤੇ ਸਰਪੰਚ ਸਾਹਿਬਾਨ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਦਾ ਧੰਨਵਾਦ ਕਰਦਿਆਂ ਅੱਗੇ ਤੋਂ ਵੀ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।



# ਐੱਚ ਆਈ ਵੀ ਜਾਗਰੂਕਤਾ 'ਤੇ ਸਹੁੰ ਚੁੱਕ ਸਮਾਗਮ ਕਰਵਾਇਆ



**ਸੁਲਤਾਨਪੁਰ ਲੋਧੀ (ਹਨੀ)**- ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਕਾਲਜ ਦੇ ਰੈਡ ਰਿਬਨ ਕਲੱਬ ਅਤੇ ਐਨ ਐਸ ਐਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਐਚ ਆਈ ਵੀ ( ਏਡਜ਼ ) ਜਾਗਰੂਕਤਾ ਤੇ ਸਹੁੰ ਚੁੱਕ ਸਮਾਗਮ ਕਰਾਇਆ ਗਿਆ, ਜਿਸ ਦਾ ਮੁੱਖ ਉਦੇਸ਼ ਐਚ.ਆਈ.ਵੀ ( ਏਡਜ਼ ) ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਇੱਕ ਸਹਾਇਕ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਲਈ ਸਾਡੀ ਸਮੂਹਿਕ ਵਚਨਬੱਧਤਾ 'ਤੇ ਜ਼ੋਰ ਦੇਣਾ ਰਿਹਾ । ਇਸ ਮੌਕੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਦੁਆਰਾ ਸੁੰਹ ਚੁੱਕੀ ਅਤੇ ਪ੍ਰਣ ਕੀਤਾ ਕਿ ਐਚ.ਆਈ.ਵੀ ( ਏਡਜ਼ ) ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਕੇ, ਉਸ ਗਿਆਨ ਨੂੰ ਦੂਜਿਆਂ ਨਾਲ ਸਾਂਝਾ ਕਰਨਗੇ, ਤਾਂ ਜੋ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਇਹ ਸਮਾਗਮ ਐਨ ਐਸ ਐਸ ਵਿਭਾਗ ਦੇ ਮੁਖੀ ਸੁਨੀਤਾ ਕਲੇਰ ਦੀ ਦੇਖ ਰੇਖ ਵਿਚ ਕਰਵਾਇਆ ਗਿਆ । ਇਸ ਮੌਕੇ ਤੇ ਹਰਲੀਨ ਕੌਰ, ਸੋਨਮਪ੍ਰੀਤ ਕੌਰ, ਰਾਜਵਿੰਦਰ ਕੌਰ, ਸਲਵਿੰਦਰਜੀਤ ਕੌਰ ਆਦਿ ਸਟਾਫ ਮੈਂਬਰ ਹਾਜ਼ਰ ਸਨ ।

# ਹਾਈਵੇ 'ਤੇ ਲਗਾਈਆਂ ਲਾਈਟਾਂ ਦੀ ਬੱਤੀ ਪਿਛਲੇ ਚਾਰ ਦਿਨਾਂ ਤੋਂ ਗੁੱਲ

**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਚੰਡੀਗੜ੍ਹ ਨੈਸ਼ਨਲ ਹਾਈਵੇ ਤੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਲਗਾਈਆਂ ਲਾਈਟਾਂ ਦੀ ਬੱਤੀ ਪਿਛਲੇ ਚਾਰ ਪੰਜ ਦਿਨਾਂ ਤੋਂ ਗੁੱਲ ਹੋਈ ਪਈ ਹੈ। ਜਿਸਦੇ ਕਾਰਨ ਸ਼ਾਮ ਦੇ ਸਮੇਂ ਦਿਨ ਢਲਦੇ ਹੀ ਹਾਈਵੇ ਤੇ ਘੁੱਪ ਹਨੇਰਾ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਸ ਦੇ ਕਾਰਨ ਸੜਕ ਤੇ ਚੱਲਣ ਵਾਲੇ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਹਰ ਵੇਲੇ ਹਾਦਸਾ ਹੋਣ ਦਾ ਖਦਸ਼ਾ ਵੀ ਬਣਿਆ ਰਹਿੰਦਾ ਹੈ। ਪਿਛਲੇ ਦਿਨੀ ਗੜੀ ਨੈਸ਼ਨਲ ਹਾਈਵੇ ਤੇ ਵੀ ਸਟਰੀਟ ਲਾਈਟਾਂ ਬੰਦ ਹੋਣ ਕਰਕੇ ਅਵਾਰਾ ਪਸ਼ੂ ਲੋਕਾਂ ਦੀਆਂ ਕਾਰਾਂ ਦੇ ਨਾਲ ਟਕਰਾ ਰਹੇ ਹਨ ਜਿਸ ਦੇ ਨਾਲ ਕੋਈ ਵੀ ਕੋਈ ਵੱਡਾ ਹਾਦਸਾ ਕਿਸੇ ਵੀ ਟਾਈਮ ਹੋ ਸਕਦਾ ਹੈ। ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਤੇ ਸਬੰਧਿਤ ਵਿਭਾਗ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਨ੍ਹਾਂ ਬੰਦ ਪਈਆਂ ਲਾਈਟਾਂ ਨੂੰ ਪਹਿਲ ਦੇ ਅਧਾਰ ਤੇ ਚਾਲੂ ਕੀਤਾ ਜਾਵੇ।ਇਸ ਸਬੰਧੀ ਜਦੋਂ ਨੈਸ਼ਨਲ ਹਾਈਵੇ ਦੇ ਇੰਜੀਨੀਅਰ ਅਭਿਸ਼ੇਕ ਗੋਇਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਸ ਸੰਬੰਧੀ ਪਾਵਰਕਾਮ ਵਿਭਾਗ ਦੇ ਕਰਮਚਾਰੀਆਂ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ ਅਤੇ ਛੇਤੀ ਹੀ ਲਾਈਟਾਂ ਚਾਲੂ ਕਰਵਾ ਦਿੱਤੀਆਂ ਜਾਣਗੀਆਂ।



# 5 ਸਾਲਾ ਬੱਚੇ ਦੇ ਕਤਲ ਦੇ ਰੋਸ ਵਜੋਂ ਸ਼ਿਵ ਸੈਨਾ ਹਿੰਦੁਸਤਾਨ ਨੇ ਕੱਢਿਆ ਕੈਂਡਲ ਮਾਰਚ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਬੀਤੇ ਦਿਨੀ ਹੁਸ਼ਿਆਰਪੁਰ ਵਿਖੇ ਇੱਕ ਪ੍ਰਵਾਸੀ ਵੱਲੋਂ ਪੰਜ ਸਾਲਾ ਬੱਚੇ ਨਾਲ ਕੁਕਰਮ ਕਰਨ ਤੋਂ ਬਾਅਦ ਉਸ ਦੀ ਬੇਰਹਿਮੀ ਨਾਲ ਹੱਤਿਆ ਕਰਨ ਦੇ ਰੋਸ ਵਜੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਯੁਵਾ ਪੰਜਾਬ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਟਾਂਡਾ ਵਿਖੇ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਕੈਂਡਲ ਮਾਰਚ ਕੱਢਿਆ ਗਿਆ।ਇਸ ਮੌਕੇ ਤੇ ਜ਼ਿਲਾ ਚੇਅਰਮੈਨ ਵਿਵੇਕ ਵਿਜ਼ਨ, ਦੋਆਬਾ ਯੂਥ ਪ੍ਰਧਾਨ ਪ੍ਰਸ਼ਾਂਤ ਪੰਡਿਤ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲਾ ਯੂਥ ਪ੍ਰਧਾਨ ਪੁਨੀਤ ਢੀਂਗਰਾ, ਜ਼ਿਲਾ ਸਕੱਤਰ ਪੰਡਿਤ ਮਿਥਲੇਸ਼ ਗਰਗ, ਜ਼ਿਲਾ ਵਾਈਸ ਚੇਅਰਮੈਨ ਸੰਜੀਵ ਖੰਨਾ, ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ, ਸੀਨੀਅਰ ਸਿਟੀ ਪ੍ਰਧਾਨ ਰਾਜੀਵ ਖੰਨਾ, ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ, ਸਿਟੀ ਯੂਥ ਚੇਅਰਮੈਨ ਮਨਜੋਤ ਸਿੰਘ, ਬਲਾਕ ਪ੍ਰਧਾਨ ਗੌਰਵ ਬੇਦੀ, ਯੁਵਾ ਨੇਤਾ ਸ਼ੈਰੀ ਥਾਪਰ, ਸਿਟੀ ਯੂਥ ਵਾਈਸ ਚੇਅਰਮੈਨ ਬਬਲੂ ਕੁਮਾਰ ਤੇ ਦੁਸਹਿਰਾ ਕਮੇਟੀ ਪ੍ਰਧਾਨ ਸ਼ੁਭਮ ਨੇ 2 ਮਿੰਟ ਦਾ ਮੋਨ ਧਾਰਨ ਕਰਕੇ ਬੱਚੇ ਦੀ ਆਤਮਿਕ ਸ਼ਾਂਤੀ ਲਈ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ 5 ਸਾਲਾਂ ਬੱਚੇ ਦਾ ਕਤਲ ਕਰਨ ਵਾਲੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਤਾਂ ਜੋ ਅਜਿਹੇ ਦੋਸ਼ੀਆਂ ਦੇ ਮਨਾਂ ਵਿੱਚ ਦਹਿਸ਼ਤ ਪੈਦਾ ਹੋ ਸਕੇ। ਇਸ ਮੌਕੇ ਤੇ ਗਗਨਦੀਪ, ਨਿੰਦਰ, ਨਿੱਕਾ, ਲਵਲੀ, ਦੀਪਕ, ਸੁਨੀਲ, ਸੁਦੇਸ਼ ਕੁਮਾਰ, ਸੰਦੀਪ, ਬੋਬੀ ਸ਼ਾਹਪੁਰ, ਆਕਾਸ਼, ਨਿਤਿਨ, ਰੋਹਿਤ, ਬੋਬੀ ਸਟੂਡੀਓ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਆਯੁਰਵੈਦਿਕ ਦਵਾਈਆਂ ਦਿੱਤੀਆਂ

**ਜਲੰਧਰ (ਰਾਜੇਸ਼ ਥਾਪਾ)** - ਚੜ੍ਹਦੀ ਕਲਾ ਸਪੋਰਟਸ ਐਂਡ ਯੂਥ ਕਲੱਬ ਦੇ ਸੰਚਾਲਕ ਹਰਵਿੰਦਰ ਕੌਰ ਨੇ ਦੱਸਿਆ ਕਿ ਧੁੱਸੀ ਬੰਨ੍ਹ ਦੀ ਹੱਦ ਅੰਦਰ ਪੈਂਦੇ ਪਿੰਡਾਂ ਵਿੱਚ ਆਯੁਰਵੈਦਿਕ ਦਵਾਈਆਂ ਉਪਲਬਧ ਕਰਵਾਈਆਂ ਗਈਆਂ । ਗੁਰੂਦੁਆਰਾ ਗੁਰਸਰ ਸਾਹਿਬ ਸੈਫਲਾਬਾਦ ਕਪੂਰਥਲਾ ਦੇ ਮੁੱਖ ਸੇਵਾਦਾਰ ਬਾਬਾ ਲੀਡਰ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਸੇਵਾ ਵਿੱਚ ਇਹ ਯੋਗਦਾਨ ਪਾਇਆ ਗਿਆ।ਇਸ ਮੌਕੇ ਤੇ ਵੱਖ ਵੱਖ ਚਮੜੀ ਰੋਗਾਂ, ਅੱਖਾਂ ਦੇ ਰੋਗ, ਜ਼ੁਕਾਮ, ਬੁਖਾਰ ਨੂੰ ਠੀਕ ਕਰਨ ਲਈ ਆਯੁਰਵੈਦਿਕ ਦਵਾਈਆਂ, ਮਲਮਾਂ ਅਤੇ ਸੈਨੇਟਰੀ ਪੈਡ ਆਦਿ ਦੇ ਪੈਕਟ ਬਣਾ ਕੇ ਵੰਡੇ ਗਏ। ਬਾਬਾ ਭੰਡਾਰੀ ਜੀ (ਬਾਬਾ ਕਰਨੈਲ ਸਿੰਘ ਜੀ) ਵਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਇਹ ਦਵਾਈਆਂ ਮੈਡੀਕਲ ਕੈਂਪ ਲਗਾ ਕੇ ਵੰਡੀਆਂ ਗਈਆਂ। ਮਨੁਖਤਾ ਦੀ ਭਲਾਈ ਲਈ ਇਸ ਕੰਮ ਵਿੱਚ ਗਿਆਨ ਸਿੰਘ, ਸਾਬਕਾ ਸਰਪੰਚ ਗੁਰਮੀਤ ਕੌਰ, ਸੁਰਿੰਦਰ ਕੌਰ, ਮਨਜੀਤ ਕੌਰ (ਬੰਡਾਲਾ), ਅਮਰਪ੍ਰੀਤ ਕੌਰ, ਇੰਦਰਜੀਤ ਸਿੰਘ, ਹਰਪ੍ਰੀਤ ਕੌਰ, ਅਨੀਤਾ ਦੇਵੀ ਨੇ ਕਿਰਨ ਬਾਵਾ ਨੇ ਸੇਵਾ ਨਿਭਾਈ। ਕਲੱਬ ਦੀ ਸੰਚਾਲਕ ਹਰਵਿੰਦਰ ਕੌਰ ਨੇ ਕਿਹਾ ਕਿ ਇਸ ਕਲੱਬ ਦੇ ਮੈਂਬਰਾ ਤੰਨ ਮੰਨ ਅਤੇ ਧੰਨ ਨਾਲ ਇਸ ਕਰਾਜ ਵਿੱਚ ਪੰਜਾਬੀਆ ਦੇ ਨਾਲ ਖੜੇ ਹਨ।ਜਿੱਥੇ ਵੀ ਜ਼ਰੂਰਤ ਹੋਵੇਗੀ ਆਯੁਰਵੈਦਿਕ ਦਵਾਈਆਂ ਪਹੁੰਚਾਉਣ ਦੇ ਯਤਨ ਕੀਤੇ ਜਾਣਗੇ।

